# ਸਾਹਿਤਕ-ਕਿਰਨਾਂ-1

## ਨੌਵੀਂ ਜਮਾਤ ਲਈ

ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ
ਪ੍ਰੀਤ ਵਿਹਾਰ, ਦਿੱਲੀ-110092

**SAHITAK KIRNA-1** (For Class IX)

ਪਹਿਲੀ ਵਾਰ - 2015

ਮੁੱਲ : 00/- ਰੁਪਏ

ਧੰਨਵਾਦ
ਅਸੀਂ ਉਹਨਾਂ ਸਾਰੇ ਲੇਖਕਾਂ ਦੇ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਆਪਣੀਆਂ ਰਚਨਾਵਾਂ ਇਸ ਪੁਸਤਕ ਵਿੱਚ ਸ਼ਾਮਲ ਕਰਨ ਲਈ ਆਗਿਆ ਦਿੱਤੀ।

© ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ, ਦਿੱਲੀ-110092

ਪ੍ਰਕਾਸ਼ਕ
?
ਸੈਕਰੇਟਰੀ, ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ, ਦਿੱਲੀ-110092

This book or part there of may not be reproduced by any person of agency in any manner.

Printed at :

# ਮੁੱਖ ਸ਼ਬਦ

ਪੁਸਤਕ 'ਸਾਹਿਤਕ ਕਿਰਨਾਂ' ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ ਦੇ ਉੱਦਮ ਨਾਲ, ਸੀਨੀਅਰ ਸੈਕੰਡਰੀ ਜਮਾਤ ਦੇ ਵਿਦਿਆਰਥੀਆਂ ਦੇ ਪਾਠ-ਕ੍ਰਮ ਲਈ ਤਿਆਰ ਕਰਵਾਈ ਗਈ ਹੈ। ਇਸ ਪੁਸਤਕ ਦਾ ਮੁੱਖ ਮਕਸਦ ਵਰਤਮਾਨ ਪਰਿਪੇਖ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਵਿਦਿਆਰਥੀਆਂ ਨੂੰ ਜੀਵਨ ਤੇ ਸਮਾਜ ਦੇ ਬਦਲਦੇ ਯਥਾਰਥ ਤੋਂ ਜਾਣੂ ਕਰਵਾਉਣਾ ਹੈ। ਅਜੋਕੇ ਸਮਾਜ ਵਿੱਚ ਬੜੀ ਤੇਜ਼ੀ ਨਾਲ ਤਬਦੀਲੀਆਂ ਵਾਪਰ ਰਹੀਆਂ ਹਨ। ਇਸ ਲਈ ਇਸ ਪੁਸਤਕ ਵਿੱਚ ਪੰਜਾਬੀ ਕਵੀਆਂ ਦੇ ਨਾਲ-ਨਾਲ ਵਾਰਤਕਕਾਰਾਂ ਦੀਆਂ ਪ੍ਰਤੀਨਿਧ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚ ਪੰਜਾਬੀ ਸਮਾਜ-ਸੱਭਿਆਚਾਰ ਦੀ ਹੂ-ਬ-ਹੂ ਤਸਵੀਰ ਉਭਰਦੀ ਹੈ। ਪੰਜਾਬੀ ਦੁਨੀਆਂ ਭਰ ਵਿੱਚ ਫੈਲੇ ਹੋਏ ਹਨ। ਉਹ ਆਪਣੇ ਨਜ਼ਰੀਏ ਤੋਂ ਬਦਲਦੇ ਪੰਜਾਬੀ ਵਰਤਾਰੇ ਨੂੰ ਨਿਹਾਰ ਕੇ ਸਾਹਿਤ ਰਚ ਰਹੇ ਹਨ। ਇਸ ਪੁਸਤਕ ਦੇ ਵਿਸ਼ੇ ਵੰਨ-ਸੁਵੰਨਤਾ ਭਰਪੂਰ ਹਨ। ਇਨ੍ਹਾਂ ਵਿੱਚ ਅਧਿਆਤਮ, ਦੇਸ਼-ਭਗਤੀ, ਮਾਂ-ਬੋਲੀ, ਸੱਭਿਆਚਾਰ, ਹਾਸ-ਰਸ, ਪ੍ਰਕਿਰਤੀ, ਖੇਡਾਂ, ਵਿਗਿਆਨ ਆਦਿ ਵਿਸ਼ਿਆਂ ਨੂੰ ਸ਼ਿੱਦਤ ਨਾਲ ਪੇਸ਼ ਕੀਤਾ ਗਿਆ ਹੈ। ਸਾਡੀ ਪੁਰਜ਼ੋਰ ਕੋਸ਼ਿਸ਼ ਰਹੀ ਹੈ ਕਿ ਅਸੀਂ ਗਿਆਨ ਤੇ ਮਨੋਰੰਜਨ ਭਰਪੂਰ ਸਾਮੱਗਰੀ ਆਪਣੇ ਵਿਦਿਆਰਥੀਆਂ ਨੂੰ ਪਰੋਸੀਏ। ਇਸ ਲਈ ਅਜਿਹਾ ਕੰਮ ਇੱਕ ਟੀਮ ਬਿਨਾ ਨਹੀਂ ਹੋ ਸਕਦਾ। ਖ਼ੁਸ਼ਕਿਸਮਤੀ ਨਾਲ ਮੇਰੀ ਪੂਰੀ ਟੀਮ ਹੀ ਬਹੁਤ ਮਿਹਨਤੀ ਹੈ। ਇਸ ਨੇ ਦਿਨ-ਰਾਤ ਇੱਕ ਕਰਕੇ ਇਸ ਅਕਾਦਮਿਕ ਕੰਮ ਨੂੰ ਸਿਰੇ ਚੜ੍ਹਾਇਆ ਹੈ। ਇਸ ਸੰਗ੍ਰਹਿ ਨੂੰ ਹਰ ਤਰ੍ਹਾਂ ਨਾਲ ਪ੍ਰਤੀਨਿਧ ਬਨਾਉਣ ਲਈ ਜਿਨ੍ਹਾਂ ਬੁੱਧੀਜੀਵੀਆਂ ਨੇ ਸਹਿਯੋਗ ਦਿੱਤਾ ਹੈ, ਮੈਂ ਉਨ੍ਹਾਂ ਦੀ ਧੰਨਵਾਦੀ ਹਾਂ।

ਮੈਂ ਉਨ੍ਹਾਂ ਸਾਰੇ ਪੰਜਾਬੀ ਮਾਹਿਰਾਂ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਇਸ ਪੁਸਤਕ ਨੂੰ ਤਿਆਰ ਕਰਨ ਵਿੱਚ ਯੋਗਦਾਨ ਪਾਇਆ ਹੈ। ਮੈਂ ਡਾ. ਸਾਧਨਾ ਪਰਾਸ਼ਰ, ਪ੍ਰਮੁੱਖ (ਅਕਾਦਮਿਕ ਸਿਖਲਾਈ, ਨਵੀਂ ਕਾਢ ਤੇ ਖੋਜ, ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ, ਦਿੱਲੀ) ਅਤੇ ਸ੍ਰੀ ਅਲ ਹਿਲਾਲ ਅਹਿਮਦ, ਜੁਆਇੰਟ ਡਾਇਰੈਕਟਰ (ਭਾਸ਼ਾਵਾਂ), ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ, ਦਿੱਲੀ ਦੀ ਧੰਨਵਾਦੀ ਹਾਂ, ਜਿਨ੍ਹਾਂ ਦੀ ਪ੍ਰੇਰਨਾ ਅਤੇ ਸਹੀ ਨਿਰਦੇਸ਼ਨ ਨਾਲ ਅਸੀਂ ਇਸ ਪੁਸਤਕ ਨੂੰ ਤਿਆਰ ਕਰਨ ਵਿੱਚ ਸਫਲ ਹੋਏ ਹਾਂ। ਮੈਨੂੰ ਭਰੋਸਾ ਹੈ ਕਿ ਇਸ ਭਾਸ਼ਾ ਨੂੰ ਪੜ੍ਹਨ ਵਾਲਿਆਂ ਨੂੰ ਇਸ ਦਾ ਭਰਪੂਰ ਲਾਭ ਹੋਵੇਗਾ।

ਪੁਸਤਕ ਦੇ ਸੁਧਾਰ ਵਾਸਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਸੁਝਾਵਾਂ ਤੇ ਪ੍ਰਤੀਕ੍ਰਿਆਵਾਂ ਦਾ ਸੁਆਗਤ ਹੈ।

**ਡਾ. ਸਤਬੀਰ ਬੇਦੀ**

(ਚੇਅਰਪਰਸਨ)

## ਸਾਹਿਤਕ ਕਿਰਨਾਂ-1

### ਸੀ.ਬੀ.ਐੱਸ.ਈ. ਸਲਾਹਕਾਰ ਕਮੇਟੀ :

**ਡਾ. ਸਤਬੀਰ ਬੇਦੀ**
*ਚੇਅਰਪਰਸਨ, ਸੀ.ਬੀ.ਐੱਸ.ਈ., ਦਿੱਲੀ*

**ਡਾ. ਸਾਧਨਾ ਪ੍ਰਾਸ਼ਰ**
*ਡਾਇਰੈਕਟਰ (ਅਕਾਦਮਿਕ), ਸਿਖਲਾਈ, ਨਵੀਂ ਕਾਢ ਤੇ ਖੋਜ, ਸੀ.ਬੀ.ਐੱਸ.ਈ., ਦਿੱਲੀ*

### ਸੰਪਾਦਕੀ ਮੰਡਲ :

**ਡਾ. ਪ੍ਰਿਥਵੀ ਰਾਜ ਥਾਪਰ** — ਅਸਿਸਟੈਂਟ ਪ੍ਰੋਫੈਸਰ, ਦਿਆਲ ਸਿੰਘ (ਈ.) ਕਾਲਜ, ਲੋਧੀ ਰੋਡ, ਨਵੀਂ ਦਿੱਲੀ

**ਤੇਜਿੰਦਰ ਕੌਰ** — ਟੀ.ਜੀ.ਟੀ., ਸਰਵੋਦਿਆ ਕੰਨਿਆ ਵਿਦਿਆਲਾ, ਹਰੀ ਨਗਰ ਆਸ਼ਰਮ, ਨਵੀਂ ਦਿੱਲੀ

**ਮਹਿੰਦਰਪਾਲ ਮੁੰਜਾਲ** — ਟੀ.ਜੀ.ਟੀ., ਗੌਰਮਿੰਟ ਕੋ. ਐਜੁਕੇਸ਼ਨ ਸੀਨੀਅਰ ਸੈਕੰਡਰੀ ਸਕੂਲ, ਸੈਕਟਰ-6 ਦੁਆਰਕਾ, ਨਵੀਂ ਦਿੱਲੀ

**ਗੁਰਬਿੰਦਰ ਕੌਰ ਪ੍ਰਿੰਸੀਪਲ** — ਚੌਧਰੀ ਬਲਦੇਵ ਸਿੰਘ ਮਾਡਲ ਸਕੂਲ, ਕਿਰਾੜੀ, ਦਿੱਲੀ

**ਹਰਜੀਤ ਕੌਰ** — ਪੀ.ਜੀ.ਟੀ., ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਗਰਲਜ਼ ਸੀਨੀਅਰ ਸੈਕੰਡਰੀ, ਸਕੂਲ, ਦੇਵ ਨਗਰ, ਨਵੀਂ ਦਿੱਲੀ

### ਖਰੜਾ ਰੀਵਿਊਕਾਰ :

**ਡਾ. ਸੁਦਰਸ਼ਨ ਗਾਸੋ —** ਨੈਸ਼ਨਲ ਗਾਂਧੀ ਮੈਮੋਰੀਅਲ ਕਾਲਜ, ਅੰਬਾਲਾ ਕੈਂਟ, ਹਰਿਆਣਾ

**ਪ੍ਰਕਾਸ਼ ਸਿੰਘ ਗਿੱਲ** — ਪੀ.ਜੀ.ਟੀ., ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਲੋਨੀ ਰੋਡ, ਸ਼ਾਹਦਰਾ, ਦਿੱਲੀ

**ਹਰਵਿੰਦਰ ਕੌਰ** — ਪੀ.ਜੀ.ਟੀ., ਸਰਦਾਰਨੀ ਸਦਾ ਕੌਰ ਖਾਲਸਾ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਦਰੀਆ ਗੰਜ, ਨਵੀਂ ਦਿੱਲੀ

**ਜਗਜੀਤ ਸਿੰਘ** — ਟੀ.ਜੀ.ਟੀ., ਸਰਵੋਦਿਆ ਬਾਲ ਵਿਦਿਆਲਾ, ਮਾਦੀ ਪੁਰ, ਨਵੀਂ ਦਿੱਲੀ

### ਪ੍ਰਾਜੈਕਟ-ਅਫ਼ਸਰ :

**ਸ੍ਰੀ ਅਲ ਹਿਲਾਲ ਅਹਿਮਦ** — ਜੁਆਇੰਟ ਡਾਇਰੈਕਟਰ (ਭਾਸ਼ਾਵਾਂ), ਸੀ.ਬੀ.ਐੱਸ.ਈ., ਦਿੱਲੀ

# भारत का संविधान

## उद्देशिका

हम भारत के लोग, भारत को एक[1] (सम्पूर्ण प्रभुत्व-संपन्न समाजवादी पंथनिरपेक्ष लोकतंत्रात्मक गणराज्य) बनाने के लिए, तथा उसके समस्त नागरिकों को :

सामाजिक, आर्थिक और राजनैतिक न्याय,
विचार, अभिव्यक्ति, विश्वास, धर्म
और उपासना की स्वतंत्रता,
प्रतिष्ठा और अवसर की समता
प्राप्त करने के लिए,
तथा उन सब में
व्यक्ति की गरिमा और[2] (राष्ट्र की एकता
और अखण्डता) सुनिश्चित करने वाली बंधुता बढ़ाने के लिए

दृढ़संकल्प होकर अपनी इस संविधान सभा में आज तारीख 26 नवम्बर, 1949 ई0 को एतद्द्वारा इस संविधान को अंगीकृत, अधिनियमित और आत्मार्पित करते हैं।

1. संविधान (ब्यालीसवां संशोधन) अधिनियम, 1976 की धारा 2 द्वारा (3.1.1977 से) ''प्रभुत्व-संपन्न लोकतंत्रात्मक गणराज्य'' के स्थान पर प्रतिस्थापित।
2. संविधान (ब्यालीसवां संशोधन) अधिनियम, 1976 की धारा 2 द्वारा (3.1.1977 से) ''राष्ट्र की एकता'' के स्थान पर प्रतिस्थापित।

---

### भाग 4 क

## मूल कर्त्तव्य

**51 क. मूल कर्त्तव्य--भारत के प्रत्येक नागरिक का यह कर्त्तव्य होगा कि वह--**

(क) संविधान का पालन करे और उसके आदर्शों, संस्थाओं, राष्ट्र ध्वज और राष्ट्र गान का आदर करे,
(ख) स्वतंत्रता के लिए हमारे राष्ट्रीय आंदोलन को प्रेरित करने वाले उच्च आदर्शों को हृदय में संजोए रखें और उनका पालन करें,
(ग) भारत की प्रभुता, एकता और अखंडता की रक्षा करें और उसे अक्षुण्ण रखें,
(घ) देश की रक्षा करें और आह्वान किए जाने पर राष्ट्र की सेवा करें,
(ङ) भारत के सभी लोगों में समरसता और समान भ्रातृत्व की भावना का निर्माण करे जो धर्म, भाषा और प्रदेश या वर्ग पर आधारित सभी भेदभाव से परे हों, ऐसी प्रथाओं का त्याग करे जो स्त्रियों के सम्मान के विरूद्ध हैं,
(च) हमारी सामासिक संस्कृति की गौरवशाली परंपरा का महत्व समझे और उसका परीक्षण करे;
(छ) प्राकृतिक पर्यावरण की जिसके अंतर्गत वन, झील, नदी और वन्य जीवन हैं, रक्षा करें और उसका संवर्धन करें तथा प्राणी मात्र के प्रति दया भाव रखें
(ज) वैज्ञानिक दृष्टिकोण, मानववाद, और ज्ञानार्जन तथा सुधार की भावना का विकास करें,
(झ) सार्वजनिक संपत्ति को सुरक्षित रखें और हिंसा से दूर रहें,
(ञ) व्यक्तिगत और सामूहिक गतिविधियों से सभी क्षेत्रों में उत्कर्ष की ओर बढ़ने का सतत् प्रयास करें जिससे राष्ट्र निरंतर बढ़ते हुए प्रयत्न और उपलब्धि की नई ऊचाईयों को छू ले;
(ट) यदि माता-पिता या सरंक्षक है, छह वर्ष से चौदह वर्ष तक की आयु वाले अपने, यथास्थिति, बालक या प्रतिपाल्य के लिये शिक्षा के अवसर प्रदान करे।

1. संविधान (छयासीवां संशोधन) अधिनियम, 2002 की धारा 4 द्वारा (12.12.2002) से अंतः स्थापित।

# THE CONSTITUTION OF INDIA

## PREAMBLE

WE, THE POEPLE OF INDIA, having solemnly resolved to constitute India into a[1] (SOVEREIGN SOCIALIST SECULAR DEMOCRATIC REPUBLIC) and to secure to all its citizenes :

JUSTICE, social economic and political;

LIBERTY of thought, experssion, belief, **faith and worship**;

EQUALITY of status and of opportunity; **and to promote among them all**

FRATERNITY assuring the dignity of the individual and the[2] [unity and integrity of the Nation];

IN OUR CONSTITUENT ASSEMBLY this twenty-sixty day of November, 1949, do HEREBY ADOPT, ENACT AND GIVE TO OURSELVES THIS CONSTITUTION.

1. Subs by the Consitution (Forty-Second Amendment) Act, 1976, sec. 2, for "Sovereign Democratic Republic (w.e.f. 3.1.1977)
2. Subs by the Consitution (Forty-Second Amendment) Act, 1976, sec. 2, for "unity of the Nation (w.e.f. 3.1.1977)

---

# THE CONSTITUTION OF INDIA

## Chapter IVA

## Fundamental Duties

### ARTICLE 51A

**Fundamental Duties**—It shall be the duty of every citizen of India—

(a) to abide the Consititution and respect its ideals and institutions, the National Flag and the National Anthem ;

(b) to cherish and follow the noble ideals which inspired our national struggle for freedom ;

(c) to uphold and protect the sovereignty, unity and integrity of India;

(d) to defend the country and render national service when called upon to do so;

(e) To promote harmony and the spirit of common brotherhood amongst all the people of India transcending religious, linguistic and regional or sectional diversities ; to renounce practices derogatory to the dignity of women ;

(f) to value and preserve the rich heritage of our composite culture;

(g) to protect and improve the natural environment including forests, lakes, rivers, wild life and to have compassion for living creature ;

(h) to develop the scientific temper, humanism and the spirit of inquiry and reform;

(i) to safeguard public property and to abjure violence;

(j) to strive towards excellence in all shperes of individual and collective activity so that the nation constantly rises to higher levles of endeavour and achievement.

[1](k) Who is a parent or gaurdian to provide apportunities for aducation to his/her child or, as the case may be, ward between age of six and forteen years.

1. Ins. by the constitution (Eighty-Sixth Amendment) Act. 2002 A.4 (w.e.f. 12.12.2002)

# ਤਤਕਰਾ


ਮੁੱਖ ਸ਼ਬਦ : ਡਾ. ਸਤਬੀਰ ਬੇਦੀ 5

1. ਬਾਬਾ ਸ਼ੇਖ਼ ਫ਼ਰੀਦ ਜੀ 13
ਫਰੀਦਾ ਜੇ ਤੂ ਅਕਲਿ ਲਤੀਫ

2. ਗੁਰੂ ਨਾਨਕ ਦੇਵ ਜੀ 17
ਸਿੰਮਲ ਰੁਖੁ ਸਰਾਇਰਾ
ਦੁਖੁ ਦਾਰੂ ਸੁਖੁ ਰੋਗ ਭਇਆ ...

3. ਭਾਈ ਵੀਰ ਸਿੰਘ 22
ਸਮਾਂ
ਟੁਕੜੀ ਜਗ ਤੋਂ ਨਯਾਰੀ

4. ਫ਼ੀਰੋਜ਼ ਦੀਨ ਸ਼ਰਫ਼ 28
ਮੈਂ ਪੰਜਾਬੀ, ਪੰਜਾਬ ਦੇ ਰਹਿਣ ਵਾਲਾ
ਪੰਜਾਬ ਦਾ ਗੀਤ

5. ਸ਼ਿਵ ਕੁਮਾਰ ਬਟਾਲਵੀ 35
ਰੁੱਖ
ਹੰਝੂਆਂ ਦਾ ਭਾੜਾ

6. ਨੰਦ ਲਾਲ ਨੂਰਪੁਰੀ 43
ਨਿਰਧਨ

7. ਚਤਰ ਸਿੰਘ ਬੀਰ 49
ਹੌਂਸਲੇ ਤੋਂ ਕੰਮ ਲਈਏ ...

8. ਤਾਰਾ ਸਿੰਘ ਕਾਮਲ 54
ਸਮਕਾਲੀਆਂ ਨੂੰ

9. ਪ੍ਰਿੰ. ਸਰਵਣ ਸਿੰਘ 59
ਕਬੱਡੀ

10. ਗੁਰਨਾਮ ਸਿੰਘ ਤੀਰ 67
ਮਹਾਤਮਾ ਬੁੱਧ ਦੀਆਂ ਸੂਖਮਤਾਈਆਂ

11. ਕੁਲਬੀਰ ਸਿੰਘ ਕਾਂਗ 73
ਚੱਲ ਮੇਰੀ ਗਠੜੀ ਸ਼ਹਿਰੋ ਸ਼ਹਿਰ !

12. ਡਾ. ਪ੍ਰਿਥਵੀ ਰਾਜ ਥਾਪਰ
ਪੰਜਾਬੀ ਭਾਸ਼ਾ, ਅਨੁਵਾਦ ਅਤੇ ਮੀਡੀਆ 78

13. ਪਿਆਰਾ ਸਿੰਘ ਦਾਤਾ 86
ਗੱਪ ਬਾਜ਼

14. ਸਾਧੂ ਸਿੰਘ ਆਂਚਲ 93
ਸਵੈ-ਰੱਖਿਆ

15. ਹਰਕੇਸ਼ ਸਿੰਘ ਕਹਿਲ 99
ਪੰਜਾਬੀ ਵਿਰਸਾ

16. ਡਾ. ਕੁਲਦੀਪ ਸਿੰਘ ਧੀਰ 104
ਗੋਲੀ ਵਾਂਗ ਚਲਦੀ ਬੁਲੇਟ ਟਰੇਨ

# ਫ਼ਰੀਦਾ ਜੇ ਤੂ ਅਕਲਿ ਲਤੀਫ਼

## ਬਾਬਾ ਫ਼ਰੀਦ

### ਸ਼ਖ਼ਸੀਅਤ ਤੇ ਰਚਨਾ



ਬਾਬਾ ਸ਼ੇਖ਼ ਫ਼ਰੀਦ ਜੀ ਸੂਫ਼ੀ ਕਾਵਿ-ਧਾਰਾ ਦੇ ਮੋਢੀ ਕਵੀ ਹਨ। ਆਪ ਦਾ ਜਨਮ 1173 ਈ. ਨੂੰ ਪਿੰਡ ਖੋਤਵਾਲ, ਜ਼ਿਲ੍ਹਾ ਮੁਲਤਾਨ (ਪਾਕਿਸਤਾਨ) ਵਿੱਚ ਹੋਇਆ। ਆਪ ਜੀ ਦੀ ਮਾਤਾ ਮਰੀਅਮ ਬਹੁਤ ਨੇਕ ਤੇ ਧਾਰਮਿਕ ਵਿਚਾਰਾਂ ਦੀ ਧਾਰਨੀ ਸੀ। ਉਨ੍ਹਾਂ ਨੇ ਅੱਲਾ ਦੀ ਬੰਦਗੀ ਦੀ ਲਗਨ ਆਪ ਨੂੰ ਬਚਪਨ ਵਿੱਚ ਹੀ ਲਗਾ ਦਿੱਤੀ ਸੀ। ਬਚਪਨ ਤੋਂ ਹੀ ਆਪ ਸ਼ਰ੍ਹਾ ਦੇ ਬਹੁਤ ਪਾਬੰਦ ਸਨ। ਅਰਬੀ ਤੇ ਫ਼ਾਰਸੀ ਭਾਸ਼ਾ ਦੇ ਆਪ ਬਹੁਤ ਵੱਡੇ ਵਿਦਵਾਨ ਸਨ। ਆਪ ਬੇਹੱਦ ਸਾਊ ਸੁਭਾਅ ਦੇ ਮਾਲਕ ਅਤੇ ਨਿਮਰਤਾ ਦੀ ਮੂਰਤ ਸਨ। ਖ਼ਵਾਜ਼ਾ ਬਖ਼ਤਿਆਰ ਕਾਕੀ ਜੀ ਆਪ ਦੇ ਮੁਰਸ਼ਦ ਸਨ, ਜਿਨ੍ਹਾਂ ਦੀ ਆਪ ਨੇ ਬਹੁਤ ਪ੍ਰੇਮ ਨਾਲ ਸੇਵਾ ਕੀਤੀ। ਆਪ ਨੇ ਸਾਰੀ ਜ਼ਿੰਦਗੀ ਪਰਮਾਤਮਾ ਦੀ ਭਜਨ ਬੰਦਗੀ ਵਿੱਚ ਲਗਾ ਦਿੱਤੀ। ਆਪ ਆਪਣੇ ਜੀਵਨ ਦੇ ਆਖ਼ਰੀ ਸਮੇਂ ਪਾਕਪਟਨ ਵਿੱਚ ਆ ਗਏ। ਇੱਥੇ ਹੀ 93 ਸਾਲ ਦੀ ਉਮਰ ਵਿੱਚ 1266 ਈ. ਨੂੰ ਆਪ ਸਰੀਰ ਤਿਆਗ ਕੇ ਅੱਲਾ ਦੀ ਦਰਗਾਹ ਪੁੱਜ ਗਏ। ਆਪ ਜੀ ਦੇ ਸਲੋਕਾਂ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਦਰਜ ਕੀਤਾ ਗਿਆ ਹੈ।

### ਫ਼ਰੀਦਾ ਜੇ ਤੂ ਅਕਲਿ ਲਤੀਫ਼

ਫ਼ਰੀਦਾ ਜੇ ਤੂ ਅਕਲਿ ਲਤੀਫ਼, ਕਾਲੇ ਲਿਖੁ ਨ ਲੇਖੁ॥
ਆਪਨੜੇ ਗਿਰੀਵਾਨ ਮਹਿ, ਸਿਰਿ ਨੀਵਾਂ ਕਰ ਦੇਖੁ॥

ਦੇਖ ਫ਼ਰੀਦਾ ਜੋ ਥੀਆ ਦਾੜੀ ਹੋਈ ਭੂਰ॥
ਅਗਹੁ ਨੇੜਾ ਆਇਆ, ਪਿਛਾ ਰਹਿਆ ਦੂਰਿ॥

#### ਔਖੇ ਸ਼ਬਦਾਂ ਦੇ ਅਰਥ

| | |
|---|---|
| ਅਕਲਿ ਲਤੀਫ਼ | :ਬਰੀਕ ਸਮਝਵਾਲਾ/ ਸਮਝਦਾਰ |
| ਕਾਲੇ | :ਮਾੜੇ |
| ਲੇਖੁ | :ਕਰਮ |
| ਗਿਰੀਵਾਨ | :ਬੁੱਕਲ |
| ਜੋ | :ਜੋ ਕੁਝ |
| ਥੀਆ | :ਹੋ ਗਿਆ |
| ਭੂਰ | :ਚਿੱਟੀ |
| ਅਗਹੁ | :ਮੌਤ ਦਾ ਪਾਸਾ |
| ਪਿਛਾ | :ਪਿਛਲਾ ਪਾਸਾ/ ਜਨਮ ਦਾ ਸਮਾਂ |

ਫ਼ਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥
ਵਸੀ ਰਬ ਹਿਆਲੀਐ ਜੰਗਲੁ ਕਿਆ ਢੂਢੇਹਿ॥

ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ॥
ਫ਼ਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨ॥
ਫ਼ਰੀਦਾ ਜਿਤੁ ਤਨਿ ਬਿਰਹੁ ਨ ਉਪਜੈ ਸੋ ਤਨ ਜਾਣ ਮਸਾਣੁ॥

ਫ਼ਰੀਦਾ ਚਾਰ ਗਵਾਇਆ ਹੰਢਿ ਕੇ ਚਾਰ ਗਵਾਇਆ ਸੰਮਿ॥
ਲੇਖਾ ਰਬੁ ਮੰਗੇਸੀਆ ਤੂੰ ਆਹੋ ਕੇਰੇ ਕੰਮਿ॥

ਬੁੱਢਾ ਹੋਇਆ ਸ਼ੇਖ਼ ਫਰੀਦ ਕੰਬਣ ਲੱਗੀ ਦੇਹ॥
ਸੇ ਸਉ ਵਰ੍ਹਿਆ ਜੀਵਣਾ ਭੀ ਤਨ ਹੋਸੀ ਖੇਹ॥

### ਔਖੇ ਸ਼ਬਦਾਂ ਦੇ ਅਰਥ

ਜੰਗਲੁ ਜੰਗਲੁ : ਹਰੇਕ ਜੰਗਲ
ਕਿਆ ਭਵਹਿ : ਕਿਉਂ ਘੁੰਮਦਾ ਹੈ?
ਮੋੜੇਹਿ : ਲਿਤਾੜ ਨਾ
ਵਸੀ : ਵਸਿਆ ਹੈ/ ਵਸਦਾ ਹੈ
ਹਿਆਲੀਐ : ਹਿਰਦੇ ਵਿੱਚ
ਕਿਆ ਢੂਢੇਹਿ : ਲੱਭਣ ਦਾ ਕੀ ਫਾਇਦਾ ਹੈ
ਰੁਖੀ ਸੁਖੀ : ਰੁੱਖੀ-ਸੁੱਕੀ, ਸਧਾਰਨ,
ਪਰਾਈ : ਕਿਸੇ ਹੋਰ ਦੀ
ਜੀਉ : ਮਨ, ਜੀਅ
ਬਿਰਹਾ : ਵਿਛੋੜਾ
ਸੁਲਤਾਨ : ਰਾਜਾ
ਜਿਤੁ ਤਨਿ : ਜਿਸ ਤਨ ਵਿੱਚ
ਮਸਾਣੁ : ਮੁਰਦੇ ਸਾੜਨ ਦੀ ਥਾਂ
ਹੰਢਿ ਕੇ : ਦੌੜ ਭੱਜ ਕੇ, ਭਟਕ ਕੇ
ਸੰਮਿ : ਸੌਂ ਕੇ
ਮੰਗੇਸੀਆ : ਮੰਗੇਗਾ
ਆਹੋ : ਆਇਆ ਸੀ
ਕੇਰੇ ਕੰਮਿ : ਕਿਹੜੇ ਕੰਮ
ਦੇਹੁ : ਸਰੀਰ
ਹੋਸੀ : ਹੋ ਜਾਏਗਾ
ਖੇਹ : ਮਿੱਟੀ

## ਟਿੱਪਣੀ

ਫ਼ਰੀਦ ਜੀ ਨੇ ਇਨ੍ਹਾਂ ਸਲੋਕਾਂ ਵਿੱਚ ਸਮਝਾਇਆ ਹੈ ਕਿ ਮਨੁੱਖ ਮਾੜੇ ਕੰਮਾਂ ਵੱਲ ਨਾ ਦੇਖੇ ਸਗੋਂ ਆਪਣੇ ਅੰਦਰ ਝਾਤੀ ਮਾਰੇ। ਦੁਨੀਆਂ ਵਿੱਚ ਰਹਿ ਕੇ ਚੰਗੇ ਕੰਮ ਕਰਨੇ ਚਾਹੀਦੇ ਹਨ। ਪਰਮਾਤਮਾ ਦੀ ਆਪਣੇ ਮਨ ਦੇ ਅੰਦਰ ਤਲਾਸ਼ ਕਰਨੀ ਚਾਹੀਦੀ ਹੈ। ਜਿਸ ਦੇ ਮਨ ਵਿੱਚ ਪਰਮਾਤਮਾ ਦੀ ਲਗਨ ਨਹੀਂ, ਉਹ ਮਨੁੱਖ ਮੁਰਦੇ ਦੇ ਸਮਾਨ ਹੈ। ਮਨੁੱਖ ਇਸ ਦੁਨੀਆ ਵਿੱਚ ਆਪਣੀ ਜ਼ਿੰਦਗੀ ਖਾ ਪੀ ਕੇ ਗੁਜ਼ਾਰ ਦਿੰਦਾ ਹੈ। ਅਖੀਰਲੀ ਉਮਰ ਵਿੱਚ ਜਾ ਕੇ ਰੱਬ ਨੂੰ ਤਲਾਸ਼ਦਾ ਹੈ।

## ਅਭਿਆਸ

### 1. ਦੱਸੋ ਖਾਂ ਭਲਾ :

(i) ਮਨੁੱਖ ਨੂੰ ਆਪਣੇ ਲੇਖ ਕਿਹੋ-ਜਿਹੇ ਨਹੀਂ ਬਣਾਉਣੇ ਚਾਹੀਦੇ ?
(ii) ਕਿਹੜਾ ਸਮਾਂ ਨੇੜੇ ਆ ਗਿਆ ਹੈ ?
(iii) ਬੁਢਾਪੇ ਦੀਆਂ ਕੀ ਨਿਸ਼ਾਨੀਆਂ ਹਨ ?
(iv) ਮਨੁੱਖ ਜੰਗਲ ਵਿੱਚ ਕਿਸ ਨੂੰ ਲੱਭਦਾ ਫਿਰਦਾ ਹੈ ?
(v) ਰੱਬ ਕਿੱਥੇ ਵਸਦਾ ਹੈ ?
(vi) 'ਬਿਰਹਾ' ਤੋਂ ਕੀ ਭਾਵ ਹੈ ?

2. ਦਿੱਤੇ ਗਏ ਸਲੋਕਾਂ ਦੇ ਹੇਠਾਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :

ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ॥
ਫ਼ਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥

(i) 'ਰੁੱਖੀ ਸੁਖੀ' ਖਾਣ ਤੋਂ ਫ਼ਰੀਦ ਜੀ ਦਾ ਕੀ ਭਾਵ ਹੈ ?
(ii) ਪਰਾਈ 'ਚੋਪੜੀ' ਵੇਖ ਕੇ ਮਨ ਕਿਉਂ ਨਹੀਂ ਤਰਸਾਉਣਾ ਚਾਹੀਦਾ ?
(iii) ਉਪਰੋਕਤ ਸਲੋਕ ਦਾ ਕੇਂਦਰੀ ਭਾਵ ਲਿਖੋ।

3. ਹੇਠਾਂ ਦਿੱਤੇ ਸਲੋਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਫ਼ਰੀਦਾ ਜੇ ਤੂ ਅਕਲਿ ਲਤੀਫੁ, ਕਾਲੇ ਲਿਖੁ ਨ ਲੇਖੁ॥
ਆਪਨੜੇ ਗਿਰੀਵਾਨ ਮਹਿ, ਸਿਰਿ ਨੀਵਾਂ ਕਰ ਦੇਖੁ॥

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ :

(i) ਤੁਸੀਂ ਕਦੇ ਦਿਖਾਵੇ ਵਾਲੀ ਜਾਂ ਕਿਸੇ ਦੀ ਰੀਸ ਨਾਲ ਜ਼ਿੰਦਗੀ ਜਿਉਣ ਦੀ ਜ਼ਿੱਦ ਕੀਤੀ ਹੈ ? ਉਸ ਸਮੇਂ ਘਰ ਵਾਲਿਆਂ ਵਲੋਂ ਇਸ ਬਾਰੇ ਕੀ ਪ੍ਰਤੀਕਿਰਿਆ ਹੋਈ। ਖੁੱਲ੍ਹ ਕੇ ਬਿਆਨ ਕਰੋ।
(ii) ਤੁਹਾਡੇ ਖ਼ਿਆਲ ਅਨੁਸਾਰ ਰੱਬ ਦੀ ਪ੍ਰਾਪਤੀ ਕਿੱਥੋਂ ਹੁੰਦੀ ਹੈ ?
(iii) ਕੀ ਮਿਹਨਤ ਤੇ ਈਮਾਨਦਾਰੀ ਧਰਮ ਦੀ ਪਹਿਲੀ ਪੌੜੀ ਹੈ ? ਤੁਸੀਂ ਆਪਣੇ ਜੀਵਨ ਵਿੱਚ ਕਿੰਨੇ ਕੁ ਈਮਾਨਦਾਰ ਹੋ ? ਵਿਚਾਰ ਪੇਸ਼ ਕਰੋ।
(iv) ਕੀ ਤੁਸੀਂ ਪੰਜਾਬੀ ਦੇ ਕਿਸੇ ਹੋਰ ਬਿਰਹਾ ਦੇ ਕਵੀ ਨੂੰ ਜਾਣਦੇ ਹੋ। ਜੇਕਰ ਹਾਂ ਤਾਂ ਉਸ ਦੀ ਰਚਨਾ ਨੂੰ ਯਾਦ ਕਰਕੇ ਜਮਾਤ ਵਿੱਚ ਜਾਂ ਦੋਸਤਾਂ ਨੂੰ ਸੁਣਾਉਣ ਦੀ ਕੋਸ਼ਿਸ਼ ਕਰੋ।
(v) ਹੰਕਾਰੀ ਵਿਅਕਤੀ ਦਾ ਕੀ ਹਸ਼ਰ ਹੁੰਦਾ ਹੈ ? ਨਿਮਰਤਾ ਵਾਲਾ ਜੀਵਨ ਜਿਉਣ ਲਈ ਇਕ ਭਾਸ਼ਣ ਤਿਆਰ ਕਰੋ।

### ਅ. ਪਾਠ ਦੇ ਆਧਾਰ 'ਤੇ ਠੀਕ ( ✔ ) ਤੇ ਗ਼ਲਤ ( ✖ ) ਦਾ ਨਿਸ਼ਾਨ ਬਣਾਉ :

(i) ਬਿਰਹਾ ਨੂੰ ਸੁਲਤਾਨ ਨਹੀਂ ਆਖਿਆ ਗਿਆ ਹੈ। ☐
(ii) ਬਜ਼ੁਰਗ ਅਵਸਥਾ ਵਿੱਚ ਸ਼ੇਖ਼ ਫ਼ਰੀਦ ਦੀ ਦੇਹ ਕੰਬਣ ਲੱਗੀ। ☐
(iii) ਆਪਣੇ ਅੰਦਰ ਝਾਤੀ ਮਾਰਨ ਦੀ ਕੋਈ ਲੋੜ ਨਹੀਂ ਹੈ। ☐
(iv) ਮਨੁੱਖ ਜੰਗਲ ਵਿੱਚ ਜਾਨਵਰਾਂ ਨੂੰ ਲੱਭਦਾ ਹੈ। ☐
(v) ਪਰਮਾਤਮਾ ਦੀ ਲਗਨ ਤੋਂ ਕੋਰਾ ਮਨੁੱਖ ਮੁਰਦੇ ਵਾਂਗ ਹੁੰਦਾ ਹੈ। ☐

## ੲ. ਖਾਲੀ ਥਾਵਾਂ ਭਰੋ :

(i) ਫ਼ਰੀਦ ਜੀ ... ਵਿੱਚ ਬੇਕਾਰ ਘੁੰਮਣ ਤੋਂ ਵਰਜਦੇ ਹਨ।

(ii) ... ਰੋਟੀ ਵੇਖ ਕੇ ਜੀਅ ਨਹੀਂ ਤਰਸਾਉਣਾ ਚਾਹੀਦਾ।

(iii) ... ਰੱਬ ਵੱਲੋਂ ਮੰਗਿਆ ਜਾਂਦਾ ਹੈ।

(iv) ... ਸ਼ੇਖ਼ ਫ਼ਰੀਦ ਜੀ ਦੇ ਜਨਮ ਕਰਕੇ ਮਸ਼ਹੂਰ ਹੈ।

(v) ਦੁਨੀਆਂ ਵਿੱਚ ਰਹਿ ਕੇ ... ਕੰਮ ਕਰਨੇ ਚਾਹੀਦੇ ਹਨ।

ਚੋਪੜੀ ਮਨ
ਖੋਤਵਾਲ
ਜੰਗਲਾਂ ਨੇਕ

## ਸ. ਜੋੜੇ ਬਣਾਉ :

| | |
|---|---|
| ਜੰਗਲ | ਚੋਪੜੀ |
| ਮਨ | ਬਿਰਹਾ |
| ਸੁਲਤਾਨ | ਲਕੜੀ |
| ਰੁੱਖੀ-ਸੁੱਖੀ | ਰੱਬ |

## ਹ. ਵਿਰੋਧੀ ਸ਼ਬਦ ਬਣਾਉ :

(i) ਅਕਲਮੰਦ ...

(ii) ਨੀਵਾਂ ...

(iii) ਪਰਾਇਆ ...

(iv) ਜਿਊਣਾ ...

## ਕ. ਸਮਾਨਾਰਥਕ ਸ਼ਬਦ ਬਣਾਉ :

(i) ਭੂਰੀ ...

(ii) ਬਿਰਹਾ ...

(iii) ਸੁਲਤਾਨ ...

(iv) ਗਿਰੀਵਾਨ ...

## ਖ. ਵਾਕ ਬਣਾਉ :

(i) ਜੰਗਲ ... ... ... ...

(ii) ਰੁੱਖੀ-ਸੁੱਖੀ ... ... ... ...

(iii) ਅਕਲਮੰਦ ... ... ... ...

(iv) ਲੇਖ ... ... ... ...

# ਸ਼ਬਦ

## ਗੁਰੂ ਨਾਨਕ ਦੇਵ

### ਸ਼ਖ਼ਸੀਅਤ ਤੇ ਰਚਨਾ



ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਸਨ। ਆਪ ਜੀ ਦਾ ਜਨਮ 15 ਅਪ੍ਰੈਲ, 1469 ਈ. ਨੂੰ ਰਾਇ ਭੋਇ ਦੀ ਤਲਵੰਡੀ (ਪਾਕਿਸਤਾਨ) ਵਿੱਚ ਹੋਇਆ। ਆਪ ਦੇ ਪਿਤਾ ਦਾ ਨਾਂ ਮਹਿਤਾ ਕਾਲੂ ਤੇ ਮਾਤਾ ਦਾ ਨਾਂ ਤ੍ਰਿਪਤਾ ਸੀ। ਬੇਬੇ ਨਾਨਕੀ ਆਪ ਜੀ ਦੀ ਵੱਡੀ ਭੈਣ ਸੀ। ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਭਲਾਈ ਲਈ ਆਪਣਾ ਜੀਵਨ ਅਰਪਣ ਕੀਤਾ। ਆਪ ਜੀ ਨੇ ਆਪਣੇ ਜੀਵਨ ਵਿੱਚ ਚਾਰ ਉਦਾਸੀਆਂ (ਯਾਤਰਾਵਾਂ) ਕੀਤੀਆਂ। ਜਿਨ੍ਹਾਂ ਵਿੱਚ ਉਨ੍ਹਾਂ ਨੇ ਭੁੱਲੇ-ਭਟਕੇ ਲੋਕਾਂ ਨੂੰ ਸਿੱਧੇ ਰਸਤੇ ਪਾਇਆ। ਆਪ ਜੀ ਦਾ ਵਿਆਹ ਸੁਲੱਖਣੀ ਜੀ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਹੋਏ—ਬਾਬਾ ਸ੍ਰੀ ਚੰਦ ਜੀ ਤੇ ਬਾਬਾ ਲਖਮੀ ਦਾਸ ਜੀ। ਆਪ ਆਪਣੇ ਜੀਵਨ ਦੇ ਆਖ਼ਰੀ ਸਮੇਂ ਕਰਤਾਰਪੁਰ ਵਿਖੇ ਹੀ ਰਹੇ। 1539 ਈ. ਵਿੱਚ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪ ਕੇ ਆਪ ਜੋਤੀ-ਜੋਤ ਸਮਾ ਗਏ। ਆਪ ਜੀ ਦੀਆਂ ਰਚਨਾਵਾਂ ਹਨ : ਜਪੁਜੀ ਸਾਹਿਬ, ਸਿਧ ਗੋਸਟਿ, ਸੋਦਰ ਸੋਹਿਲਾ, ਆਰਤੀ, ਦੱਖਣੀ ਓਅੰਕਾਰ, ਆਸਾ ਦੀ ਵਾਰ, ਮਲਾਰ ਤੇ ਮਾਝ ਦੀ ਵਾਰ, ਪੱਟੀ, ਬਾਰਾਮਾਂਹ।

### ਸਿੰਮਲ ਰੁਖੁ ਸਰਾਇਰਾ

ਸਿੰਮਲ ਰੁਖੁ ਸਰਾਇਰਾ ਅਤਿ ਦੀਰਘੁ ਅਤਿ ਮੁਚੁ॥
ਓਇ ਜਿ ਆਵਹਿ ਆਸ ਕਰਿ ਜਾਇ ਨਿਰਾਸੇ ਕਿਤੁ॥
ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤੁ॥
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਸਰਾਇਰਾ | :ਸਿੱਧਾ |
| ਦੀਰਘੁ | :ਲੰਮਾ |
| ਮੁਚੁ | :ਵੱਡਾ/ਮੋਟਾ |
| ਕਿਤੁ | :ਕਿਉਂ |
| ਪਤੁ | :ਪੱਤਰ/ਪੱਤੇ |
| ਮਿਠਤੁ | :ਮਿਠਾਸ |
| ਨੀਵੀ | :ਨੀਵਾਂ ਰਹਿਣਾ |
| ਤਤੁ | :ਸਾਰ |

**ਔਖੇ ਸ਼ਬਦਾਂ ਦੇ ਅਰਥ**

ਆਪ ਕਉ : ਆਪਣੇ ਮਤਲਬ ਲਈ
ਗਉਰਾ : ਭਾਰਾ
ਹੰਤਾ : ਮਾਰਨ ਵਾਲਾ
ਸੀਸਿ ਨਿਵਾਇਆ : ਸੀਸ ਝੁਕਾਉਣਾ
ਕੁਸੁਧੇ : ਖੋਟੇ

ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥
ਧਰਿ ਤਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥
ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥
ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥

## ਟਿੱਪਣੀ

ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਸਮਝਾਉਂਦੇ ਹੋਏ ਕਹਿੰਦੇ ਹਨ ਕਿ ਮਨੁੱਖ ਦੇ ਨਿਵ ਕੇ ਰਹਿਣ ਵਿੱਚ ਹੀ ਮਿਠਾਸ ਹੈ। ਨੀਵੇਂ ਹੋ ਕੇ ਰਹਿਣਾ ਹੀ ਸਾਰੇ ਗੁਣਾਂ ਦਾ ਸਾਰ ਹੈ। ਹਰੇਕ ਜੀਵ ਆਪਣੇ ਸਵਾਰਥ ਲਈ ਝੁਕਦਾ ਹੈ, ਕਿਸੇ ਦੂਜੇ ਮਨੁੱਖ ਦੀ ਖ਼ਾਤਰ ਨਹੀਂ। ਪਰ ਨਿਵਣ ਦਾ ਭਾਵ ਸਿਰਫ਼ ਸਰੀਰ ਨੂੰ ਨਿਵਾਉਣ ਨਾਲ ਨਹੀਂ, ਸਗੋਂ ਮਨ ਨਾਲ ਵੀ ਹੈ। ਜੇ ਸਿਰਫ਼ ਸਿਰ ਹੀ ਨਿਵਾ ਦਿੱਤਾ ਜਾਵੇ ਤੇ ਅੰਦਰੋਂ ਜੀਵ ਖੋਟਾ ਹੀ ਰਹੇ ਤਾਂ ਇਸ ਤਰ੍ਹਾਂ ਨੀਵੇਂ ਹੋਣ ਦਾ ਕੋਈ ਲਾਭ ਨਹੀਂ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਇਹ ਸ਼ਬਦ ਗੁਰੂ ਨਾਨਕ ਦੇਵ ਜੀ ਦੀ ਕਿਹੜੀ ਬਾਣੀ ਵਿੱਚੋਂ ਲਿਆ ਗਿਆ ਹੈ?
(ii) ਸਿੰਮਲ ਦਾ ਰੁੱਖ ਕਿਹੋ ਜਿਹਾ ਹੁੰਦਾ ਹੈ ?
(iii) ਮਨੁੱਖ ਲਈ ਸਭ ਤੋਂ ਚੰਗਾ ਗੁਣ ਕਿਹੜਾ ਹੈ ?
(iv) ਨਿਵ ਕੇ ਰਹਿਣ ਤੋਂ ਕੀ ਭਾਵ ਹੈ ?
(v) ਸ਼ਿਕਾਰੀ ਕਿਸ ਤਰ੍ਹਾਂ ਸ਼ਿਕਾਰ ਕਰਦਾ ਹੈ ?

**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :**

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥
ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥
ਧਰਿ ਤਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥

(i) ਉਪਰੋਕਤ ਕਾਵਿ-ਸਤਰਾਂ ਦਾ ਭਾਵ ਆਪਣੇ ਸ਼ਬਦਾਂ ਵਿਚ ਲਿਖੋ।
(ii) ਨਿਵ ਕੇ ਰਹਿਣ ਨੂੰ ਗੁਰੂ ਨਾਨਕ ਦੇਵ ਨੇ ਕੀ ਕਿਹਾ ਹੈ ?
(iii) ਉਪਰੋਕਤ ਸ਼ਬਦ ਕਿਹੜੀ ਬਾਣੀ ਵਿੱਚੋਂ ਲਿਆ ਗਿਆ ਹੈ ?

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਸਿੰਮਲ ਰੁਖੁ ਸਰਾਇਰਾ ਅਤਿ ਦੀਰਘੁ ਅਤਿ ਮੁਚੁ॥
ਓਇ ਜਿ ਆਵਹਿ ਆਸ ਕਰਿ ਜਾਇ ਨਿਰਾਸੇ ਕਿਤੁ॥
ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤੁ॥

## ਦੁਖੁ ਦਾਰੂ ਸੁਖੁ ਰੋਗੁ ਭਇਆ

ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ॥
ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ॥1॥
ਬਲਿਹਾਰੀ ਕੁਦਰਤਿ ਵਸਿਆ॥
ਤੇਰਾ ਅੰਤੁ ਨ ਜਾਈ ਲਖਿਆ॥1॥ਰਹਾਉ॥
ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ॥
ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ ਜਿਨਿ ਕੀਤੀ ਸੋ ਪਾਰਿ ਪਇਆ॥
ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ॥2॥

## ਟਿੱਪਣੀ

ਇਸ ਸ਼ਬਦ ਵਿੱਚ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਜੇ ਮਨੁੱਖ ਨੂੰ ਆਤਮਕ ਸੁਖ ਮਿਲ ਜਾਵੇ ਤਾਂ ਦੁਖ ਨਹੀਂ ਰਹਿੰਦਾ। ਪਰਮਾਤਮਾ ਦਾ ਅੰਤ ਨਹੀਂ ਪਾਇਆ ਜਾ ਸਕਦਾ। ਪ੍ਰਮਾਤਮਾ ਸਰਬ-ਵਿਆਪਕ ਹੈ, ਸਦਾ ਸਥਿਰ ਰਹਿਣ ਵਾਲਾ ਹੈ, ਸਾਰੀ ਸ੍ਰਿਸ਼ਟੀ ਵਿੱਚ ਉਸੇ ਦਾ ਹੀ ਨੂਰ ਵਸ ਰਿਹਾ ਹੈ। ਜਿਸ ਨੇ ਵੀ ਉਸ ਦੀ ਉਸਤਤ ਕੀਤੀ ਹੈ, ਉਹ ਇਸ ਸੰਸਾਰ ਦੇ ਭਵ-ਸਾਗਰ ਤੋਂ ਤਰ ਗਿਆ ਹੈ। ਇਹੀ ਮਨੁੱਖੀ ਜੀਵਨ ਦਾ ਮਨੋਰਥ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਅਸਲੀ ਆਤਮਕ ਸੁੱਖ ਕਿਸ ਤਰ੍ਹਾਂ ਪ੍ਰਾਪਤ ਕੀਤਾ ਜਾ ਸਕਦਾ ਹੈ ?
(ii) ਪਰਮਾਤਮਾ ਕਿਹੜੀ-ਕਿਹੜੀ ਥਾਂ ਵਿਆਪਕ ਹੈ ?
(iii) 'ਰਹਾਉ' ਸ਼ਬਦ ਦਾ ਗੁਰਬਾਣੀ ਵਿੱਚ ਕੀ ਅਰਥ ਹੈ ?
(iv) ਸੰਸਾਰ ਭਵ-ਸਾਗਰ ਤੋਂ ਕਿਸ ਤਰ੍ਹਾਂ ਤਰਿਆ ਜਾ ਸਕਦਾ ਹੈ ?
(v) ਇਹ ਸ਼ਬਦ ਗੁਰੂ ਨਾਨਕ ਦੇਵ ਜੀ ਦੀ ਕਿਹੜੀ ਬਾਣੀ ਵਿੱਚੋਂ ਲਿਆ ਗਿਆ ਹੈ ?
(vi) ਸਾਰੀ ਸ੍ਰਿਸ਼ਟੀ ਵਿੱਚ ਕਿਸ ਦਾ ਨੂਰ ਵਸ ਰਿਹਾ ਹੈ ?
(vii) ਮਨੁੱਖੀ ਜੀਵਨ ਦਾ ਕੀ ਮਨੋਰਥ ਹੈ ?

**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :**

ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ॥
ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ॥1॥

(i) ਉਪਰੋਕਤ ਸਤਰਾਂ ਦੇ ਕਵੀ ਦਾ ਨਾਂ ਦੱਸੋ ?
(ii) ਇਹ ਸਤਰਾਂ ਕਿਹੜੀ ਬਾਣੀ ਵਿਚ ਸ਼ਾਮਲ ਹਨ ?
(iii) ਇਨ੍ਹਾਂ ਕਾਵਿ-ਸਤਰਾਂ ਦਾ ਕੇਂਦਰੀ ਭਾਵ ਦੱਸੋ।

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਤਾਮਿ | :ਤਦੋਂ |
| ਕਰਣਾ | :ਕਰਣਹਾਰ |
| ਮੈਂ ਨਾਹੀ | :ਮੈਂ ਕੁਝ ਭੀ ਨਹੀਂ, ਮੇਰੀ ਕੋਈ ਪਾਇਆਂ ਨਹੀਂ ਹੈ |
| ਜਾ ਹਉ ਕਰੀ | :ਜੇ ਮੈਂ 'ਹਉ' ਆਖਾਂ, ਜੇ ਮੈਂ ਆਪਣੇ ਆਪ ਨੂੰ ਕੁਝ ਸਮਝ ਬੈਠਾਂ |
| ਨ ਹੋਈ | :ਨਹੀਂ ਫਬਦਾ, ਇਹ ਗੱਲ ਫਬਦੀ ਨਹੀਂ |
| ਜਾਤਿ | :ਸ੍ਰਿਸ਼ਟਿ |
| ਜੋਤਿ | :ਰੱਬ ਦਾ ਨੂਰ |
| ਜੋਤਿ ਮਹਿ | :ਸਾਰੀਆਂ ਜੋਤੀਆਂ ਵਿੱਚ, ਸਾਰੇ ਜੀਵਾਂ ਵਿੱਚ |
| ਜਾਤਾ | :ਵੇਖਿਆ ਜਾਂਦਾ ਹੈ, ਦਿਸ ਰਿਹਾ ਹੈ |
| ਅਕਲ | :ਸੰਪੂਰਨ |
| ਕਲਾ | :ਟੋਟਾ, ਹਿੱਸਾ |
| ਅਕਲ ਕਲਾ | :ਜਿਸ ਦੇ ਵੱਖੋ ਵੱਖਰੇ ਟੋਟੇ ਨਾ ਹੋਣ, ਇੱਕ ਰਸ ਸੰਪੂਰਨ ਪ੍ਰਭੂ |
| ਸੁਆਲਿਉ | :ਸੋਹਣੀ, ਸੁੰਦਰ |
| ਜਿਨਿ ਕੀਤੀ | :ਜਿਸ ਨੇ (ਤੇਰੀ ਵਡਿਆਈ)ਕੀਤੀ |
| ਨਾਨਕ | :ਹੇ ਨਾਨਕ ! |
| ਕਹੁ ਕਰਤੇ ਕੀਆ ਬਾਤਾ | :ਕਰਤਾਰ ਦੀਆਂ ਗੱਲਾਂ ਆਖ |

3. **ਹੇਠਾਂ ਦਿੱਤੇ ਪੈਰੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ॥
ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ ਜਿਨਿ ਕੀਤੀ ਸੋ ਪਾਰਿ ਪਇਆ॥
ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ॥2॥

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ :

(i) ਕੀ ਤੁਹਾਡੀ ਜ਼ਿੰਦਗੀ ਵਿੱਚ ਕਦੇ ਦੁੱਖ ਦੀ ਘੜੀ ਆਈ ਹੈ ? ਉਸ ਤੋਂ ਛੁਟਕਾਰਾ ਪਾਉਣ ਲਈ ਤੁਸੀਂ ਕੀ ਤਰੀਕਾ ਅਪਣਾਇਆ ? ਖੁੱਲ੍ਹ ਕੇ ਬਿਆਨ ਕਰੋ।

(ii) ਗੁਰੂ ਨਾਨਕ ਦੇਵ ਦੇ ਜੀਵਨ ਦੇ ਅਧਾਰ 'ਤੇ ਕਿਸੇ ਇੱਕ ਸਾਖੀ ਉਪਰ ਚਾਰਟ ਤਿਆਰ ਕਰੋ।

(iii) ਜੀਵਨ ਵਿੱਚ ਪਾਪ ਕਮਾਉਣ ਵਾਲੇ ਮਨੁੱਖ ਦਾ ਕੀ ਹਸ਼ਰ ਹੁੰਦਾ ਹੈ ? ਕੀ ਪ੍ਰਮਾਤਮਾ ਦੀ ਸ਼ਰਨ ਵਿੱਚ ਆ ਕੇ ਉਸ ਦੇ ਗੁਨਾਹ ਮਾਫ਼ ਹੋ ਸਕਦੇ ਹਨ ? ਆਪਣੀ ਸੂਝ-ਬੂਝ ਅਨੁਸਾਰ ਵਿਚਾਰ ਪੇਸ਼ ਕਰੋ।

(iv) ਕੀ ਤੁਸੀਂ ਆਪਣੇ ਆਲੇ-ਦੁਆਲੇ ਦੇ ਅਨੈਤਿਕ ਲੋਕਾਂ ਤੋਂ ਪ੍ਰੇਸ਼ਾਨ ਹੋ ? ਉਨ੍ਹਾਂ ਨੂੰ ਸਿੱਧੇ ਰਾਹ ਪਾਉਣ ਲਈ ਤੁਸੀਂ ਕੀ ਸੁਝਾਅ ਦੇਣਾ ਪਸੰਦ ਕਰੋਗੇ।

(v) 'ਦੁਖੁ ਦਾਰੂ ਸੁਖੁ ਰੋਗੁ ਭਇਆ' ਤੁਕ ਉਪਰ ਇੱਕ ਲੇਖ ਦੀ ਰਚਨਾ ਕਰੋ।

### ਅ. ਪਾਠ ਦੇ ਆਧਾਰ 'ਤੇ ਠੀਕ ( ✔ ) ਜਾਂ ਗ਼ਲਤ ( ✖ ) ਦੇ ਨਿਸ਼ਾਨ ਲਗਾਉ :

(i) ਸਿਰ ਨਿਵਾਉਣ ਨਾਲ ਮਨ ਦਾ ਖੋਟ ਦੂਰ ਹੋ ਜਾਂਦਾ ਹੈ। ☐

(ii) ਪਰਮਾਤਮਾ ਵਿਆਪਕ ਤੇ ਸਥਾਈ ਰਹਿਣ ਵਾਲਾ ਹੈ। ☐

(iii) ਪਰਮਾਤਮਾ ਦੀ ਉਸਤਤ ਕਰਨ ਵਾਲਾ ਤਰ ਜਾਂਦਾ ਹੈ। ☐

(iv) ਸਿੰਮਲ ਦੇ ਰੁੱਖ ਵਾਂਗ ਤਣ ਕੇ ਖੜਨਾ ਚਾਹੀਦਾ ਹੈ। ☐

(v) ਆਤਮਕ ਸੁਖ ਨਾਲ ਦੁੱਖ ਖ਼ਤਮ ਹੋ ਜਾਂਦਾ ਹੈ। ☐

### ੲ. ਖਾਲੀ ਥਾਵਾਂ ਭਰੋ :

(i) ... ਦਾ ਰੁੱਖ ਕੱਦ ਵਿੱਚ ਬਹੁਤ ਵੱਡਾ ਹੁੰਦਾ ਹੈ।

(ii) ਨੀਂਵਾਂ ਹੋ ਕੇ ਰਹਿਣਾ ਚੰਗਾ ... ਹੈ।

(iii) ਗੁਰੂ ਨਾਨਕ ਦੇਵ ਜੀ ਨੇ ... ਹੋਏ ਲੋਕਾਂ ਨੂੰ ਸਿੱਧੇ ਰਾਹ ਪਾਇਆ।

(iv) ... ਜੀ ਨੂੰ ਗੁਰਗੱਦੀ ਦੀ ਬਖ਼ਸ਼ਿਸ਼ ਹੋਈ।

(v) ਰੱਬ ਦਾ ਬੰਦਾ ... ਨੂੰ ਤਰ ਜਾਂਦਾ ਹੈ।

ਭਵਸਾਗਰ | ਸਿੰਮਲ | ਗੁਣ | ਭਟਕੇ | ਭਾਈ

## ਸ. ਜੋੜੇ ਬਣਾਉ :

| | | |
|---|---|---|
| (i) | ਫੁੱਲ | ਬਕਬਕੇ |
| (ii) | ਚਿੰਗਿਆਈ | ਫਿਕੇ |
| (iii) | ਫਲ | ਰੁੱਖ |
| (iv) | ਸਿੰਮਲ | ਗੁਣ |

## ਹ. ਵਿਰੋਧੀ ਸ਼ਬਦ ਲਿਖੋ :

(i) ਚੰਗਾ ...

(ii) ਤਰਨਾ ...

(iii) ਲੰਮਾ ...

(iv) ਵਸਣਾ ...

## ਕ. ਸਮਾਨਾਰਥਕ ਸ਼ਬਦ ਲਿਖੋ :

(i) ਗਉਰਾ ...

(ii) ਕੁਸੁਧੇ ...

(iii) ਤਤੁ ...

(iv) ਦੀਰਘੁ ...

## ਖ. ਵਾਕ ਬਣਾਉ :

(i) ਮਿਠਾਸ ... ... ... ...

(ii) ਸੀਸ ... ... ... ...

(iii) ਲੰਮਾ ... ... ... ...

(iv) ਸਾਰ ... ... ... ...

# ਕਵਿਤਾ

## ਭਾਈ ਵੀਰ ਸਿੰਘ



### ਸ਼ਖ਼ਸੀਅਤ ਤੇ ਰਚਨਾ

ਭਾਈ ਵੀਰ ਸਿੰਘ ਦਾ ਜਨਮ 5 ਦਸੰਬਰ, 1872 ਈ. ਨੂੰ ਅੰਮ੍ਰਿਤਸਰ ਵਿੱਚ ਹੋਇਆ। ਆਪ ਜੀ ਆਧੁਨਿਕ ਪੰਜਾਬੀ ਕਵਿਤਾ ਦੇ ਮੋਢੀ ਕਵੀ ਹਨ।

ਭਾਈ ਸਾਹਿਬ ਦੀ ਕਵਿਤਾ ਵਿਚਾਰ ਦੀ ਕਵਿਤਾ ਹੈ। ਇਹ ਗੁਰਬਾਣੀ ਤੋਂ ਪ੍ਰਭਾਵਿਤ ਹੈ। ਉਹ ਆਪਣੀ ਕਵਿਤਾ ਵਿਚ ਫ਼ਰਸ਼ ਤੋਂ ਉੱਠ ਕੇ ਅਰਸ਼ 'ਤੇ ਪਹੁੰਚਣ ਵਾਲੇ ਵਿਚਾਰ ਨੂੰ ਪੇਸ਼ ਕਰਦੇ ਹਨ। ਸਿੱਖ ਵਿਚਾਰਧਾਰਾ ਅਤੇ ਭਾਰਤੀ ਏਕਤਾ ਨੂੰ ਆਪਣੀ ਕਵਿਤਾ ਵਿੱਚ ਪ੍ਰਗਟਾਉਂਦੇ ਹਨ। ਪ੍ਰਕਿਰਤੀ ਨੂੰ ਅਧਿਆਤਮਕ ਵਿਚਾਰ ਪੇਸ਼ ਕਰਨ ਦੇ ਮਾਧਿਅਮ ਦੇ ਰੂਪ ਵਿਚ ਵਰਤਿਆ ਗਿਆ ਹੈ। ਭਾਈ ਸਾਹਿਬ ਨੇ 'ਨਣਦ-ਭਰਜਾਈ', 'ਰਾਣਾ ਸੂਰਤ ਸਿੰਘ', 'ਮਟਕ ਹੁਲਾਰੇ', 'ਬਿਜਲੀਆਂ ਦੇ ਹਾਰ', 'ਲਹਿਰਾਂ ਦੇ ਹਾਰ', 'ਪ੍ਰੀਤ ਵੀਣਾ', 'ਕੰਬਦੀ ਕਲਾਈ', 'ਮੇਰੇ ਸਾਈਆਂ ਜੀਉ' ਅਤੇ ਕਈ ਹੋਰ ਕਾਵਿ-ਪੁਸਤਕਾਂ ਦੀ ਰਚਨਾ ਕੀਤੀ।

### ਸਮਾਂ

ਰਹੀ ਵਾਸਤੇ ਘੱਤ,
'ਸਮੇਂ' ਨੇ ਇਕ ਨਾ ਮੰਨੀ।
ਫੜ ਫੜ ਰਹੀ ਧਰੀਕ,
'ਸਮੇਂ' ਖਿਸਕਾਈ ਕੰਨੀ।
ਕਿਵੇਂ ਨਾ ਸੱਕੀ ਰੋਕ,
ਅਟਕ ਜੋ ਪਾਈ, ਭੰਨੀ।

#### ਔਖੇ ਸ਼ਬਦਾਂ ਦੇ ਅਰਥ

ਵਾਸਤੇ : ਤਰਲੇ
ਘੱਤ : ਪਾਉਣਾ/ਭੇਜਣਾ
ਧਰੀਕ : ਖਿੱਚਣਾ
ਕੰਨੀ : ਪੱਲਾ
ਅਟਕ : ਜੋ ਨਾ ਰੁਕੇ

ਤ੍ਰਿੱਖੇ ਆਪਣੇ ਵੇਗ,
ਗਿਆ ਟੱਪ ਬੰਨੇ ਬੰਨੀ।
ਹੋ ! ਅਜੇ ਸੰਭਾਲ ਇਸ ਸਮੇਂ ਨੂੰ,
ਕਰ ਸਫ਼ਲ ਉਡੰਦਾ ਜਾਂਵਦਾ।
ਇਹ ਠਹਿਰਨ ਜਾਚ ਨਾ ਜਾਣਦਾ,
ਲੰਘ ਗਿਆ ਨ ਮੁੜ ਕੇ ਆਵੰਦਾ।



**ਔਖੇ ਸ਼ਬਦਾਂ ਦੇ ਅਰਥ**

| | |
|---|---|
| ਤ੍ਰਿੱਖੇ | : ਤੇਜ਼ |
| ਵੇਗ | : ਚਾਲ/ਗਤੀ |
| ਜਾਚ | : ਤਰਕੀਬ |
| ਲੰਘ ਗਿਆ | : ਨਿਕਲ ਗਿਆ |

## ਟਿੱਪਣੀ

ਭਾਈ ਵੀਰ ਸਿੰਘ ਦੀ ਕਵਿਤਾ 'ਸਮਾਂ' ਵਿੱਚ ਸਮੇਂ ਦੇ ਮਹੱਤਵ ਨੂੰ ਉਜਾਗਰ ਕੀਤਾ ਗਿਆ ਹੈ। ਭਾਈ ਵੀਰ ਸਿੰਘ ਨੇ ਆਪਣੀ ਕਵਿਤਾ ਵਿੱਚ ਸਮੇਂ ਦੇ ਨਿਰੰਤਰ ਚੱਲਣ ਵਾਲੇ ਲੱਛਣ ਬਾਰੇ ਵਿਚਾਰ ਕੀਤੀ ਹੈ। ਕਵੀ ਦਾ ਮੱਤ ਹੈ ਕਿ ਸਮੇਂ ਨੂੰ ਕਿਸੇ ਵੀ ਤਰੀਕੇ ਨਾਲ ਰੋਕਿਆ ਨਹੀਂ ਜਾ ਸਕਦਾ। ਸਮਾਂ ਹਰ ਰੁਕਾਵਟ ਨੂੰ ਤੋੜ ਕੇ ਆਪਣੀ ਗਤੀ ਨਾਲ ਅੱਗੇ ਵਧਦਾ ਰਹਿੰਦਾ ਹੈ। ਇਸ ਕਰਕੇ, ਕਵੀ ਮਨੁੱਖ ਨੂੰ ਸਮੇਂ ਦੀ ਕਦਰ ਕਰਨ ਦਾ ਸੰਦੇਸ਼ ਦੇਣਾ ਚਾਹੁੰਦਾ ਹੈ। ਕਵਿਤਾ ਅਨੁਸਾਰ ਇੱਕ ਵਾਰ ਬੀਤਿਆ ਸਮਾਂ ਮੁੜ ਹੱਥ ਨਹੀਂ ਆਉਂਦਾ। ਇਸ ਕਰਕੇ ਮਨੁੱਖ ਨੂੰ ਵਰਤਮਾਨ ਸਮੇਂ ਦਾ ਪੂਰਾ ਸਦ-ਉਪਯੋਗ ਕਰਨਾ ਚਾਹੀਦਾ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਭਾਈ ਵੀਰ ਸਿੰਘ ਨੇ ਸਮੇਂ ਬਾਰੇ ਕੀ ਕਿਹਾ ਹੈ ?
(ii) ਕਵੀ ਕਿਸ ਨੂੰ ਵਾਰ-ਵਾਰ ਰੋਕਣ ਦੀ ਕੋਸ਼ਿਸ਼ ਕਰ ਰਿਹਾ ਹੈ ?
(iii) ਸਾਨੂੰ ਆਪਣੇ ਜੀਵਨ ਵਿੱਚ ਸਫ਼ਲ ਹੋਣ ਲਈ ਕੀ ਕਰਨਾ ਚਾਹੀਦਾ ਹੈ ?
(iv) ਕਵੀ ਸਮੇਂ ਨੂੰ ਰੋਕਣ ਲਈ ਕੀ-ਕੀ ਜਤਨ ਕਰਦਾ ਹੈ ?
(v) ਕਵਿਤਾ ਦਾ ਸੰਖੇਪ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**2. ਹੇਠ ਲਿਖੀਆਂ ਸਤਰਾਂ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :**

ਹੋ ! ਅਜੇ ਸੰਭਾਲ ਇਸ ਸਮੇਂ ਨੂੰ,
ਕਰ ਸਫ਼ਲ ਉਡੰਦਾ ਜਾਂਵਦਾ।
ਇਹ ਠਹਿਰਨ ਜਾਚ ਨਾ ਜਾਣਦਾ,
ਲੰਘ ਗਿਆ ਨ ਮੁੜ ਕੇ ਆਵੰਦਾ।

(i) ਹੱਥ ਵਿਚੋਂ ਕੌਣ ਨਿਕਲ ਰਿਹਾ ਹੈ ?
(ii) ਸਮੇਂ ਨੂੰ ਕਿਸ ਦਾ ਵੱਲ ਨਹੀਂ ਆਉਂਦਾ ?
(iii) ਉਪਰੋਕਤ ਸਤਰਾਂ ਵਿੱਚ ਕਵੀ ਦੇ ਮਨ ਵਿੱਚ ਕਿਸ ਤਰ੍ਹਾਂ ਦਾ ਡਰ ਹੈ ?

3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਰਹੀ ਵਾਸਤੇ ਘੱਤ
'ਸਮੇਂ' ਨੇ ਇਕ ਨਾ ਮੰਨੀ।
ਫੜ ਫੜ ਰਹੀ ਧਰੀਕ
'ਸਮੇਂ' ਖਿਸਕਾਈ ਕੰਨੀ।

## ਟੁਕੜੀ ਜਗ ਤੋਂ ਨਯਾਰੀ

ਅਰਸ਼ਾਂ ਦੇ ਵਿਚ 'ਕੁਦਰਤ ਦੇਵੀ'
ਸਾਨੂੰ ਨਜ਼ਰੀਂ ਆਈ,
ਹੁਸਨ-ਮੰਡਲ ਵਿਚ ਖੜੀ ਖੇਡਦੀ
ਖੁਸ਼ੀਆਂ ਛਹਿਬਰ ਲਾਈ।

ਦੌੜੀ ਨੇ ਇਕ ਮੁਠ ਭਰ ਲੀਤੀ
ਇਸ ਵਿਚ ਕੀ ਕੀ ਆਇਆ :-
ਪਰਬਤ, ਟਿੱਬੇ ਅਤੇ ਕਰੇਵੇ
ਵਿਚ ਮੈਦਾਨ ਸੁਹਾਇਆ,

ਚਸ਼ਮੇ, ਨਾਲੇ, ਨਦੀਆਂ, ਝੀਲਾਂ
ਨਿੱਕੇ ਜਿਵੇਂ ਸਮੁੰਦਰ,
ਠੰਢੀਆਂ ਛਾਵਾਂ, ਮਿੱਠੀਆਂ ਹਵਾਵਾਂ,
ਬਨ ਬਾਗ਼ਾਂ ਜਿਹੇ ਸੁੰਦਰ,

ਬਰਫਾਂ, ਮੀਂਹ, ਧੁੱਪਾਂ ਤੇ ਬੱਦਲ
ਰੁੱਤਾਂ ਮੇਵੇ ਪਯਾਰੇ,
ਅਰਸ਼ੀ ਨਾਲ ਨਜ਼ਾਰੇ ਆਏ
ਉਸ ਮੁੱਠੀ ਵਿਚ ਸਾਰੇ।

ਸੁਹਣੀ ਨੇ ਅਸਮਾਨ ਖੜੋਕੇ
ਧਰਤੀ ਵੱਲ ਤਕਾ ਕੇ,
ਇਹ ਮੁੱਠੀ ਖੁਹਲੀ ਤੇ ਸੁਟਿਆ
ਸਭ ਕੁਝ ਹੇਠ ਤਕਾ ਕੇ।

### ਔਖੇ ਸ਼ਬਦਾਂ ਦੇ ਅਰਥ

ਅਰਸ਼ਾਂ : ਆਕਾਸ਼
ਛਹਿਬਰ : ਛਾਇਆ ਹੋਇਆ/ ਝੜੀ ਲਾ ਕੇ ਵਰਸਿਆ
ਟਿੱਬੇ : ਰੇਤ ਦਾ ਟਿੱਲਾ, ਪਹਾੜ ਦੀ ਛੋਟੀ ਚੋਟੀ
ਕਰੇਵੇ : ਉੱਚੇ ਟਿੱਬੇ
ਸੁਹਾਇਆ : ਸ਼ੋਭਾ ਵਾਲਾ, ਸੁੰਦਰ
ਚਸ਼ਮੇ : ਪਾਣੀ ਦਾ ਸਰੋਤ
ਨਜ਼ਾਰੇ : ਦ੍ਰਿਸ਼
ਟੁਕੜੀ : ਛੋਟੀ ਟੁਕੜੀ, ਹਿੱਸਾ
ਜਗ : ਸੰਸਾਰ
ਨਯਾਰੀ : ਵੱਖ, ਜੁਦਾ, ਅਲੱਗ
ਰਮਜ਼ : ਇਸ਼ਾਰਾ
ਅਰਸ਼ : ਖੁਦਾ ਦਾ ਤਖ਼ਤ, ਸੁਰਗ, ਦੇਵ-ਲੋਕ

ਜਿਸ ਥਾਵੇਂ ਧਰਤੀ ਤੇ ਆਕੇ
ਇਹ ਮੁਠ ਡਿੱਗੀ ਸਾਰੀ–
ਓਸ ਥਾਉਂ 'ਕਸ਼ਮੀਰ' ਬਣ ਗਿਆ
ਟੁਕੜੀ ਜਗ ਤੋਂ ਨਯਾਰੀ।

ਹੈ ਧਰਤੀ ਪਰ 'ਛੁਹ ਅਸਮਾਨੀ'
ਸੁੰਦਰਤਾ ਵਿਚ ਲਿਸ਼ਕੇ,
ਧਰਤੀ ਦੇ ਰਸ, ਸਵਾਦ, ਨਜ਼ਾਰੇ,
'ਰਮਜ਼ ਅਰਸ਼' ਦੀ ਕਸਕੇ।

## ਟਿੱਪਣੀ



ਇਸ ਕਵਿਤਾ ਵਿੱਚ ਕਵੀ ਭਾਈ ਵੀਰ ਸਿੰਘ ਜੀ ਨੇ ਕਸ਼ਮੀਰ ਦੀ ਧਰਤੀ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਲਿਖਿਆ ਹੈ ਕਿ ਪੂਰੇ ਭਾਰਤ ਵਿੱਚ ਇਹ ਪ੍ਰਾਂਤ ਸਭ ਤੋਂ ਸੁਹਣਾ ਤੇ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਹੈ। ਇੰਜ ਲਗਦਾ ਹੈ ਜਿਵੇਂ ਆਕਾਸ਼ ਦੀ ਦੇਵੀ ਨੇ ਆਪਣੀ ਮੁੱਠੀ ਵਿਚ ਭਰੇ ਦੈਵੀ ਖ਼ਜ਼ਾਨੇ ਇਸ ਥਾਂ 'ਤੇ ਸੁੱਟ ਦਿੱਤੇ ਹਨ। ਇਸ ਕਰਕੇ ਇਹ ਧਰਤੀ ਸਾਰੇ ਜੱਗ ਤੋਂ ਨਿਆਰੀ ਬਣ ਗਈ ਹੈ। ਇਸ ਵਿੱਚ ਚਸ਼ਮੇ, ਨਾਲੇ, ਨਦੀਆਂ ਅਤੇ ਝੀਲਾਂ ਦੇ ਭੰਡਾਰ ਹਨ। ਇਥੋਂ ਦੇ ਸੋਹਣੇ ਬਾਗਾਂ ਕਰਕੇ ਪੂਰਾ ਵਾਤਾਵਰਨ ਠੰਡੀਆਂ ਛਾਵਾਂ ਤੇ ਮਿੱਠੀਆਂ ਹਵਾਵਾਂ ਨਾਲ ਭਰਪੂਰ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਕਿਸ ਨੂੰ ਤੇ ਕੀ ਅਰਸ਼ਾਂ ਵਿੱਚ ਨਜ਼ਰ ਆਇਆ ?
(ii) ਅਰਸ਼ਾਂ ਦੀ ਕੁਦਰਤ ਦੇਵੀ ਦੀ ਮੁੱਠੀ ਵਿੱਚ ਕੀ-ਕੀ ਸੀ ?
(iii) ਅਰਸ਼ੀ ਨਜ਼ਾਰੇ ਤੋਂ ਕੀ ਭਾਵ ਹੈ ?
(iv) 'ਸੁਹਣੀ' ਸ਼ਬਦ ਕਿਸ ਲਈ ਵਰਤਿਆ ਗਿਆ ਹੈ ?
(v) ਟੁਕੜੀ ਜੱਗ ਤੋਂ ਨਯਾਰੀ ਕਿੱਥੋਂ ਦੀ ਧਰਤੀ ਨੂੰ ਕਿਹਾ ਗਿਆ ਹੈ ?

**2. ਹੇਠ ਲਿਖੀ ਕਾਵਿ ਟੁਕੜੀ ਦੇ ਆਧਾਰ 'ਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :**

ਦੌੜੀ ਨੇ ਇਕ ਮੁਠ ਭਰ ਲੀਤੀ
ਇਸ ਵਿਚ ਕੀ ਕੀ ਆਇਆ :-
ਪਰਬਤ, ਟਿੱਬੇ ਅਤੇ ਕਰੇਵੇ
ਵਿਚ ਮੈਦਾਨ ਸੁਹਾਇਆ,

(i) ਇਹ ਕਾਵਿ-ਟੁਕੜੀ ਕਿਸ ਕਵੀ ਦੀ ਹੈ ?
(ii) ਇਹ ਸਤਰਾਂ ਕਿਹੜੀ ਕਵਿਤਾ ਵਿੱਚੋਂ ਲਈਆਂ ਗਈਆਂ ਹਨ ?
(iii) ਕਿਸ ਨੇ 'ਮੁੱਠ' ਭਰ ਲਈ ?
(iv) 'ਮੁੱਠੀ' ਵਿੱਚ ਕਿਹੜੀਆਂ ਚੀਜ਼ਾਂ ਆਈਆਂ ?
(v) ਇਨ੍ਹਾਂ ਤੁਕਾਂ ਨੂੰ ਕਿਹੜੇ ਪ੍ਰਸੰਗ ਵਿੱਚ ਵਰਤਿਆ ਗਿਆ ਹੈ ?

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਹੈ ਧਰਤੀ ਪਰ 'ਛੁਹ ਅਸਮਾਨੀ'
ਸੁੰਦਰਤਾ ਵਿਚ ਲਿਸ਼ਕੇ,
ਧਰਤੀ ਦੇ ਰਸ, ਸਵਾਦ, ਨਜ਼ਾਰੇ,
'ਰਮਜ਼ ਅਰਸ਼' ਦੀ ਕਸਕੇ।

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ :

(i) ਤੁਸੀਂ ਆਪਣੇ ਸਮੇਂ ਦਾ ਸਦ-ਉਪਯੋਗ ਕਿਵੇਂ ਕਰਦੇ ਹੋ ? ਹਫ਼ਤੇ ਦਾ ਆਪਣਾ ਪੂਰਾ ਪ੍ਰੋਗਰਾਮ ਬਣਾ ਕੇ ਸਮਝਾਉ।
(ii) ਕਸ਼ਮੀਰ ਨਾਲ ਸੰਬੰਧਤ ਕੁਝ ਸੁੰਦਰ ਸਥਾਨਾਂ ਦੀਆਂ ਤਸਵੀਰਾਂ ਇਕੱਤਰ ਕਰਕੇ ਇੱਕ ਚਾਰਟ ਤਿਆਰ ਕਰੋ।
(iii) ਕੀ ਤੁਸੀਂ ਕਦੇ ਕਸ਼ਮੀਰ ਘੁੰਮਣ ਬਾਰੇ ਸੋਚਿਆ ਹੈ ? ਜੇਕਰ ਜਾਣ ਦਾ ਮੌਕਾ ਮਿਲੇ ਤਾਂ ਕੀ ਤਿਆਰੀ ਕਰੋਗੇ ?
(iv) 'ਸੁਹਣੀ' ਨੇ ਆਪਣੀ ਮੁੱਠੀ ਵਿਚਲੀ ਸੁੰਦਰਤਾ ਧਰਤੀ ਉਪਰ ਸੁੱਟ ਦਿੱਤੀ। ਜੇਕਰ ਤੁਸੀਂ ਉਸ ਦੀ ਥਾਂ ਹੁੰਦੇ ਤਾਂ ਕੀ ਕਰਦੇ ?
(v) ਫ਼ਰਜ਼ ਕਰੋ ਤੁਸੀਂ ਸਮੇਂ ਦੀ ਸਾਂਭ-ਸੰਭਾਲ ਉਪਰ ਕੋਈ ਭਾਸ਼ਣ ਦੇਣਾ ਹੈ। ਤੁਸੀਂ ਇਹ ਕਿਵੇਂ ਕਰੋਗੇ ? ਲਿਖ ਕੇ ਸਮਝਾਉ।

**ਅ. ਪਾਠ ਦੇ ਆਧਾਰ 'ਤੇ ਠੀਕ ( ✔ ) ਜਾਂ ਗਲਤ ( ✖ ) ਦਾ ਨਿਸ਼ਾਨ ਲਗਾਉ :**

(i) ਸਮਾਂ ਰੁਕਣ ਦੀ ਜਾਚ ਨਹੀਂ ਜਾਣਦਾ। ☐
(ii) ਸੁਹਣੀ ਨੇ ਮੁੱਠੀ ਵਿਚਲੀ ਵਸਤੂ ਅਸਮਾਨ ਵੱਲ ਸੁੱਟ ਦਿੱਤੀ। ☐
(iii) 'ਕੁਦਰਤ ਦੇਵੀ' ਨੇ ਹੌਲੀ-ਹੌਲੀ ਚੱਲ ਕੇ ਮੁੱਠ ਭਰੀ। ☐
(iv) ਅਰਸ਼ਾਂ ਦਾ ਨਜ਼ਾਰਾ ਬਹੁਤ ਸੁੰਦਰ ਸੀ। ☐
(v) ਅਸਮਾਨੀ ਛੁਹ ਕਾਰਨ ਧਰਤੀ ਸੁੰਦਰ ਬਣ ਗਈ। ☐

**ੲ. ਖਾਲੀ ਥਾਵਾਂ ਭਰੋ :**

(i) ਸਮੇਂ ਨੂੰ ... ਨਹੀਂ ਰੱਖਿਆ ਜਾ ਸਕਦਾ।
(ii) ... ਹੱਥ ਵਿਚੋਂ ਖਿਸਕਦਾ ਜਾਂਦਾ ਹੈ।
(iii) ਸਮੇਂ ਦੇ ਸਾਹਮਣੇ ... ਪਾਉਣ ਦਾ ਕੋਈ ਫ਼ਾਇਦਾ ਨਹੀਂ ਹੈ।
(iv) ਹੱਥੋਂ ਨਿਕਲਦੇ ਸਮੇਂ ਦੀ ... ਨਾਲ ਇਸ ਨੂੰ ਸਫ਼ਲ ਬਣਾਉਣਾ ਚਾਹੀਦਾ ਹੈ।
(v) ਕਸ਼ਮੀਰ ... ਨਜ਼ਾਰਿਆਂ ਦੀ ਧਰਤੀ ਹੈ।

**ਸਮਾਂ ਫੜ ਕੇ ਵਰਤੋਂ ਕੁਦਰਤੀ ਤਰਲੇ**

**ਸ. ਵਿਰੋਧੀ ਸ਼ਬਦ ਲਿਖੋ :**

(i) ਵੇਗ ....
(ii) ਧਰੀਕ ...
(iii) ਅਟਕ ...
(iv) ਸੰਭਾਲ ...
(v) ਸੁਹਣੀ ...
(vi) ਮਿੱਠੀਆਂ ...
(vii) ਭਰਨਾ ...
(viii) ਧੁੱਪ ...

**ਹ. ਸਮਾਨਾਰਥਕ ਸ਼ਬਦ ਲਿਖੋ :**

(i) ਮਿੱਠੀਆਂ ...
(ii) ਸੁੰਦਰ ...
(iii) ਅਸਮਾਨ ...
(iv) ਵੇਗ ...

**ਕ. 'ਸਮੇਂ' ਨੂੰ 'ਵੇਲਾ' ਵੀ ਆਖਿਆ ਜਾਂਦਾ ਹੈ। ਇਸ ਨੂੰ ਹੋਰ ਕਿਹੜੇ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ ?**

... ... ... ... ...

# ਕਵਿਤਾ

## ਫ਼ੀਰੋਜ਼ਦੀਨ ਸ਼ਰਫ਼



### ਸ਼ਖ਼ਸੀਅਤ ਤੇ ਰਚਨਾ

ਫ਼ੀਰੋਜ਼ਦੀਨ ਸ਼ਰਫ਼ ਦਾ ਜਨਮ 1898 ਈ. ਵਿੱਚ ਰਾਜਾਸਾਂਸੀ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਖ਼ਾਨ ਵੀਰੂ ਖ਼ਾਨ ਦੇ ਘਰ ਹੋਇਆ। ਉਨ੍ਹਾਂ ਦੀ ਦਿਲ ਖਿਚਵੀਂ ਆਵਾਜ਼ ਕਰਕੇ ਉਨ੍ਹਾਂ ਨੂੰ ਪੰਜਾਬੀ ਬੁਲਬੁਲ ਕਿਹਾ ਜਾਣ ਲੱਗਿਆ। ਉਨ੍ਹਾਂ ਦੀਆਂ ਕਵਿਤਾਵਾਂ ਦੇ ਵਿਸ਼ੇ—ਹਿੰਦੂ-ਮੁਸਲਿਮ ਸਮਾਜ-ਸੁਧਾਰ, ਦੇਸ਼-ਪਿਆਰ, ਆਜ਼ਾਦੀ, ਗੁਲਾਮੀ ਦੀ ਭੰਡੀ ਆਦਿ ਸਨ। ਉਨ੍ਹਾਂ ਦੀਆਂ ਰਚਨਾਵਾਂ ਹਨ-'ਦੁੱਖਾਂ ਦੇ ਕੀਰਨੇ', 'ਨੂਰੀ ਦਰਸ਼ਨ', 'ਸੁਨਹਿਰੀ ਕਲੀਆਂ', 'ਹਿਜ਼ਰ ਦੀ ਅੱਗ', 'ਸ਼ਰੋਮਣੀ ਸ਼ਹੀਦ', 'ਨਬੀਆਂ ਦਾ ਸਰਦਾਰ', 'ਸ਼ਰਫ਼ ਹੁਲਾਰੇ', 'ਸ਼ਰਫ਼ ਉਡਾਰੀ', 'ਸ਼ਰਫ਼ ਸੁਨੇਹੇ', 'ਜੋਗੜ' ਆਦਿ। ਉਨ੍ਹਾਂ ਦਾ ਦੇਹਾਂਤ 1955 ਈ. ਵਿੱਚ ਹੋਇਆ। ਉਨ੍ਹਾਂ ਨੇ ਆਪਣੀ ਕਵਿਤਾ ਰਾਹੀਂ ਲੋਕਾਂ ਦੇ ਮਨਾਂ ਅੰਦਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਮੁਹੱਬਤ ਪੈਦਾ ਕੀਤੀ।

### ਮੈਂ ਪੰਜਾਬੀ, ਪੰਜਾਬ ਦਾ ਰਹਿਣ ਵਾਲਾ

ਮੈਂ ਪੰਜਾਬੀ, ਪੰਜਾਬ ਦਾ ਰਹਿਣ ਵਾਲਾ,
ਹਾਂ ਮੈਂ ਪੇਂਡੂ ਪਰ ਸ਼ਹਿਰੀਏ ਢੰਗ ਦਾ ਹਾਂ।
ਸਮਝਾਂ ਉਰਦੂ, ਹਿੰਦੀ ਵੀ ਖ਼ੂਬ ਬੋਲਾਂ,
ਥੋੜੀ ਬਹੁਤ ਅੰਗਰੇਜੀ ਵੀ ਅੰਗਦਾ ਹਾਂ।
ਬੋਲੀ ਆਪਣੀ ਨਾਲ ਪਿਆਰ ਰੱਖਾਂ,
ਇਹ ਗੱਲ ਆਖਣੋਂ ਕਦੀ ਨਾ ਸੰਗਦਾ ਹਾਂ।

#### ਔਖੇ ਸ਼ਬਦਾਂ ਦੇ ਅਰਥ

ਪੇਂਡੂ : ਪਿੰਡ ਵਿੱਚ ਰਹਿਣ ਵਾਲਾ
ਸ਼ਹਿਰੀਏ : ਸ਼ਹਿਰ ਵਿੱਚ ਰਹਿਣ ਵਾਲਾ
ਖ਼ੂਬ : ਬਹੁਤ
ਅੰਗਦਾ : ਜਾਣਦਾ
ਆਖਣੋਂ : ਕਹਿਣੋਂ
ਸੰਗਦਾ : ਸ਼ਰਮਾਉਂਦਾ

ਮੋਤੀ ਕਿਸੇ ਸੁਹਾਗਣ ਦੀ ਨੱਥ ਦਾ ਮੈਂ,
ਟੁਕੜਾ ਕਿਸੇ ਪੰਜਾਬਣ ਦੀ ਵੰਗ ਦਾ ਹਾਂ।
ਮਿਲੇ ਮਾਣ ਪੰਜਾਬੀ ਨੂੰ ਦੇਸ ਅੰਦਰ,
ਆਸ਼ਕ ਮੁੱਢੋਂ ਮੈਂ ਏਸ ਉਮੰਗ ਦਾ ਹਾਂ।
ਵਾਰਸ ਸ਼ਾਹ ਤੇ ਬੁੱਲ੍ਹੇ ਦੇ ਰੰਗ ਅੰਦਰ
ਡੋਬ-ਡੋਬ ਕੇ ਜਿੰਦਗੀ ਰੰਗਦਾ ਹਾਂ।
ਰਵਾਂ ਇੱਥੇ ਤੇ ਯੂ.ਪੀ. 'ਚਿ ਕਰਾਂ ਗੱਲਾਂ,
ਐਸੀ ਅਕਲ ਨੂੰ ਛਿੱਕੇ ਤੇ ਟੰਗਦਾ ਹਾਂ।
ਮੈਂ ਪੰਜਾਬੀ, ਪੰਜਾਬੀ ਦਾ ਸ਼ਰਫ਼ ਸੇਵਕ,
ਸਦਾ ਖੈਰ ਪੰਜਾਬੀ ਦੀ ਮੰਗਦਾ ਹਾਂ।



**ਔਖੇ ਸ਼ਬਦਾਂ ਦੇ ਅਰਥ**

| | |
|---|---|
| ਮੋਤੀ | :ਰਤਨ |
| ਨੱਥ | :ਔਰਤ ਦੇ ਨੱਕ ਦਾ ਗਹਿਣਾ |
| ਮਾਣ | :ਇੱਜ਼ਤ |
| ਮੁੱਢੋਂ | :ਸ਼ੁਰੂ ਤੋਂ ਹੀ |
| ਉਮੰਗ | :ਇੱਛਾ, ਕਾਮਨਾ |
| ਡੋਬ-ਡੋਬ | :ਵਿਚਾਰਾਂ ਵਿੱਚ ਡੁੱਬ ਕੇ |
| ਰੰਗਦਾ | :ਖੁਸ਼ਹਾਲ |
| ਰਵਾਂ | :ਰਹਿੰਦਾ |
| ਛਿੱਕੇ ਤੇ ਟੰਗਣਾ | :ਦੂਰ ਰਖਣਾ |
| ਸੇਵਕ | :ਸੇਵਾਦਾਰ |
| ਖੈਰ | :ਭਲਾ |

## ਟਿੱਪਣੀ

ਫ਼ੀਰੋਜ਼ਦੀਨ ਸ਼ਰਫ਼ ਨੇ ਇਸ ਕਵਿਤਾ ਵਿੱਚ ਸਾਨੂੰ ਇਹ ਸਮਝਾਉਣ ਦਾ ਜਤਨ ਕੀਤਾ ਹੈ ਕਿ ਸਾਨੂੰ ਹੋਰ ਬੋਲੀਆਂ ਵੀ ਸਿਖਣੀਆਂ ਚਾਹੀਦੀਆਂ ਹਨ। ਪਰ ਆਪਣੀ ਮਾਂ-ਬੋਲੀ ਦਾ ਸਤਿਕਾਰ ਬਹੁਤ ਜ਼ਰੂਰੀ ਹੈ। ਉਹ ਆਪਣੀ ਇਸ ਕਵਿਤਾ ਰਾਹੀਂ ਪੰਜਾਬੀ ਭਾਸ਼ਾ ਨੂੰ ਦੇਸ ਅੰਦਰ ਮਾਣ ਦਿਵਾਉਣ ਦੀ ਕਾਮਨਾ ਕਰਦੇ ਹਨ। ਉਹ ਬੁੱਲ੍ਹੇ ਸ਼ਾਹ ਅਤੇ ਵਾਰਸ ਸ਼ਾਹ ਦੇ ਵਿਚਾਰਾਂ ਵਿੱਚ ਰੰਗ ਜਾਣਾ ਚਾਹੁੰਦੇ ਹਨ। ਉਹ ਆਪਣੇ ਆਪ ਨੂੰ ਪੰਜਾਬੀ ਦਾ ਸੇਵਾਦਾਰ ਕਹਿੰਦੇ ਹਨ ਅਤੇ ਪੰਜਾਬੀ ਦਾ ਭਲਾ ਮੰਗਦੇ ਹਨ। ਉਨ੍ਹਾਂ ਦੇ ਕਹਿਣ ਦਾ ਭਾਵ ਹੈ ਕਿ ਸਾਨੂੰ ਵੀ ਮਾਂ-ਬੋਲੀ ਦੀ ਮਹੱਤਤਾ ਨੂੰ ਪਛਾਨਣਾ ਚਾਹੀਦਾ ਹੈ ਅਤੇ ਪੰਜਾਬੀ ਨੂੰ ਜ਼ਿਆਦਾ ਤੋਂ ਜ਼ਿਆਦਾ ਆਪਣੀ ਜ਼ਿੰਦਗੀ ਵਿੱਚ ਅਪਨਾਉਣਾ ਚਾਹੀਦਾ ਹੈ। ਆਪਣੀ ਮਾਂ-ਬੋਲੀ ਨੂੰ ਵਿਸਾਰ ਕੇ ਤਰੱਕੀ ਨਹੀਂ ਕੀਤੀ ਜਾ ਸਕਦੀ। ਮਾਂ-ਬੋਲੀ ਹੀ ਆਪਸੀ-ਸੰਚਾਰ ਵਾਸਤੇ ਢੁਕਵੀਂ ਭਾਸ਼ਾ ਮੰਨੀ ਗਈ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਕਵੀ ਇਸ ਕਵਿਤਾ ਵਿੱਚ ਆਪਣੀ ਮਾਂ-ਬੋਲੀ ਪ੍ਰਤੀ ਕੀ ਵਿਚਾਰ ਰਖਦਾ ਹੈ ?

(ii) ਕਵੀ ਕੀ ਕਹਿਣ ਤੋਂ ਨਹੀਂ ਸੰਗਦਾ ?

(iii) ਕਵੀ ਨੂੰ ਆਪਣੀ ਮਾਂ-ਬੋਲੀ ਤੋਂ ਇਲਾਵਾ ਕਿਹੜੀਆਂ-ਕਿਹੜੀਆਂ ਭਾਸ਼ਾਵਾਂ ਦਾ ਗਿਆਨ ਹੈ ?

(iv) ਸੂਫ਼ੀ ਕਵੀ ਵਾਰਸ ਸ਼ਾਹ ਅਤੇ ਬੁੱਲ੍ਹੇ ਸ਼ਾਹ ਦੇ ਪ੍ਰਤੀ ਕਵੀ ਕੀ ਵਿਚਾਰ ਰਖਦਾ ਹੈ ?

(v) ਕਵੀ ਕਿਸ ਚੀਜ਼ ਦੀ ਖ਼ੈਰ ਮੰਗਦਾ ਹੈ ?

2. ਹੇਠ ਲਿਖੀਆਂ ਕਾਵਿ-ਸਤਰਾਂ ਦੇ ਆਧਾਰ 'ਤੇ ਪ੍ਰਸ਼ਨਾਂ ਦੇ ਉੱਤਰ ਲਿਖੋ :

ਮਿਲੇ ਮਾਣ ਪੰਜਾਬੀ ਨੂੰ ਦੇਸ ਅੰਦਰ,
ਆਸ਼ਕ ਮੁੱਢੋਂ ਮੈਂ ਏਸ ਉਮੰਗ ਦਾ ਹਾਂ।
ਵਾਰਸ ਸ਼ਾਹ ਤੇ ਬੁੱਲ੍ਹੇ ਦੇ ਰੰਗ ਅੰਦਰ
ਡੋਬ-ਡੋਬ ਕੇ ਜਿੰਦਗੀ ਰੰਗਦਾ ਹਾਂ।

(i) ਕਵੀ ਪੂਰੇ ਦੇਸ਼ ਅੰਦਰ ਪੰਜਾਬੀ ਭਾਸ਼ਾ ਨੂੰ ਕੀ ਦਰਜਾ ਦੇਣਾ ਚਾਹੁੰਦਾ ਹੈ ?

(ii) ਕਵੀ ਵਾਰਸ ਸ਼ਾਹ ਤੇ ਬੁੱਲ੍ਹੇ ਸ਼ਾਹ ਦੇ ਰੰਗ ਅੰਦਰ ਕਿਉਂ ਰੰਗਿਆ ਹੋਇਆ ਹੈ?

(iii) ਕਵੀ ਮੁੱਢ ਤੋਂ ਹੀ ਕੀ ਉਮੰਗ ਰਖਦਾ ਹੈ ?

3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਸਮਝਾਂ ਉਰਦੂ, ਹਿੰਦੀ ਵੀ ਖੂਬ ਬੋਲਾਂ,
ਥੋੜੀ ਬਹੁਤ ਅੰਗਰੇਜੀ ਵੀ ਅੰਗਦਾ ਹਾਂ।
ਬੋਲੀ ਆਪਣੀ ਨਾਲ ਪਿਆਰ ਰੱਖਾਂ,
ਇਹ ਗੱਲ ਆਖਣੋਂ ਕਦੀ ਨਾ ਸੰਗਦਾ ਹਾਂ।

## ਪੰਜਾਬ ਦਾ ਗੀਤ

ਸੋਹਣਿਆਂ ਦੇਸਾਂ ਅੰਦਰ,
ਦੇਸ ਪੰਜਾਬ ਨੀ ਸਈਓ !
ਜਿਵੇਂ ਫੁੱਲਾਂ ਅੰਦਰ,
ਫੁੱਲ ਗੁਲਾਬ ਨੀ ਸਈਓ !



ਰਲਮਿਲ ਬਾਗੀਂ ਪੀਂਘਾਂ ਝੂਟਣ,
ਕੁੜੀਆਂ ਨਾਗਰ ਵੇਲਾਂ।
ਜੋਸ਼ ਜੁਆਨੀ ਠਾਠਾਂ ਮਾਰੇ,
ਲਿਸ਼ਕਣ ਹਾਰ ਹਮੇਲਾਂ।
ਪਹਿਨਣ ਹੀਰੇ ਮੋਤੀ,
ਮੁਖ ਮਤਾਬ ਨੀ ਸਈਓ !
ਸੋਹਣਿਆਂ ਦੇਸਾਂ ਅੰਦਰ,
ਦੇਸ ਪੰਜਾਬ ਨੀ ਸਈਓ !

**ਔਖੇ ਸ਼ਬਦਾਂ ਦੇ ਅਰਥ**

ਸਈਓ : ਸਾਥਣਾਂ
ਨਾਗਰ ਵੇਲਾਂ : ਇਕ ਬੂਟਾ
ਠਾਠਾਂ : ਹੁਲਾਰੇ
ਹਮੇਲਾਂ : ਔਰਤਾਂ ਦਾ ਗਹਿਣਾ
ਮਤਾਬ : ਚੰਦ ਦੀ ਚਾਨਣੀ

ਜੁੜ ਮੁਟਿਆਰਾਂ ਤ੍ਰਿੰਞਣ ਅੰਦਰ,
ਚਰਖੇ ਬੈਠ ਘੁਕਾਵਣ !
ਨਾਜ਼ਕ ਬਾਂਹ ਉਲਾਰ ਪਿਆਰੀ,
ਤੰਦ ਚਰਖੜੇ ਪਾਵਣ।
ਸੀਨੇ ਅੱਗਾਂ ਲਾਵਣ।
ਹੋਠ ਉਨਾਬ ਨੀ ਸਈਓ !
ਸੋਹਣਿਆਂ ਦੇਸਾਂ ਅੰਦਰ,
ਦੇਸ ਪੰਜਾਬ ਨੀ ਸਈਓ !

ਹੀਰ ਸ਼ਹਿਜ਼ਾਦੀ ਬੇੜੇ ਬੈਠੀ,
ਸਈਆਂ ਖੇਡਣ ਪਈਆਂ !
ਚੰਦ ਦੁਆਲੇ ਤਾਰੇ ਚਮਕਣ,
ਹੀਰ ਦੁਆਲੇ ਸਈਆਂ !
ਝੱਲੀ ਜਾਏ ਨਾਹੀਂ,
ਉਹਦੀ ਤਾਬ ਨੀ ਸਈਓ !
ਸੋਹਣਿਆਂ ਦੇਸਾਂ ਅੰਦਰ,
ਦੇਸ ਪੰਜਾਬ ਨੀ ਸਈਓ !

ਮੌਜ ਲਾਈ ਦਰਿਆਵਾਂ ਸੋਹਣੀ,
ਬਾਗ਼ ਜ਼ਮੀਨਾਂ ਫਲਦੇ !
'ਸ਼ਰਫ਼' ਪੰਜਾਬੀ ਧਰਤੀ ਉੱਤੇ
ਠੁਮਕ ਠੁਮਕ ਪਏ ਚਲਦੇ !
ਸਤਲੁਜ, ਰਾਵੀ, ਜੇਹਲਮ,
ਅਟਕ, ਚਨਾਬ ਨੀ ਸਈਓ !
ਸੋਹਣਿਆਂ ਦੇਸਾਂ ਅੰਦਰ,
ਦੇਸ ਪੰਜਾਬ ਨੀ ਸਈਓ !

**ਔਖੇ ਸ਼ਬਦਾਂ ਦੇ ਅਰਥ**

ਤ੍ਰਿੰਞਣ : ਕੱਤਣ ਲਈ ਕੁੜੀਆਂ ਦਾ ਹੋਇਆ ਇਕੱਠ
ਘੁਕਾਵਣ : ਘੁਮਾਉਣਾ
ਤੰਦ : ਧਾਗਾ, ਸੂਤ
ਉਨਾਬ : ਮੈਹਰੂਨ (ਗੂੜ੍ਹਾ ਲਾਲ) ਰੰਗ
ਬੇੜੇ : ਵੱਡੀ ਕਿਸ਼ਤੀ
ਝੱਲੀ : ਸਹਿਣ ਕਰਨਾ
ਤਾਬ : ਚਮਕ
ਮੌਜ : ਆਨੰਦ
ਠੁਮਕ-ਠੁਮਕ : ਮਸਤ ਚਾਲ
ਸਤਲੁਜ, ਰਾਵੀ, ਜੇਹਲਮ, ਅਟਕ, ਚਨਾਬ : ਦਰਿਆਵਾਂ ਦੇ ਨਾਂ

## ਟਿੱਪਣੀ

ਫ਼ੀਰੋਜ਼ਦੀਨ ਸ਼ਰਫ਼ ਦੀ ਕਵਿਤਾ 'ਪੰਜਾਬ' ਉਸ ਦੀ ਪੁਸਤਕ 'ਜੋਗਣ' ਵਿੱਚੋਂ ਲਈ ਗਈ ਹੈ, ਜਿਸ ਵਿੱਚ ਉਸ ਨੇ ਪੰਜਾਬ ਦੀ ਸਿਫ਼ਤ ਕੀਤੀ ਹੈ। ਪੰਜਾਬ ਵਿੱਚ ਔਰਤਾਂ ਨੂੰ ਬਹੁਤ ਸਨਮਾਨ ਦਿੱਤਾ ਜਾਂਦਾ ਹੈ। ਕਵੀ ਇਸ ਕਵਿਤਾ ਵਿੱਚ ਔਰਤਾਂ ਦੀ ਸੁੰਦਰਤਾ ਦਾ ਵਰਨਣ ਕਰਦਾ ਹੈ। ਤ੍ਰਿੰਞਣ ਵਿੱਚ ਬੈਠ ਕੇ ਚਰਖੇ ਕੱਤਦੀਆਂ ਅਤੇ ਚਰਖੇ 'ਤੇ ਤੰਦ ਪਾਉਂਦੀਆਂ ਔਰਤਾਂ ਬਹੁਤ ਸੁੰਦਰ ਲਗਦੀਆਂ ਹਨ। ਉਨ੍ਹਾਂ ਦੀ ਚਮਕ ਕਿਸੇ ਤੋਂ ਝੱਲੀ ਨਹੀਂ ਜਾਂਦੀ। ਪੰਜਾਬ ਅੰਦਰ ਦਰਿਆਵਾਂ ਦੀ ਅਪਾਰ ਕਿਰਪਾ ਹੈ। ਦਰਿਆਵਾਂ ਦੇ ਪਾਣੀ ਨਾਲ ਪੰਜਾਬ ਦੀਆਂ ਜ਼ਮੀਨਾਂ ਸੋਨਾ ਉਗਾਉਂਦੀਆਂ ਹਨ।

## ਅਭਿਆਸ

**1. ਦੱਸੋ ਖਾਂ ਭਲਾ :**

(i) ਕਵੀ ਨੇ 'ਪੰਜਾਬ' ਕਵਿਤਾ ਵਿੱਚ ਕੁੜੀਆਂ ਦੀ ਸੁੰਦਰਤਾ ਦਾ ਵਰਣਨ ਕੀਤਾ ਹੈ। ਉਸ ਨੂੰ ਆਪਣੇ ਸ਼ਬਦਾਂ 'ਚ ਲਿਖੋ।

(ii) ਤ੍ਰਿੰਞਣ ਵਿਚ ਬੈਠ ਕੇ ਮੁਟਿਆਰਾਂ ਕੀ ਕਰਦੀਆਂ ਹਨ ?

(iii) ਹੀਰ ਦੀ ਤਾਬ ਕਿਉਂ ਨਹੀਂ ਝੱਲੀ ਜਾ ਸਕਦੀ ?

(iv) ਪੰਜਾਬ ਦੀ ਧਰਤੀ ਉੱਤੇ ਠੁਮਕ-ਠੁਮਕ ਪਏ ਚਲਦੇ ਦਰਿਆਵਾਂ ਦੇ ਨਾਂ ਲਿਖੋ।

(v) ਪੰਜਾਬ ਅੰਦਰ ਦਰਿਆਵਾਂ ਨੇ ਕੀ ਮੌਜ ਲਾਈ ਹੋਈ ਹੈ ?

**2. ਹੇਠ ਲਿਖੀਆਂ ਕਾਵਿ-ਸਤਰਾਂ ਦੇ ਆਧਾਰ 'ਤੇ ਪ੍ਰਸ਼ਨਾਂ ਦੇ ਉੱਤਰ ਲਿਖੋ :**

ਰਲਮਿਲ ਬਾਗ਼ੀਂ ਪੀਂਘਾਂ ਝੂਟਣ,
ਕੁੜੀਆਂ ਨਾਗਰ ਵੇਲਾਂ।
ਜੋਸ਼ ਜੁਆਨੀ ਠਾਠਾਂ ਮਾਰੇ,
ਲਿਸ਼ਕਣ ਹਾਰ ਹਮੇਲਾਂ।
ਪਹਿਨਣ ਹੀਰੇ ਮੋਤੀ,
ਮੁਖ ਮਤਾਬ ਨੀ ਸਈਓ !
ਸੋਹਣਿਆਂ ਦੇਸਾਂ ਅੰਦਰ,
ਦੇਸ ਪੰਜਾਬ ਨੀ ਸਈਓ !

(i) ਕੁੜੀਆਂ ਬਾਗ਼ਾਂ ਵਿੱਚ ਕੀ ਝੂਟਣ ਜਾਂਦੀਆਂ ਹਨ ?

(ii) ਉਨ੍ਹਾਂ ਦੇ ਗਲੇ ਵਿੱਚ ਕੀ ਲਿਸ਼ਕ ਰਿਹਾ ਹੁੰਦਾ ਹੈ ?

(iii) ਉਨ੍ਹਾਂ ਦਾ ਮੁੱਖ ਕਿਸ ਤਰ੍ਹਾਂ ਦਾ ਲਗਦਾ ਹੈ ?

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਲਿਖੋ :**

ਮੌਜ ਲਾਈ ਦਰਿਆਵਾਂ ਸੋਹਣੀ,
ਬਾਗ਼ ਜ਼ਮੀਨਾਂ ਫਲਦੇ !
'ਸ਼ਰਫ਼' ਪੰਜਾਬੀ ਧਰਤੀ ਉੱਤੇ
ਠੁਮਕ ਠੁਮਕ ਪਏ ਚਲਦੇ !
ਸਤਲੁਜ, ਰਾਵੀ, ਜੇਹਲਮ,
ਅਟਕ, ਚਨਾਬ ਨੀ ਸਈਓ !
ਸੋਹਣਿਆਂ ਦੇਸਾਂ ਅੰਦਰ,
ਦੇਸ ਪੰਜਾਬ ਨੀ ਸਈਓ !

## ਆਓ ਕੁਝ ਹੋਰ ਕਰੀਏ

**ੳ. ਪਾਠ ਤੋਂ ਅੱਗੇ :**

(i) ਕੀ ਤੁਹਾਨੂੰ ਕਦੇ ਪੰਜਾਬੀ ਅਖਵਾਉਣ ਵਿੱਚ ਔਖ ਮਹਿਸੂਸ ਹੋਈ ਹੈ ? ਇਸ ਤਰ੍ਹਾਂ ਦੀ ਕਿਸੇ ਘਟਨਾ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

(ii) ਫ਼ਰਜ਼ ਕਰੋ ਤੁਹਾਨੂੰ ਕੋਈ ਵਿਅਕਤੀ ਕਹਿੰਦਾ ਹੈ ਕਿ ਉਹ ਆਪਣੀ ਮਾਂ-ਬੋਲੀ ਦਾ ਬਹੁਤ ਸਤਿਕਾਰ ਕਰਦਾ ਹੈ। ਪਰ ਉਹ ਖਾਣਾ ਖਾਣ ਸਮੇਂ ਕਿਸੇ ਹੋਰ ਭਾਸ਼ਾ ਦਾ ਅਖ਼ਬਾਰ ਵਿਛਾਉਂਦਾ ਹੈ। ਤੁਸੀਂ ਉਸ ਨੂੰ ਹਰੇਕ ਮਾਂ-ਬੋਲੀ ਦਾ ਸਤਿਕਾਰ ਕਰਨ ਲਈ ਕਹਿੰਦਿਆਂ ਵਿਸਤਾਰ ਵਿੱਚ ਪੰਜਾਬੀ ਵਿੱਚ ਪੱਤਰ/ਚਿੱਠੀ ਲਿਖੋ।

(iii) ਅੱਜ ਕੱਲ੍ਹ ਪੰਜਾਬ ਵਿੱਚ ਕਿੰਨੇ ਦਰਿਆ ਵਗਦੇ ਹਨ। ਉਨ੍ਹਾਂ ਦੇ ਕੰਢੇ ਵਸੇ ਸ਼ਹਿਰਾਂ ਦੇ ਨਾਂ ਦੱਸੋ।

(iv) ਕੀ ਹੁਣ ਵੀ ਪੰਜਾਬ ਦੀ ਪਹਿਲਾਂ ਵਾਲੀ ਸ਼ਾਨ ਬਰਕਰਾਰ ਹੈ ? ਆਪਣੇ ਤਰਕ ਨਾਲ ਇੱਕ ਟਿੱਪਣੀ ਲਿਖੋ।

(v) ਪੰਜਾਬ ਦੇ ਮਸ਼ਹੂਰ ਸਭਿਆਚਾਰਕ ਚਿੰਨ੍ਹ ਪੀਂਘ ਤੇ ਚਰਖੇ ਦੇ ਮਹੱਤਵ ਉੱਪਰ ਰੌਸ਼ਨੀ ਪਾਉਂਦਾ ਇੱਕ ਚਾਰਟ ਤਿਆਰ ਕਰੋ।

**ਅ. ਪਾਠ ਦੇ ਆਧਾਰ ’ਤੇ ਠੀਕ ( ✔ ) ਜਾਂ ਗਲਤ ( ✖ ) ਦਾ ਨਿਸ਼ਾਨ ਬਣਾਉ :**

(i) ਕਵੀ ਸ਼ਹਿਰੀਏ ਢੰਗ ਦਾ ਨਹੀਂ ਹੈ। ☐

(ii) ਤ੍ਰਿੰਞਣ ਚਰਖਾ ਕੱਤਣ ਵਾਲੇ ਆਦਮੀਆਂ ਦੀ ਟੋਲੀ ਨੂੰ ਆਖਦੇ ਹਨ। ☐

(iii) ਪੰਜ ਦਰਿਆਵਾਂ ਦੀ ਧਰਤੀ ਨੂੰ ਪੰਜਾਬ ਕਹਿੰਦੇ ਹਨ। ☐

(iv) ਹੀਰ ਦੀਆਂ ਸਹੇਲੀਆਂ ਚੰਨ ਦੁਆਲੇ ਤਾਰਿਆਂ ਵਾਂਗ ਹਨ। ☐

(v) ਦਰਿਆਵਾਂ ਕਾਰਨ ਜ਼ਮੀਨਾਂ ਫਲ-ਫੁਲ ਨਹੀਂ ਸਕਦੀਆਂ। ☐

**ੲ. ਖਾਲੀ ਥਾਵਾਂ ਭਰੋ :**

| | |
|---|---|
| ਨੂੰ | ਨੇ |
| ਵਿਚ | ਦੀ |
| ਅੰਗਰੇਜ਼ੀ | ਵਾਸਤੇ |

(i) ਮੁਟਿਆਰਾਂ ਇਕੱਠੀਆਂ ਹੋ ਕੇ ਬਾਗ ... ਪੀਂਘ ਝੂਟਣ ਲਈ ਜਾਂਦੀਆਂ ਹਨ।

(ii) ਦਰਿਆਵਾਂ ਨੇ ਪੰਜਾਬ ਦੀ ਧਰਤੀ ... ਪ੍ਰਫੁਲਿਤ ਬਣਾਇਆ ਹੈ।

(iii) ਸ਼ਰਫ਼ ਕੁਝ ਕੁ ... ਵੀ ਬੋਲ ਸਕਦਾ ਹੈ।

(iv) ਚਰਖੇ ਦੀ ਤੰਦ ਪਾਉਣ ... ਬਾਂਹ ਉਲਾਰਨੀ ਪੈਂਦੀ ਹੈ।

(v) ਫ਼ੀਰਜ਼ੋਦੀਨ ਸ਼ਰਫ਼ ... ਪੰਜਾਬੀ ... ਸ਼ਾਨ ਵਿੱਚ ਗੀਤ ਲਿਖਿਆ ਹੈ।

**ਸ. ਜੋੜੇ ਬਣਾਉ :**

| | |
|---|---|
| ਵਾਰਿਸ | ਭਾਸ਼ਾ |
| ਬੁੱਲ੍ਹੇ ਸ਼ਾਹ | ਕਿੱਸਾ |
| ਪੰਜਾਬੀ | ਕਾਫ਼ੀਆਂ |
| ਦੇਸ | ਪੰਜਾਬ |

**ਹ. ਵਿਰੋਧੀ ਸ਼ਬਦ ਲਿਖੋ :**

(i) ਅੰਦਰ ...

(ii) ਠੁਮਕ-ਠੁਮਕ ...

(iii) ਜੁਆਨੀ ...

(iv) ਸੁਹਣਾ ...

**ਕ. ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ :**

(i) ਸਹੇਲੀ ...

(ii) ਦੇਸ ...

(iii) ਅੱਗ ...

(iv) ਤਾਰਾ ...

**ਖ. ਚੰਦ ਨੂੰ ਚੰਨ ਜਾਂ ਚੰਦਰਮਾ ਵੀ ਆਖਿਆ ਜਾਂਦਾ ਹੈ। ਹੇਠਾਂ ਕੁਝ ਹੋਰ ਨਾਂ ਦਿੱਤੇ ਗਏ ਹਨ। ਉਨ੍ਹਾਂ ਦੇ ਕੁਝ ਹੋਰ ਨਾਂ ਦੱਸੋ।**

ਮੌਜ ... ... ... ...

ਸਈਆਂ ... ... ... ...

ਲਿਸ਼ਕਣ ... ... ... ...

ਧਰਤੀ ... ... ... ...

**ਗ. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸੰਖੇਪ ਵਿੱਚ ਉੱਤਰ ਦਿਉ :**

(i) ਪੰਜਾਬੀ ਦੀਆਂ ਕਿੰਨੀਆਂ ਲਗਾਂ-ਮਾਤਰਾਂ ਹਨ ?

(ii) ਅਨੁਨਾਸਕੀ ਵਿਅੰਜਨ ਲਿਖੋ।

(iii) ਪੰਜਾਬੀ ਵਿੱਚ ਪੈਰ 'ਚ ਪੈਣ ਵਾਲੇ ਅੱਖਰ ਕਿਹੜੇ-ਕਿਹੜੇ ਹਨ ?

(iv) ਪੰਜਾਬੀ ਦੇ ਤਿੰਨ ਸ੍ਵਰ ਲਿਖੋ।

(v) ਤਿੰਨ ਲਗਾਖਰ ਲਿਖੋ।

**ਘ. ਕਵਿਤਾ ਵਿੱਚੋਂ ਮੁਹਾਵਰੇ ਲੱਭ ਕੇ ਉਨ੍ਹਾਂ ਦੇ ਵਾਕ ਬਣਾਉ।**

# ਕਵਿਤਾ

## ਸ਼ਿਵ ਕੁਮਾਰ ਬਟਾਲਵੀ

### ਸ਼ਖ਼ਸੀਅਤ ਤੇ ਰਚਨਾ



ਸ਼ਿਵ ਕੁਮਾਰ ਬਟਾਲਵੀ ਦਾ ਜਨਮ 23 ਜੁਲਾਈ, 1936 ਈ. ਵਿਚ ਬੜਾ ਪਿੰਡ ਲੋਹਟੀਆਂ, ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਵਿਚ ਹੋਇਆ। ਉਨ੍ਹਾਂ ਦੇ ਪਿਤਾ ਪੰਡਿਤ ਕ੍ਰਿਸ਼ਨ ਗੋਪਾਲ ਪਿੰਡ ਦੇ ਤਹਿਸੀਲਦਾਰ ਅਤੇ ਮਾਤਾ ਸ਼ਾਂਤੀ ਦੇਵੀ ਘਰੇਲੂ ਔਰਤ ਸਨ। ਵੰਡ ਤੋਂ ਬਾਅਦ ਉਹ ਬਟਾਲੇ (ਜ਼ਿਲ੍ਹਾ ਗੁਰਦਾਸਪੁਰ) ਆ ਗਏ। ਇਥੇ ਹੀ ਸ਼ਿਵ ਨੇ ਆਪਣੀ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ। ਉਨ੍ਹਾਂ ਦੀ ਸੁਰੀਲੀ ਆਵਾਜ਼ ਨੇ ਉਨ੍ਹਾਂ ਨੂੰ ਅਤੇ ਉਨ੍ਹਾਂ ਦੀ ਕਵਿਤਾ ਨੂੰ ਬੜਾ ਹੀ ਹਰਮਨ ਪਿਆਰਾ ਬਣਾ ਦਿੱਤਾ। ਉਨ੍ਹਾਂ ਨੂੰ ਪੰਜਾਬੀ ਦਾ ਸ਼ੈਲੇ ਵੀ ਕਿਹਾ ਜਾਂਦਾ ਹੈ। ਉਨ੍ਹਾਂ ਦੀਆਂ ਰਚਨਾਵਾਂ ਹਨ—'ਪੀੜਾਂ ਦਾ ਪਰਾਗਾ', 'ਲਾਜਵੰਤੀ', 'ਆਟੇ ਦੀਆਂ ਚਿੜੀਆਂ', 'ਮੈਨੂੰ ਵਿਦਾ ਕਰੋ', 'ਲੂਣਾ', 'ਮੈਂ ਤੇ ਮੈਂ', 'ਆਰਤੀ', 'ਬਿਰਹਾ ਤੂੰ ਸੁਲਤਾਨ' ਆਦਿ। ਉਨ੍ਹਾਂ ਦਾ ਦੇਹਾਂਤ 6 ਮਈ, 1973 ਈ. ਨੂੰ ਹੋਇਆ। 1967 ਵਿੱਚ ਉਨ੍ਹਾਂ ਦੀ ਸਾਹਿਤਕ ਰਚਨਾ 'ਲੂਣਾ' 'ਤੇ ਉਨ੍ਹਾਂ ਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ। ਸ਼ਿਵ ਦੀ ਕਵਿਤਾ ਦੁੱਖ, ਨਿੱਜੀ ਦਰਦ ਅਤੇ ਵਿਛੋੜੇ 'ਤੇ ਕੇਂਦਰਿਤ ਹੈ।

### ਰੁੱਖ

ਕੁਝ ਰੁੱਖ ਮੈਨੂੰ ਪੁੱਤ ਲਗਦੇ ਨੇ
ਕੁਝ ਰੁੱਖ ਲਗਦੇ ਮਾਵਾਂ
ਕੁਝ ਰੁੱਖ ਨੂੰਹਾਂ ਧੀਆਂ ਲਗਦੇ
ਕੁਝ ਰੁੱਖ ਵਾਂਗ ਭਰਾਵਾਂ

**ਔਖੇ ਸ਼ਬਦਾਂ ਦੇ ਅਰਥ**

ਵਾਕਣ : ਵਰਗੇ
ਪੱਤਰ : ਦਰਖਤ ਦਾ ਪੱਤਾ
ਚੂਰੀ : ਸ਼ੱਕਰ ਘਿਉ ਵਿੱਚ ਕੁੱਟੀ ਹੋਈ ਰੋਟੀ
ਮਿੱਠਾ : ਪਿਆਰਾ
ਦੁਖਾਵਾਂ : ਦੁੱਖ ਵਾਲਾ
ਵਾਵਾਂ : ਹਵਾਵਾਂ
ਸਾਵੀ : ਹਰੀ ਭਰੀ, ਖ਼ੁਸ਼ਬੂਨੁਮਾ
ਜੂਨੇ : ਜਨਮ

ਕੁਝ ਰੁੱਖ ਮੇਰੇ ਬਾਬੇ ਵਾਕਣ
ਪੱਤਰ ਟਾਵਾਂ ਟਾਵਾਂ
ਕੁਝ ਰੁੱਖ ਮੇਰੀ ਦਾਦੀ ਵਰਗੇ
ਚੂਰੀ ਪਾਵਣ ਕਾਵਾਂ
ਕੁਝ ਰੁੱਖ ਯਾਰਾਂ ਵਰਗੇ ਲਗਦੇ
ਚੁੰਮਾਂ ਤੇ ਗਲ ਲਾਵਾਂ
ਇਕ ਮੇਰੀ ਮਹਿਬੂਬ ਵਾਕਣ
ਮਿੱਠਾ ਅਤੇ ਦੁਖਾਵਾਂ
ਕੁਝ ਰੁੱਖ ਮੇਰਾ ਦਿਲ ਕਰਦਾ ਏ
ਮੋਢੇ ਚੁੱਕ ਖਿਡਾਵਾਂ
ਕੁਝ ਰੁੱਖ ਮੇਰਾ ਦਿਲ ਕਰਦਾ ਏ
ਚੁੰਮਾਂ ਤੇ ਮਰ ਜਾਵਾਂ
ਕੁਝ ਰੁੱਖ ਜਦ ਵੀ ਰਲ ਕੇ ਝੂਮਣ
ਤੇਜ਼ ਵਗਣ ਜਦ ਵਾਵਾਂ
ਸਾਵੀ ਬੋਲੀ ਸਭ ਰੁੱਖਾਂ ਦੀ
ਦਿਲ ਕਰਦਾ ਲਿਖ ਜਾਵਾਂ
ਮੇਰਾ ਵੀ ਇਹ ਦਿਲ ਕਰਦਾ ਏ
ਰੁੱਖ ਦੀ ਜੂਨੇ ਆਵਾਂ
ਜੇ ਤੁਸਾਂ ਮੇਰਾ ਗੀਤ ਹੈ ਸੁਣਨਾ
ਮੈਂ ਰੁੱਖਾਂ ਵਿਚ ਗਾਵਾਂ
ਰੁੱਖ ਤਾਂ ਮੇਰੀ ਮਾਂ ਵਰਗੇ ਨੇ
ਜਿਉਂ ਰੁੱਖਾਂ ਦੀਆਂ ਛਾਵਾਂ।



## ਟਿੱਪਣੀ

ਸ਼ਿਵ ਕੁਮਾਰ ਬਟਾਲਵੀ ਨੇ ਇਸ ਕਵਿਤਾ ਰਾਹੀਂ ਸਾਡੇ ਮਹੱਤਵਪੂਰਨ ਸਮਾਜਿਕ ਰਿਸ਼ਤਿਆਂ ਨੂੰ ਰੁੱਖਾਂ ਨਾਲ ਜੋੜਿਆ ਹੈ। ਇਨ੍ਹਾਂ ਵਿੱਚ ਖ਼ੂਨ ਦੇ ਰਿਸ਼ਤੇ ਵੀ ਸ਼ਾਮਿਲ ਹਨ। ਬਚਪਨ ਵਿਚ ਜਿਨ੍ਹਾਂ ਰੁੱਖਾਂ 'ਤੇ ਚੜ੍ਹ ਕੇ ਅਸੀਂ ਖੇਡਾਂ ਖੇਡਿਆ ਕਰਦੇ ਸੀ, ਉਹ ਰੁੱਖ ਸਾਡੇ ਲਈ ਮਿੱਤਰਾਂ ਅਤੇ ਭਰਾਵਾਂ ਤੋਂ ਘੱਟ ਨਹੀਂ ਹਨ। ਮਨੁੱਖਾਂ ਦਾ ਰੁੱਖਾਂ ਨਾਲ ਗੂੜ੍ਹਾ ਰਿਸ਼ਤਾ ਹੈ। ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਤੱਕ ਰੁੱਖ ਉਸ ਦਾ ਪੱਕਾ ਸਾਥ ਨਿਭਾਉਂਦੇ ਹਨ। ਪਰ ਮਨੁੱਖ ਇਨ੍ਹਾਂ ਰੁੱਖਾਂ ਨੂੰ ਵੱਢ-ਵੱਢ ਕੇ ਧਰਤੀ ਉੱਪਰ ਵਾਤਾਵਰਨ ਸੰਤੁਲਨ ਨੂੰ ਖ਼ਰਾਬ ਕਰਨ ਵਿੱਚ ਲੱਗਾ ਹੋਇਆ ਹੈ। ਵਿਗਿਆਨ ਅਤੇ ਪ੍ਰਗਤੀ ਦੀ ਅੰਨ੍ਹੀ ਦੌੜ ਵਿਚ ਅਸੀਂ ਆਪਣੇ ਸੁਆਰਥ ਲਈ ਗੁਣਕਾਰੀ, ਪ੍ਰਦੂਸ਼ਨ ਰੋਕਣ ਵਾਲੇ, ਵਰਖਾ ਲਿਆਉਣ ਵਿੱਚ ਮਦਦ ਕਰਨ ਵਾਲੇ ਰੁੱਖਾਂ ਨੂੰ ਕੱਟ ਕੇ ਵਾਤਾਵਰਨ ਨੂੰ ਖ਼ਰਾਬ ਕਰਨ ਵਿੱਚ ਭਾਗੀਦਾਰ ਨਾ ਬਣੀਏ।

## ਅਭਿਆਸ

**1. ਦੱਸੋ ਖਾਂ ਭਲਾ :**

(i) ਰੁੱਖਾਂ ਦਾ ਮਨੁੱਖ ਨਾਲ ਕੀ ਰਿਸ਼ਤਾ ਹੈ ?
(ii) ਰੁੱਖ ਕਦੋਂ ਰਲ ਕੇ ਝੂਮਦੇ ਹਨ ?
(iii) ਲੇਖਕ ਇਸ ਕਵਿਤਾ ਵਿੱਚ ਕਿਹੜੀ ਜੂਨ ਵਿਚ ਆਉਣ ਦੀ ਗੱਲ ਕਰਦਾ ਹੈ ?
(iv) ਇਸ ਕਵਿਤਾ ਵਿੱਚ ਛਾਵਾਂ ਦੀ ਤੁਲਨਾ ਕਿਸ ਨਾਲ ਕੀਤੀ ਗਈ ਹੈ ?
(v) ਰੁੱਖਾਂ ਦੀ ਬੋਲੀ ਕਿਸ ਤਰ੍ਹਾਂ ਦੀ ਹੈ ?
(vi) ਯਾਰਾਂ ਵਰਗੇ ਲਗਦੇ ਰੁੱਖਾਂ ਬਾਰੇ ਲੇਖਕ ਦੇ ਕੀ ਵਿਚਾਰ ਹਨ ?

**2. ਹੇਠ ਲਿਖੀਆਂ ਕਾਵਿ-ਸਤਰਾਂ ਦੇ ਆਧਾਰ 'ਤੇ ਪ੍ਰਸ਼ਨਾਂ ਦੇ ਉੱਤਰ ਲਿਖੋ :**

ਕੁਝ ਰੁੱਖ ਜਦ ਵੀ ਰਲ ਕੇ ਝੂਮਣ
ਤੇਜ਼ ਵਗਣ ਜਦ ਵਾਵਾਂ
ਸਾਵੀ ਬੋਲੀ ਸਭ ਰੁੱਖਾਂ ਦੀ
ਦਿਲ ਕਰਦਾ ਲਿਖ ਜਾਵਾਂ
ਮੇਰਾ ਵੀ ਇਹ ਦਿਲ ਕਰਦਾ ਏ
ਰੁੱਖ ਦੀ ਜੂਨੇ ਆਵਾਂ

(i) ਜਦੋਂ ਤੇਜ਼ ਹਵਾਵਾਂ ਚਲਦੀਆਂ ਹਨ ਤਾਂ ਰੁੱਖ ਕੀ ਕਰਦੇ ਹਨ ?
(ii) ਸਭ ਰੁੱਖਾਂ ਦੀ ਬੋਲੀ ਕਿਹੜੀ ਹੈ ?
(iii) ਕਵੀ ਦਾ ਰੁੱਖਾਂ ਦੀ ਜੂਨ ਵਿੱਚ ਆਉਣ ਨੂੰ ਦਿਲ ਕਿਉਂ ਕਰਦਾ ਹੈ ?

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਕੁਝ ਰੁੱਖ ਮੇਰੇ ਬਾਬੇ ਵਾਕਣ
ਪੱਤਰ ਟਾਵਾਂ ਟਾਵਾਂ
ਕੁਝ ਰੁੱਖ ਮੇਰੀ ਦਾਦੀ ਵਰਗੇ
ਚੂਰੀ ਪਾਵਣ ਕਾਵਾਂ

## ਹੰਝੂਆਂ ਦਾ ਭਾੜਾ

ਤੈਨੂੰ ਦਿਆਂ ਹੰਝੂਆਂ ਦਾ ਭਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ।

**ਔਖੇ ਸ਼ਬਦਾਂ ਦੇ ਅਰਥ**

ਭਾੜਾ : ਮਜ਼ਦੂਰੀ, ਕਿਰਾਇਆ
ਪੀੜਾਂ : ਦੁਖ,
ਪਰਾਗਾ : ਅਨਾਜ ਦਾ ਛੋਟਾ ਹਿੱਸਾ (ਚੁੰਗ)

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਕੁਵੇਲਾ | : ਸ਼ਾਮ ਹੋ ਜਾਣਾ (ਦੇਰ ਹੋ ਜਾਣੀ) |
| ਬੇਲਿਆਂ | : ਜੰਗਲ (ਚਰਗਾਹ) |
| ਹਾਲੀਆਂ | : ਸਾਥੀਆਂ |
| ਟੁਰ | : ਚਲਾ ਗਿਆ |
| ਪੂਰ | : ਟੋਲਾ |
| ਮਾੜਾ | : ਬੁਰਾ |
| ਪੰਡ | : ਗੱਠ |
| ਸਿੱਲ੍ਹੀ | : ਗਿੱਲੀ |
| ਪਿੱਲੀ | : ਪਿਲਪਿਲੀ |
| ਦੁਗਾੜਾ | : ਸਮੱਸਿਆ |

ਭੱਠੀ ਵਾਲੀਏ ਚੰਬੇ ਦੀਏ ਡਾਲੀਏ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ।



ਹੋ ਗਿਆ ਕੁਵੇਲਾ ਮੈਨੂੰ
ਢਲ ਗਈਆਂ ਛਾਵਾਂ ਨੀ
ਬੇਲਿਆਂ 'ਚੋਂ ਮੁੜ ਗਈਆਂ
ਮੱਝੀਆਂ ਤੇ ਗਾਵਾਂ ਨੀ
ਪਾਇਆ ਚਿੜੀਆਂ ਨੇ ਚੀਕ-ਚਿਹਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ।
ਤੈਨੂੰ ਦਿਆਂ ਹੰਝੂਆਂ ਦਾ ਭਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ।

ਛੇਤੀ ਛੇਤੀ ਕਰੀਂ
ਮੈਂ ਤੇ ਜਾਣਾ ਬੜੀ ਦੂਰ ਨੀ
ਜਿਥੇ ਮੇਰੇ ਹਾਣੀਆਂ ਦਾ
ਟੁਰ ਗਿਆ ਪੂਰ ਨੀ
ਓਸ ਪਿੰਡ ਦਾ ਸੁਣੀਂਦੈ ਰਾਹ ਮਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ।
ਤੈਨੂੰ ਦਿਆਂ ਹੰਝੂਆਂ ਦਾ ਭਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ।

ਮੇਰੀ ਵਾਰੀ ਪੱਤਿਆਂ ਦੀ
ਪੰਡ ਸਿੱਲ੍ਹੀ ਹੋ ਗਈ
ਮਿੱਟੀ ਦੀ ਕੜਾਹੀ ਤੇਰੀ
ਕਾਹਨੂੰ ਪਿੱਲੀ ਹੋ ਗਈ
ਤੇਰੇ ਸੇਕ ਨੂੰ ਕੀਹ ਵੱਜਿਆ ਦੁਗਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ।

ਤੈਨੂੰ ਦਿਆਂ ਹੰਝੂਆਂ ਦਾ ਭਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ।

ਲੱਪ ਕੁ ਏ ਚੁੰਗ ਮੇਰੀ
ਮੈਨੂੰ ਪਹਿਲਾਂ ਟੋਰ ਨੀ
ਕੱਚੇ ਕੱਚੇ ਰੱਖ ਨਾ ਨੀ
ਰੋੜ੍ਹ ਥੋੜ੍ਹੇ ਹੋਰ ਨੀ
ਕਰਾਂ ਮਿੰਨਤਾਂ ਮੁਕਾ ਦੇ ਨੀ ਪੁਆੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ।
ਤੈਨੂੰ ਦਿਆਂ ਹੰਝੂਆਂ ਦਾ ਭਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ।

ਸੌਂ ਗਈਆਂ ਹਵਾਵਾਂ ਰੋ ਰੋ
ਕਰ ਵਿਰਲਾਪ ਨੀ
ਤਾਰਿਆਂ ਨੂੰ ਚੜ੍ਹ ਗਿਆ
ਮੱਠਾ ਮੱਠਾ ਤਾਪ ਨੀ
ਜੰਞ ਸਾਹਵਾਂ ਦੀ ਦਾ ਰੁੱਸ ਗਿਆ ਲਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ।
ਤੈਨੂੰ ਦਿਆਂ ਹੰਝੂਆਂ ਦਾ ਭਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ।



### ਔਖੇ ਸ਼ਬਦਾਂ ਦੇ ਅਰਥ

ਲੱਪ : ਇੱਕ ਹੱਥ ਦਾ ਰੁੱਗ
ਚੁੰਗ : ਕੁਝ ਹਿੱਸਾ
ਟੋਰ : ਭੇਜਣਾ
ਰੋੜ੍ਹ : ਕਰਾਰੇ ਕਰਨਾ
ਮਿੰਨਤਾਂ : ਤਰਲੇ
ਪੁਆੜਾ : ਝੰਜਟ
ਵਿਰਲਾਪ : ਰੋਣ-ਪਿਟਣ
ਮੱਠਾ ਮੱਠਾ : ਥੋੜ੍ਹਾ-ਥੋੜ੍ਹਾ
ਤਾਪ : ਬੁਖ਼ਾਰ

## ਟਿੱਪਣੀ

ਸ਼ਿਵ ਕੁਮਾਰ ਬਟਾਲਵੀ 'ਹੰਝੂਆਂ ਦਾ ਭਾੜਾ' ਕਵਿਤਾ ਵਿੱਚ ਪ੍ਰਤੀਕਾਂ ਰਾਹੀਂ ਦੁੱਖਾਂ ਦੀ ਗੱਲ ਕਰਦਾ ਹੈ। ਕਵੀ ਇਸ ਕਵਿਤਾ ਵਿੱਚ ਗ਼ਮਗੀਨ ਹੈ, ਉਹ ਭੱਠੀ ਵਾਲੀ ਨੂੰ ਦੁੱਖਾਂ ਨੂੰ ਭੁੰਨਣ ਲਈ ਕਹਿੰਦਾ ਹੈ। ਕਵੀ ਪੀੜਾਂ ਦਾ ਪਰਾਗਾ ਭੁੰਨਾਉਣ ਬਦਲੇ ਹੰਝੂਆਂ ਦਾ ਭਾੜਾ ਦੇਣ ਦੀ ਵੀ ਗੱਲ ਕਰਦਾ ਹੈ। ਅਰਥਾਤ ਦੁੱਖਾਂ ਤੋਂ ਨਿਜ਼ਾਤ ਪਾਉਣ ਦੀ ਅਰਜ਼ੋਈ ਕਰਦਾ ਹੈ। ਉਸ ਨੇ ਬਹੁਤ ਦੂਰ ਜਾਣਾ ਹੈ ਅਤੇ ਉਸ ਦੇ ਸੰਗੀ-ਸਾਥੀ ਵੀ ਅੱਗੇ ਨਿਕਲ ਗਏ ਹਨ। ਉਹ ਭੱਠੀ ਵਾਲੀ ਨੂੰ ਜਲਦੀ ਨਾਲ ਦਾਣੇ ਭੁੰਨਣ ਲਈ ਕਹਿੰਦਾ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਕਵੀ ਭੱਠੀ ਵਾਲੀ ਨੂੰ ਕੀ ਭੁੰਨਣ ਲਈ ਕਹਿੰਦਾ ਹੈ ?

(ii) ਕਵੀ ਨੇ ਇਸ ਕਵਿਤਾ ਵਿੱਚ ਸ਼ਾਮ ਦਾ ਜੋ ਦ੍ਰਿਸ਼ ਵਰਣਨ ਕੀਤਾ ਹੈ, ਉਸ ਨੂੰ ਵਿਸਥਾਰਪੂਰਵਕ ਲਿਖੋ।

(iii) ਕਵੀ ਭੱਠੀ ਵਾਲੀ ਨੂੰ ਛੇਤੀ-ਛੇਤੀ ਦਾਣੇ ਭੁੰਨਣ ਲਈ ਕਿਉਂ ਕਹਿੰਦਾ ਹੈ ?

(iv) ਕਵੀ ਦੀ ਜਦੋਂ ਦਾਣੇ ਭੁੰਨਾਉਣ ਦੀ ਵਾਰੀ ਆਉਂਦੀ ਹੈ ਤਾਂ ਉਦੋਂ ਕੀ ਹੋ ਜਾਂਦਾ ਹੈ।

(v) ਹਵਾਵਾਂ ਕੀ ਕਰ ਕੇ ਸੌਂ ਗਈਆਂ ਹਨ ?

**2. ਹੇਠ ਲਿਖੀਆਂ ਕਾਵਿ-ਸਤਰਾਂ ਦੇ ਆਧਾਰ 'ਤੇ ਪ੍ਰਸ਼ਨਾਂ ਦੇ ਉੱਤਰ ਲਿਖੋ :**

ਹੋ ਗਿਆ ਕੁਵੇਲਾ ਮੈਨੂੰ
ਢਲ ਗਈਆਂ ਛਾਵਾਂ ਨੀ
ਬੇਲਿਆਂ 'ਚੋਂ ਮੁੜ ਗਈਆਂ
ਮੱਝੀਆਂ ਤੇ ਗਾਵਾਂ ਨੀ
ਪਾਇਆ ਚਿੜੀਆਂ ਨੇ ਚੀਕ-ਚਿਹਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ।

(i) ਕੁਵੇਲਾ ਹੋਣ 'ਤੇ ਕੀ ਢਲ ਜਾਂਦਾ ਹੈ ?

(ii) ਦਿਨ ਢਲ ਜਾਣ 'ਤੇ ਬੇਲਿਆਂ ਵਿਚੋਂ ਕੌਣ ਵਾਪਸ ਮੁੜ ਜਾਂਦਾ ਹੈ ?

(iii) ਚੀਕ-ਚਿਹਾੜਾਂ ਕਿਨ੍ਹਾਂ ਨੇ ਪਾਇਆ ਹੋਇਆ ਸੀ ?

(iv) ਕਵੀ ਕਿਸ ਚੀਜ਼ ਦਾ ਕਿਰਾਇਆ ਦੇਣ ਲਈ ਕਹਿੰਦਾ ਹੈ ?

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਮੇਰੀ ਵਾਰੀ ਪੱਤਿਆਂ ਦੀ
ਪੰਡ ਸਿੱਲ੍ਹੀ ਹੋ ਗਈ
ਮਿੱਟੀ ਦੀ ਕੜਾਹੀ ਤੇਰੀ
ਕਾਹਨੂੰ ਪਿੱਲੀ ਹੋ ਗਈ
ਤੇਰੇ ਸੇਕ ਨੂੰ ਕੀਹ ਵੱਜਿਆ ਦੁਗਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ।

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ :

(i) ਕਦੇ ਤੁਹਾਨੂੰ ਵੀ ਕੋਈ ਰੁੱਖ ਚੰਗਾ ਲੱਗਿਆ ਹੈ, ਅਜਿਹੇ ਰੁੱਖ ਦੇ ਗੁਣਾਂ ਬਾਰੇ ਲਿਖੋ।

(ii) ਵਾਤਾਵਰਨ ਪ੍ਰਦੂਸ਼ਣ ਦੀ ਸਮੱਸਿਆ ਅਤੇ ਇਸ ਦੇ ਹੱਲ ਨੂੰ ਦਰਸਾਉਂਦਾ ਇੱਕ ਚਾਰਟ ਤਿਆਰ ਕਰੋ।

(iii) ਜਦੋਂ ਤੁਹਾਡਾ ਮਿੱਤਰ ਦੁੱਖ-ਦਰਦ ਵਿਚ ਸੀ ਤਾਂ ਕੀ ਤੁਸੀਂ ਉਸ ਦੀ ਮਦਦ ਕੀਤੀ ਸੀ ? ਜੇ ਮਦਦ ਕੀਤੀ ਸੀ ਤਾਂ ਕਿਸ ਰੂਪ ਵਿੱਚ। ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

(iv) ਦਾਣੇ ਭੁੰਨਣ ਵਾਲੀਆਂ ਕੱਚੀਆਂ ਭੱਠੀਆਂ ਦਾ ਜ਼ਮਾਨਾ ਹੁਣ ਲਗਪਗ ਬੀਤਦਾ ਜਾ ਰਿਹਾ ਹੈ। ਨਵੀਆਂ ਤੇ ਪੁਰਾਣੀਆਂ ਭੱਠੀਆਂ ਦੀ ਤੁਲਨਾ ਕਰਦੇ ਹੋਏ ਇਕ ਪ੍ਰੋਜੈਕਟ ਤਿਆਰ ਕਰੋ।

(v) ਪੰਜਾਬੀ ਸਭਿਆਚਾਰ ਵਿੱਚ ਚਿੜੀ ਇੱਕ ਮਹੱਤਵਪੂਰਨ ਚਿੰਨ੍ਹ ਹੈ। ਹੁਣ ਇਸ ਦੀ ਹੋਂਦ ਨੂੰ ਖ਼ਤਰਾ ਪੈਦਾ ਹੋ ਗਿਆ ਹੈ। ਚਿੜੀ ਦੀ ਸਾਂਭ-ਸੰਭਾਲ ਲਈ ਕੁਝ ਸੁਝਾਅ ਦਿਉ।

### ਅ. ਪਾਠ ਦੇ ਆਧਾਰ ’ਤੇ ਠੀਕ ( ✔ ) ਤੇ ਗ਼ਲਤ ( ✖ ) ਦਾ ਨਿਸ਼ਾਨ ਬਣਾਉ :

(i) ਕਵੀ ਭੱਠੀ ਵਾਲੀ ਨੂੰ ਸੱਚਮੁੱਚ ਦੇ ਦਾਣੇ ਭੁੰਨਣ ਲਈ ਆਖਦਾ ਹੈ। ☐

(ii) ਬਟਾਲਵੀ ਰੁੱਖ ਦੀ ਜੂਨ ਵਿੱਚ ਆਉਣ ਦਾ ਇਛੁੱਕ ਹੈ। ☐

(iii) ਚਿੜੀਆਂ ਚੁੱਪਚਾਪ ਬੈਠੀਆਂ ਹਨ। ☐

(iv) ਕਵੀ ਇਕ ਪਰਾਗਾ ਦਾਣੇ ਭੁੰਨਾਉਣ ਲਈ ਕਹਿੰਦਾ ਹੈ। ☐

(v) ਕਵੀ ਨੇ ਰੁੱਖਾਂ ਦੀ ਤੁਲਨਾ ਰਿਸ਼ਤਿਆਂ ਨਾਲ ਨਹੀਂ ਕੀਤੀ ਹੈ। ☐

### ੲ. ਖਾਲੀ ਥਾਵਾਂ ਭਰੋ :

(i) ਦਾਣੇ ... ਵਿੱਚ ਭੁੰਨੇ ਜਾਂਦੇ ਹਨ।

(ii) ਚਿੜੀਆਂ ... ਕਰਦੀਆਂ ਹਨ।

(iii) ਅਸਮਾਨ ਵਿੱਚ ਤਾਰੇ ... ਹਨ।

(iv) ਕਵੀ ਰੁੱਖ ਨੂੰ ... ਕਹਿੰਦਾ ਹੈ।

(v) ਮੱਝਾਂ-ਗਾਵਾਂ ਨੂੰ ਚਾਰਨ ਲਈ ... ਵਿੱਚ ਲਿਜਾਇਆ ਜਾਂਦਾ ਹੈ।

| | |
|---|---|
| ਬੇਲਿਆਂ | ਚੀਂ ਚੀਂ |
| ਕੜਾਹੀ | |
| ਪੁੱਤ | ਚਮਕਦੇ |

## ਸ. ਜੋੜੇ ਬਣਾਉ :

| | |
|---|---|
| ਨਾਨੀ ਦਾ ਘਰ | ਸਹੁਰੇ |
| ਦਾਦੀ ਦਾ ਘਰ | ਪੇਕੇ |
| ਮਾਂ ਦਾ ਘਰ | ਦਾਦਕੇ |
| ਸੱਸ ਦਾ ਘਰ | ਨਾਨਕੇ |

## ਹ. ਵਿਰੋਧੀ ਸ਼ਬਦ ਲਿਖੋ :

(i) ਛਾਵਾਂ ...
(ii) ਦੂਰ ...
(iii) ਛੇਤੀ ...
(iv) ਕੱਚਾ ...

## ਖ. ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਉ :

(i) ਪਰਾਗਾ ...
(ii) ਹੰਝੂ ...
(iii) ਲੱਪ ਕੁ ...
(iv) ਵਿਰਲਾਪ ...
(v) ਕੁਵੇਲਾ
(vi) ਚੂਰੀ ...
(vii) ਜੂਨ ...
(viii) ਛਾਵਾਂ ...
(ix) ਟਾਵਾਂ ਟਾਵਾਂ ...

## ਕ. ਮਾਂ ਦੇ ਪਿਤਾ ਨੂੰ ਨਾਨਾ ਕਹਿੰਦੇ ਹਨ। ਹੇਠ ਲਿਖੇ ਰਿਸ਼ਤਿਆਂ ਦੇ ਆਧਾਰ 'ਤੇ ਖਾਲੀ ਥਾਵਾਂ ਭਰੋ :

ਮਾਮਾ, ਚਾਚਾ, ਭੂਆ, ਮਾਸੀ, ਤਾਇਆ, ਦਾਦਾ, ਨਾਨੀ, ਦਾਦੀ

ਪਿਤਾ ਦੇ ਪਿਤਾ ...
ਪਿਤਾ ਦੀ ਮਾਂ ...
ਮਾਂ ਦੀ ਮਾਂ ...
ਮਾਂ ਦਾ ਭਰਾ ...
ਪਿਤਾ ਦਾ ਵੱਡਾ ਭਰਾ ...
ਪਿਤਾ ਦਾ ਛੋਟਾ ਭਰਾ ...
ਮਾਂ ਦੀ ਭੈਣ
ਪਿਤਾ ਦੀ ਭੈਣ ...

# ਨਿਰਧਨ

## ਨੰਦ ਲਾਲ ਨੂਰਪੁਰੀ

### ਸ਼ਖ਼ਸੀਅਤ ਤੇ ਰਚਨਾ



ਨੰਦ ਲਾਲ ਨੂਰਪੁਰੀ ਦਾ ਜਨਮ 1906 ਈ. ਵੀ ਵਿੱਚ ਨੂਰਪੁਰ, ਜ਼ਿਲ੍ਹਾ ਲਾਇਲਪੁਰ, ਪਾਕਿਸਤਾਨ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਬਿਸ਼ਨ ਸਿੰਘ ਤੇ ਮਾਤਾ ਦਾ ਨਾਂ ਹੁਕਮ ਦੇਵੀ ਸੀ। ਉਨ੍ਹਾਂ ਨੇ ਲਾਇਲਪੁਰ ਖ਼ਾਲਸਾ ਕਾਲਜ ਤੋਂ ਸਿੱਖਿਆ ਹਾਸਲ ਕੀਤੀ। ਇਹ ਸਮਾਂ ਆਜ਼ਾਦੀ ਲਹਿਰਾਂ ਦਾ ਸੀ। ਨੂਰਪੁਰੀ ਦੀ ਪਹਿਲੀ ਰਚਨਾ 'ਨੂਰਪੁਰੀਆਂ' ਨਾਂ ਹੇਠ ਪੰਜਾਬ ਦੀ ਵੰਡ ਤੋਂ ਪਹਿਲਾਂ ਲਾਹੌਰ ਵਿੱਚ ਛਪੀ ਸੀ। ਉਸ ਤੋਂ ਬਾਅਦ 'ਵੰਗਾਂ', 'ਜਿਉਂਦਾ ਪੰਜਾਬ', 'ਨੂਰਪੁਰੀ ਦੇ ਗੀਤ', 'ਸੁਗਾਤ' ਆਦਿ ਕਈ ਕਾਵਿ/ਗੀਤ-ਸੰਗ੍ਰਹਿ ਛਪੇ। ਭਾਸ਼ਾ ਵਿਭਾਗ, ਪੰਜਾਬ ਨੇ 'ਸੁਗਾਤ' ਨੂੰ ਇੱਕ ਉੱਤਮ ਰਚਨਾ ਵਜੋਂ ਸਨਮਾਨਿਤ ਕੀਤਾ। ਨੂਰਪੁਰੀ ਨੇ ਕਵਿਤਾ, ਗੀਤ, ਗ਼ਜ਼ਲ ਆਦਿ ਕਈ ਕਾਵਿ-ਰੂਪਾਂ ਉੱਤੇ ਹੱਥ ਅਜ਼ਮਾਇਆ ਹੈ। ਉਨ੍ਹਾਂ ਦੀਆਂ ਕਵਿਤਾਵਾਂ ਦਾ ਵਿਸ਼ਾ-ਖੇਤਰ ਕਾਫ਼ੀ ਵਿਸ਼ਾਲ ਹੈ। ਪੰਜਾਬੀ ਜੀਵਨ, ਰਹਿਣੀ-ਬਹਿਣੀ ਅਤੇ ਇੱਥੋਂ ਦੇ ਛੈਲ, ਗੱਭਰੂਆਂ ਤੇ ਬਾਂਕੀਆਂ ਮੁਟਿਆਰਾਂ ਦੇ ਵਰਨਣ ਵਿੱਚ ਉਨ੍ਹਾਂ ਦਾ ਕੋਈ ਮੇਲ ਨਹੀਂ। ਉਨ੍ਹਾਂ ਨੇ ਰੋਮਾਂਚਕ ਗੀਤਾਂ ਦੇ ਨਾਲ-ਨਾਲ ਦੇਸ਼-ਭਗਤੀ, ਸਮਾਜਕ ਚੇਤੰਨਤਾ ਅਤੇ ਧਾਰਮਕ ਭਾਵਨਾ ਵਾਲੇ ਗੀਤ ਵੀ ਲਿਖੇ ਹਨ। ਉਨ੍ਹਾਂ ਦੀ ਭਾਸ਼ਾ ਬੜੀ ਸਰਲ ਤੇ ਸੁਭਾਵਿਕ ਹੈ। ਨੰਦ ਲਾਲ ਨੂਰਪੁਰੀ ਨੂੰ 'ਗੀਤਾਂ ਦਾ ਬਾਦਸ਼ਾਹ' ਵੀ ਕਿਹਾ ਜਾਂਦਾ ਹੈ।

## ਔਖੇ ਸ਼ਬਦਾਂ ਦੇ ਅਰਥ

ਠੀਕਰੀਆਂ : ਟੁਕੜੇ
ਤਰਿਆ ਕਰ : ਪਾਰ ਕਰ
ਆਤੁਰ : ਵਿਆਕੁਲ, ਬੀਮਾਰ
ਕਾਸਾ : ਬਾਟਾ, ਭਾਂਡਾ
ਕੂਲਾ : ਕੋਮਲ
ਤੰਦ : ਧਾਗਾ
ਰਖਸ਼ੇ : ਸੂਰਜ
ਸ਼ਾਹ ਅਸਵਾਰ : ਜ਼ੋਰਾਵਰ
ਝਿੜਕਣਾ : ਡਾਂਟਣਾ
ਦਬਕਾਨਾ : ਡਾਂਟਣਾ
ਕਰਮਾਇਆ : ਕੰਮਾਂ ਸਦਕਾ

# ਨਿਰਧਨ

ਦਾਤਾ ਦੀਆਂ ਬੇਪਰਵਾਹੀਆਂ ਤੋਂ
ਓਏ ਬੇਪਰਵਾਹਾ ਡਰਿਆ ਕਰ।
ਤੂੰ ਹਰਦਮ ਦਮ ਦਮ ਕਰਦਾ ਏਂ,
ਦਮ ਦੇਣੇ ਨੇ ਦਮ ਭਰਿਆ ਕਰ।
ਚਾਂਦੀ ਦੀਆਂ ਗਿਣ ਗਿਣ ਠੀਕਰੀਆਂ
ਤੂੰ ਰਾਤ ਦਿਨੇ ਨਾ ਮਰਿਆ ਕਰ।
ਉਹ ਪਲ ਵਿਚ ਜਲ ਥਲ ਕਰ ਦੇਂਦਾ,
ਇਹ ਸਾਗਰ ਸੋਚ ਕੇ ਤਰਿਆ ਕਰ।
ਇਹ ਦੁਨੀਆਂ ਤਿਲਕਣ-ਬਾਜ਼ੀ ਏ,
ਤੂੰ ਪੈਰ ਸਮਝ ਕੇ ਧਰਿਆ ਕਰ।
ਕਿਸੇ ਨਿਰਧਨ ਆਤੁਰ ਦੁਖੀਏ ਦਾ,
ਕੁਝ ਭਾਰ ਵੀ ਹੌਲਾ ਕਰਿਆ ਕਰ।



ਉਹ ਜੇਕਰ ਤਖ਼ਤ ਬਠਾਉਂਦਾ ਏ,
ਕਾਸੇ ਵੀ ਹੱਥ ਫੜਾਉਂਦਾ ਏ।
ਮਖ਼ਮਲ ਦੇ ਕੂਲੇ ਕੁੜਤੇ 'ਚੋਂ,
ਤੰਦਾਂ ਦੇ ਸੱਪ ਲੜਾਉਂਦਾ ਏ।
ਰਖਸ਼ੇ ਦੇ ਹੰਭਿਆਂ ਕੁਲੀਆਂ ਨੂੰ,
ਉਹ ਸ਼ਾਹ ਅਸਵਾਰ ਬਣਾਉਂਦਾ ਏ।
ਗਧਿਆਂ ਦੀਆਂ ਛੱਟਾਂ ਪਾ ਪਾ ਕੇ,
ਸ਼ੇਰਾਂ ਨੂੰ ਘਾਹ ਖੁਵਾਉਂਦਾ ਏ।
ਦੁਨੀਆ ਦੇ ਖ਼ੂਨ ਪਸੀਨੇ ਦੇ,
ਨਾ ਰਾਤ ਦਿਨੇ ਘੁੱਟ ਭਰਿਆ ਕਰ।
ਕਿਸੇ ਨਿਰਧਨ ਆਤੁਰ ਦੁਖੀਏ ਦਾ,
ਕੁਝ ਭਾਰ ਵੀ ਹੌਲਾ ਕਰਿਆ ਕਰ।

ਇਹ ਤੇਰੇ ਪੁੱਤਰ ਵਰਗਾ ਈ
ਜਿਸ ਨੂੰ ਤੂੰ ਝਿੜਕੀ ਜਾਨਾ ਏਂ।
ਭਗਵਾਨ ਇਹਦੇ ਵਿਚ ਵਸਦਾ ਏ,
ਭਗਵਾਨ ਨੂੰ ਕਿਉਂ ਦਬਕਾਨਾ ਏਂ।
ਏਸੇ ਦੇ ਪਿਉ ਕਰਮਾਇਆ ਈ,
ਜੋ ਅੰਦਰ ਵੜ ਵੜ ਖਾਨਾ ਏਂ।

ਆਪਣੇ ਨੂੰ ਹੀਰ ਕਹਿ ਕਹਿ ਕੇ,
ਬੋਝੇ ਵਿਚ ਹੀਰੇ ਪਾਨਾ ਏਂ।
ਕੁਦਰਤ ਦੀ ਏਸ ਅੰਗੂਰੀ ਨੂੰ,
ਤੂੰ ਪਸ਼ੂਆਂ ਵਾਂਗ ਨਾ ਚਰਿਆ ਕਰ।
ਕਿਸੇ ਨਿਰਧਨ ਆਤੁਰ ਦੁਖੀਏ ਦਾ,
ਕੁਝ ਭਾਰ ਵੀ ਹੌਲਾ ਕਰਿਆ ਕਰ।

ਇਹ ਉਸ ਦਾਤੇ ਦੀ ਨਗਰੀ ਏ,
ਤੂੰ ਜਿਸ ਨਗਰੀ ਵਿਚ ਵਸਦਾ ਏਂ।
ਨਿੱਘਰਿਆ ਵੇਖ ਗੁਆਂਢੀ ਨੂੰ,
ਨਿੱਤ ਹੁੱਬਦਾ ਏਂ ਨਿੱਤ ਹੱਸਦਾ ਏਂ।
ਬੂਹੇ ਤੇ ਆਏ ਫ਼ਕੀਰਾਂ ਨੂੰ,
ਭੁੱਖੇ ਤੇ ਨੰਗੇ ਦਸਦਾ ਏਂ।
ਮਾੜੇ ਦੀਆਂ ਹੱਡੀਆਂ ਪੀਹਨਾ ਏਂ,
ਤਕੜੇ ਦੀਆਂ ਤਲੀਆਂ ਝਸਦਾ ਏਂ।
ਤਕੜੇ ਦੀ ਜੇਕਰ ਜਰਦਾ ਏਂ,
ਤੂੰ ਮਾੜੇ ਦੀ ਵੀ ਜਰਿਆ ਕਰ,
ਕਿਸੇ ਨਿਰਧਨ ਆਤੁਰ ਦੁਖੀਏ ਦਾ,
ਕੁਝ ਭਾਰ ਵੀ ਹੌਲਾ ਕਰਿਆ ਕਰ।

ਤੂੰ ਬੰਦਾ ਏਂ ਇਹ ਬੰਦਾ ਏ
ਦੋਹਾਂ ਨੇ ਏਥੇ ਹੀ ਰਹਿਣਾ ਏਂ।
ਤੂੰ ਤਕੜਾ ਸਹੀ ਇਹ ਮਾੜਾ ਸਹੀ,
ਕੰਮ ਮਾੜੇ ਨਾਲ ਵੀ ਪੈਣਾ ਏਂ।
ਤੇਰੇ ਗਲ ਚਿੱਟਾ ਕੁੜਤਾ ਜੇ,
ਕੋਈ ਇਹਨੇ ਲਾਹ ਨਾ ਲੈਣਾ ਏਂ।
ਇਹ ਮਿੱਟੀ ਏ ਤੂੰ ਮਿੱਟੀ ਏਂ,
ਮਿੱਟੀ ਵਿਚ ਰਲਣਾ ਪੈਣਾਂ ਏਂ।
ਉਹ ਹਰ ਹਰ ਦੇ ਵਿਚ ਵਸਦਾ ਏ,
ਤੂੰ ਹਰ ਦੇ ਕੋਲੋਂ ਹਰਿਆ ਕਰ।
ਕਿਸੇ ਨਿਰਧਨ ਆਤੁਰ ਦੁਖੀਏ ਦਾ,
ਕੁਝ ਭਾਰ ਵੀ ਹੌਲਾ ਕਰਿਆ ਕਰ।



**ਔਖੇ ਸ਼ਬਦਾਂ ਦੇ ਅਰਥ**

ਬੋਝਾ :ਜੇਬ/ਖੀਸਾ
ਨਿਘਰਿਆ :ਧੱਸਿਆ
ਹੁੱਬਦਾ :ਖੁਸ਼ ਹੁੰਦਾ ਹੈ
ਜਰਨਾ :ਸਹਿਣਾ
ਮਾੜਾ :ਕਮਜ਼ੋਰ, ਗਰੀਬ

## ਟਿੱਪਣੀ

ਇਸ ਕਵਿਤਾ ਵਿੱਚ ਕਵੀ ਮਨੁੱਖ ਨੂੰ ਚਿਤਾਵਨੀ ਦੇ ਰਿਹਾ ਹੈ ਕਿ ਉਸ ਨੂੰ ਪਰਮਾਤਮਾ ਦੀ ਬੇਵਰਪਾਹੀ ਤੋਂ ਡਰਨਾ ਚਾਹੀਦਾ ਹੈ। ਉਹ ਪਰਮਾਤਮਾ ਨੂੰ ਭੁੱਲ ਕੇ ਦੁਨਿਆਵੀ ਜੀਵਨ ਵਿੱਚ ਪਦਾਰਥਕ ਦੌੜ ਵਿੱਚ ਰੁੱਝਾ ਹੋਇਆ ਹੈ। ਮਨੁੱਖ ਨੂੰ ਸੋਚ-ਸਮਝ ਕੇ ਹੀ ਦੁਨੀਆ ਵਿੱਚ ਵਿਚਰਨਾ ਚਾਹੀਦਾ ਹੈ। ਆਪਣੀ ਸਮੱਰਥਾ ਅਨੁਸਾਰ ਗਰੀਬ ਅਤੇ ਲਾਚਾਰ ਦੀ ਮਦਦ ਵੀ ਕਰਨੀ ਚਾਹੀਦੀ ਹੈ।

ਕਵੀ ਵਿਅਕਤੀ ਨੂੰ ਸਮਝਾਉਂਦਾ ਹੈ ਕਿ ਪਰਮਾਤਮਾ ਕਣ-ਕਣ ਵਿੱਚ ਵਸਦਾ ਹੈ। ਇਸ ਦੁਨੀਆ ਵਿੱਚ ਹਰ ਵਿਅਕਤੀ ਭਾਵੇਂ ਉਹ ਅਮੀਰ ਹੈ ਭਾਵੇਂ ਗਰੀਬ, ਸਭ ਦੀ ਅਹਿਮੀਅਤ ਹੈ। ਦੋਵੇਂ ਇੱਕੋ ਸਿੱਕੇ ਦੇ ਦੋ ਪਹਿਲੂ ਹਨ। ਸਭ ਨੂੰ ਇੱਕ ਦੂਜੇ ਦੇ ਸਹਿਯੋਗ ਨਾਲ ਹੀ ਚਲਣਾ ਪਵੇਗਾ। ਮਨੁੱਖ ਨੂੰ ਪਰਮਾਤਮਾ ਦੇ ਸਾਰੇ ਬੰਦਿਆਂ ਨੂੰ ਇੱਕੋ ਜਿਹਾ ਮੰਨ ਕੇ ਦੁਖੀਆਂ ਅਤੇ ਲਾਚਾਰਾਂ ਦੀ ਮਦਦ ਕਰਦੇ ਰਹਿਣਾ ਚਾਹੀਦਾ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਇਸ ਕਵਿਤਾ ਦਾ ਕੇਂਦਰੀ ਭਾਵ ਕੀ ਹੈ ?

(ii) ਮਨੁੱਖ ਨੂੰ ਇਸ ਦੁਨੀਆ ਵਿੱਚ ਕਿਸ ਗੱਲ ਤੋਂ ਸੁਚੇਤ ਹੋ ਕੇ ਜੀਊਣਾ ਚਾਹੀਦਾ ਹੈ ?

(iii) ਥੱਕੇ-ਹਾਰੇ ਕੁਲੀਆਂ ਨੂੰ ਪਰਮਾਤਮਾ ਕੀ ਬਣਾ ਸਕਦਾ ਹੈ ?

(iv) ਕਵੀ ਤਕੜੇ (ਅਮੀਰ) ਮਨੁੱਖ ਨੂੰ ਕਿਸ ਨੂੰ ਝਿੜਕਣ ਤੋਂ ਮਨ੍ਹਾਂ ਕਰਦਾ ਹੈ ਅਤੇ ਕਿਉਂ ?

(v) ਮਨੁੱਖ ਨੂੰ ਕਵੀ ਕਿਸ ਤਰ੍ਹਾਂ ਦੇ ਵਿਤਕਰੇ ਤੋਂ ਰੋਕਦਾ ਹੈ ?

(vi) ਗੀਤ ਅਨੁਸਾਰ ਮਨੁੱਖ ਨੂੰ ਜੀਵਨ ਵਿੱਚ ਜੀਊਣ ਦਾ ਕੀ ਸੰਦੇਸ਼ ਦਿੱਤਾ ਗਿਆ ਹੈ ?

**2. ਹੇਠ ਲਿਖੀਆਂ ਕਾਵਿ-ਸਤਰਾਂ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :**

ਇਹ ਤੇਰੇ ਪੁੱਤਰ ਵਰਗਾ ਈ
ਜਿਸ ਨੂੰ ਤੂੰ ਝਿੜਕੀ ਜਾਨਾ ਏਂ।
ਭਗਵਾਨ ਇਹਦੇ ਵਿਚ ਵਸਦਾ ਏ,
ਭਗਵਾਨ ਨੂੰ ਕਿਉਂ ਦਬਕਾਨਾ ਏਂ।
ਏਸੇ ਦੇ ਪਿਉ ਕਰਮਾਇਆ ਈ,
ਜੋ ਅੰਦਰ ਵੜ ਵੜ ਖਾਨਾ ਏਂ।
ਆਪਣੇ ਨੂੰ ਹੀਰ ਕਹਿ ਕਹਿ ਕੇ,
ਬੋਝੇ ਵਿਚ ਹੀਰੇ ਪਾਨਾ ਏਂ।

ਕੁਦਰਤ ਦੀ ਏਸ ਅੰਗੂਰੀ ਨੂੰ,
ਤੂੰ ਪਸ਼ੂਆਂ ਵਾਂਗ ਨਾ ਚਰਿਆ ਕਰ।
ਕਿਸੇ ਨਿਰਧਨ ਆਤੁਰ ਦੁਖੀਏ ਦਾ,
ਕੁਝ ਭਾਰ ਵੀ ਹੌਲਾ ਕਰਿਆ ਕਰ।

(i) ਇਹਨਾਂ ਸਤਰਾਂ ਵਿੱਚ ਕੌਣ ਕਿਸ ਨੂੰ ਝਿੜਕ ਰਿਹਾ ਹੈ ?

(ii) ਕਵੀ ਕਿਸ ਨੂੰ ਅਤੇ ਕਿਉਂ ਸੰਜਮ ਵਿੱਚ ਜੀਉਣ ਲਈ ਕਹਿ ਰਿਹਾ ਹੈ।

(iii) ਕਵੀ ਤਕੜੇ ਮਨੁੱਖ ਨੂੰ ਕਿਸ ਦਾ ਭਾਰ ਹੌਲਾ ਕਰਨ ਲਈ ਕਹਿ ਰਿਹਾ ਹੈ ?

### 3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਤੂੰ ਬੰਦਾ ਏਂ ਇਹ ਬੰਦਾ ਏ
ਦੋਹਾਂ ਨੇ ਏਥੇ ਹੀ ਰਹਿਣਾ ਏਂ।
ਤੂੰ ਤਕੜਾ ਸਹੀ ਇਹ ਮਾੜਾ ਸਹੀ,
ਕੰਮ ਮਾੜੇ ਨਾਲ ਵੀ ਪੈਣਾ ਏਂ।
ਤੇਰੇ ਗਲ ਚਿੱਟਾ ਕੁੜਤਾ ਜੇ,
ਕੋਈ ਇਹਨੇ ਲਾਹ ਨਾ ਲੈਣਾ ਏਂ।
ਇਹ ਮਿੱਟੀ ਏ ਤੂੰ ਮਿੱਟੀ ਏਂ,
ਮਿੱਟੀ ਵਿਚ ਰਲਣਾ ਪੈਣਾਂ ਏਂ।
ਉਹ ਹਰ ਹਰ ਦੇ ਵਿਚ ਵਸਦਾ ਏ,
ਤੂੰ ਹਰ ਦੇ ਕੋਲੋਂ ਹਰਿਆ ਕਰ।
ਕਿਸੇ ਨਿਰਧਨ ਆਤੁਰ ਦੁਖੀਏ ਦਾ,
ਕੁਝ ਭਾਰ ਵੀ ਹੌਲਾ ਕਰਿਆ ਕਰ।

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ :

(i) ਜੇ ਤੁਹਾਨੂੰ ਕਿਸੇ ਨਿਰਧਨ ਵਿਅਕਤੀ/ਪਰਿਵਾਰ ਦੀ ਮਦਦ ਕਰਨ ਦਾ ਮੌਕਾ ਮਿਲੇ ਤਾਂ ਤੁਸੀਂ ਕਿਵੇਂ ਮਦਦ ਕਰੋਗੇ ?

(ii) ਹੜ੍ਹ ਦੇ ਕਾਰਨ ਕਿਸੇ ਇਲਾਕੇ ਵਿੱਚ ਭਾਰੀ ਤਬਾਹੀ ਹੋ ਗਈ ਹੈ। ਤੁਸੀਂ ਆਪਣੇ ਸਕੂਲ ਵੱਲੋਂ ਉਨ੍ਹਾਂ ਦੀ ਮਦਦ ਕਰਨਾ ਚਾਹੁੰਦੇ ਹੋ। ਸਕੂਲ ਦੇ ਸਾਰੇ ਵਿਦਿਆਰਥੀਆਂ ਦੀ ਇਸ ਮਦਦ ਵਿੱਚ ਭਾਈਵਾਲੀ ਹੋ ਸਕੇ, ਉਸ ਲਈ ਤੁਸੀਂ ਸਕੂਲ ਦੇ ਨੋਟਿਸ ਬੋਰਡ ਉੱਤੇ ਇਸ ਬਾਰੇ ਸੰਬੰਧਿਤ ਸੂਚਨਾ ਲਿਖ ਕੇ ਲਗਾਉ।

(iii) ਸਮਾਜ ਵਿੱਚੋਂ ਊਚ-ਨੀਚ ਖ਼ਤਮ ਕਰਨ ਦੇ ਮਕਸਦ ਨਾਲ ਇਸ ਗੀਤ ਨੂੰ ਯਾਦ ਕਰਕੇ ਸਵੇਰ ਦੀ ਪ੍ਰਾਰਥਨਾ ਸਭਾ ਜਾਂ ਜਮਾਤ 'ਚ ਗਾਉਣ ਦਾ ਅਭਿਆਸ ਕਰੋ।

(iv) ਸਮਾਜ ਵਿੱਚ ਫੈਲੀ ਊਚ-ਨੀਚ ਬਾਰੇ ਤੁਹਾਡੇ ਕੀ ਵਿਚਾਰ ਹਨ ? ਇਸ ਬਾਰੇ ਵਿਸਤਾਰ ਨਾਲ ਲਿਖੋ।

(v) ਕੀ ਤੁਹਾਨੂੰ ਰੱਬ ਵਿੱਚ ਵਿਸ਼ਵਾਸ ਹੈ ? ਕੀ ਕੋਈ ਧਰਮ ਅਮੀਰ-ਗਰੀਬ ਦੇ ਵਿਤਕਰੇ ਦਾ ਪ੍ਰਚਾਰ ਕਰਦਾ ਹੈ ? ਜੇ ਨਹੀਂ ਤਾਂ ਮਹਾਂ-ਪੁਰਸ਼ਾਂ ਦੇ ਹਵਾਲੇ ਨਾਲ ਆਪਣਾ ਤਰਕ ਪੇਸ਼ ਕਰੋ।

**ਅ. ਪਾਠ ਦੇ ਆਧਾਰ 'ਤੇ ਠੀਕ ( ✔ ) ਜਾਂ ਗ਼ਲਤ ( ✖ ) ਦਾ ਨਿਸ਼ਾਨ ਲਗਾਉ :**

(i) ਪ੍ਰਮਾਤਮਾ ਅਮੀਰ ਨੂੰ ਵੀ ਗਰੀਬ ਬਣਾ ਸਕਦਾ ਹੈ। ☐

(ii) ਕਿਸੇ ਲਾਚਾਰ ਵਿਅਕਤੀ ਨੂੰ ਆਪਣੀ ਹਾਲਤ ਉੱਪਰ ਨਹੀਂ ਛੱਡ ਦੇਣਾ ਚਾਹੀਦਾ। ☐

(iii) ਗਰੀਬ ਨਾਲ ਭਗਵਾਨ ਨੂੰ ਕੋਈ ਹਮਦਰਦੀ ਨਹੀਂ ਹੁੰਦੀ। ☐

(iv) ਤਕੜੇ ਬੰਦੇ ਨੂੰ ਮਾੜੇ ਬੰਦੇ ਦੀ ਪ੍ਰਵਾਹ ਨਹੀਂ ਕਰਨੀ ਚਾਹੀਦੀ। ☐

(v) ਪ੍ਰਮਾਤਮਾ ਕੁਲੀਆਂ ਨੂੰ ਵੀ ਅਮੀਰ ਬਣਾ ਸਕਦਾ ਹੈ। ☐

**ੲ. ਖਾਲੀ ਥਾਵਾਂ ਭਰੋ :**

**ਖੁਸ਼ਾਮਦ　ਸੰਭਲ　ਮੌਤ　ਮਿੱਟੀ　ਖ਼ੂਨ ਪਸੀਨੇ**

(i) ਬੰਦੇ ਨੂੰ ... ਦੀ ਕਮਾਈ ਕਰਨ ਵਾਲਿਆਂ ਦਾ ਸ਼ੋਸ਼ਣ ਨਾ ਕਰਨ ਲਈ ਕਿਹਾ ਗਿਆ ਹੈ।

(ii) ਇਸ ਡਾਵਾਂਡੋਲ ਦੁਨੀਆਂ ਵਿੱਚ ਮਨੁੱਖ ਨੂੰ ... ਕੇ ਚੱਲਣ ਦੀ ਲੋੜ ਹੈ।

(iii) ਸਰੀਰ ਨੇ ਆਖਿਰਕਾਰ ... ਵਿਚ ਮਿਲ ਜਾਣਾ ਹੈ।

(iv) ਕਵੀ ਬੰਦੇ ਨੂੰ ਖ਼ਾਹ-ਮਖ਼ਾਹ ਤਕੜੇ ਬੰਦੇ ਦੀ ... ਨਾ ਕਰਨ ਦੀ ਬੇਨਤੀ ਕਰਦਾ ਹੈ।

(v) ਗੀਤ ਵਿੱਚ ਬੰਦੇ ਨੂੰ .. ਦਾ ਡਰ ਦਿਖਾ ਕੇ ਚੰਗੇ ਕਰਮ ਕਰਨ ਲਈ ਸਮਝਾਇਆ ਗਿਆ ਹੈ।

**ਸ. ਵਿਰੋਧੀ ਸ਼ਬਦ ਲਿਖੋ :**

(i) ਨਿਰਧਨ ...

(ii) ਵਸਣਾ ...

(iii) ਮਾੜਾ ...

(iv) ਹੌਲਾ ...

**ਹ. ਵਾਕ ਬਣਾਉ :**

(i) ਫ਼ਕੀਰ ... ... ... ...

(ii) ਨਿਰਧਨ ... ... ... ...

(iii) ਤਕੜਾ ... ... ... ...

(iv) ਭਗਵਾਨ ... ... ... ...

# ਹੌਂਸਲੇ ਤੋਂ ਕੰਮ ਲਈਏ ...

## ਚਤਰ ਸਿੰਘ ਬੀਰ

### ਸ਼ਖ਼ਸੀਅਤ ਤੇ ਰਚਨਾ



ਚਤਰ ਸਿੰਘ ਬੀਰ ਦਾ ਜਨਮ 27 ਅਗਸਤ, 1925 ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਚੌਤਾਲਾ ਵਿਖੇ ਪਿਤਾ ਕਰਮ ਸਿੰਘ ਦੇ ਘਰ ਮਾਤਾ ਰਤਨ ਕੌਰ ਦੀ ਕੁੱਖੋਂ ਹੋਇਆ।

ਚਤਰ ਸਿੰਘ ਬੀਰ ਦੀਆਂ ਕਾਵਿ-ਪੁਸਤਕਾਂ ਹਨ— 'ਝਾਂਜਰ ਛਣਕ ਪਈ', 'ਡੁੱਬਦੇ ਪੱਥਰ ਤਾਰੇ', 'ਮੈਂ ਵੀ ਹਾਜ਼ਰ ਹਾਂ', 'ਅਸੀਂ ਕੌਣ ਹਾਂ', 'ਸਿਫ਼ਤ ਸਲਾਹ' ਆਦਿ। ਇਸ ਤੋਂ ਇਲਾਵਾ ਬੱਚਿਆਂ ਲਈ 'ਲੇਖ ਲੜੀ', 'ਸਾਂਝੀ ਕਵਿਤਾ', 'ਕਾਵਿ ਕਥੂਰੀ' ਅਤੇ 'ਵੰਨ-ਸੁਵੰਨੀ' ਕਿਤਾਬਾਂ ਦੀ ਸੰਪਾਦਨਾ ਵੀ ਕੀਤੀ ਹੈ।

ਚਤਰ ਸਿੰਘ ਬੀਰ ਨੂੰ ਪੰਜਾਬ ਸਰਕਾਰ, ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ, ਦਿੱਲੀ, ਪੰਜਾਬੀ ਅਕਾਦਮੀ, ਦਿੱਲੀ, ਸੰਤ ਨਿਧਾਨ ਸਿੰਘ ਕੇਸਰ ਸਾਹਿਤਕ ਪੁਰਸਕਾਰ ਕਮੇਟੀ ਬੈਂਕਾਕ ਅਤੇ ਪੰਜਾਬੀ ਸਾਹਿਤ ਸਭਾ (ਰਜਿ.) ਦਿੱਲੀ ਵੱਲੋਂ ਮਾਣ-ਸਨਮਾਨ ਪ੍ਰਾਪਤ ਹੋਏ ਹਨ।

### ਹੌਂਸਲੇ ਤੋਂ ਕੰਮ ਲਈਏ ...

ਹੌਂਸਲੇ ਤੋਂ ਕੰਮ ਲਈਏ ਹਿੰਮਤਾਂ ਨਾ ਹਾਰੀਏ।
ਸਿਰ ਉੱਤੇ ਪਈਆਂ ਜ਼ਿੰਮੇਵਾਰੀਆਂ ਉਤਾਰੀਏ।

**ਔਖੇ ਸ਼ਬਦਾਂ ਦੇ ਅਰਥ**

ਫਿਟਕਾਰਨਾ : ਧਿੱਕਾਰਨਾ, ਲਾਹਨਤ ਪਾਉਣਾ

ਤਿਹਾਇਆ : ਪਿਆਸਾ

ਦਿਲ ਵਿੱਚ ਲੱਗੀ ਅੱਗ : ਬਦਲੇ ਦੀ ਭਾਵਨਾ

ਕੁਝ ਲੋਕ ਬਾਗ ਨੂੰ ਉਜਾੜਣੇ ਦੀ ਸੋਚਦੇ ਨੇ।
ਸੂਹੇ ਫੁੱਲ ਅੱਗ ਵਿੱਚ ਸਾੜਣੇ ਦੀ ਸੋਚਦੇ ਨੇ।
ਕਿਸੇ ਵੀ ਸ਼ਰਾਰਤੀ ਦੀ ਮੰਨੀਏਂ ਨਾ ਗੱਲ ਕੋਈ,
ਫੁੱਟ ਪਾਉਣ ਵਾਲਿਆਂ ਨੂੰ ਦੂਰੋਂ ਫਿਟਕਾਰੀਏ।

ਹੌਂਸਲੇ ਤੋਂ ਕੰਮ ਲਈਏ ਹਿੰਮਤਾਂ ਨਾ ਹਾਰੀਏ।
ਸਿਰ ਉੱਤੇ ਪਈਆਂ ਜ਼ਿੰਮੇਵਾਰੀਆਂ ਉਤਾਰੀਏ।

ਕੇਹੋ ਜਿਹਾ ਸਮਾਂ ਸਾਡੇ ਦੇਸ ਉੱਤੇ ਆਇਆ ਹੈ।
ਆਦਮੀ ਹੀ ਆਦਮੀ ਦੇ ਲਹੂ ਦਾ ਤਿਹਾਇਆ ਹੈ।
ਦਿਲਾਂ ਵਿੱਚ ਲੱਗੀ ਹੋਈ ਅੱਗ ਨੂੰ ਬੁਝਾਈਏ ਅਸੀਂ,
ਇੱਕ ਦੂਜੇ ਉੱਤੋਂ ਅਸੀਂ ਜਿੰਦ ਜਾਨ ਵਾਰੀਏ।

ਹੌਂਸਲੇ ਤੋਂ ਕੰਮ ਲਈਏ ਹਿੰਮਤਾਂ ਨਾ ਹਾਰੀਏ।
ਸਿਰ ਉੱਤੇ ਪਈਆਂ ਜ਼ਿੰਮੇਵਾਰੀਆਂ ਉਤਾਰੀਏ।

ਏਕਤਾ ਦੇ ਵਿੱਚ ਸਾਡੇ ਦੇਸ ਦੀ ਭਲਾਈ ਹੈ।
ਏਕਤਾ ਹੀ ਅੱਜ ਸਾਡੇ ਦੁੱਖ ਦੀ ਦਵਾਈ ਹੈ।
ਵੈਰ ਤੇ ਵਿਰੋਧ ਵਾਲਾ ਕੂੜਾ ਸਾਰਾ ਹੂੰਝ ਦੇਈਏ,
ਦਿਲਾਂ ਵਿੱਚ ਰੰਗ ਸੁੱਚੇ ਪਿਆਰ ਦਾ ਨਿਖਾਰੀਏ।

ਹੌਂਸਲੇ ਤੋਂ ਕੰਮ ਲਈਏ ਹਿੰਮਤਾਂ ਨਾ ਹਾਰੀਏ।
ਸਿਰ ਉੱਤੇ ਪਈਆਂ ਜ਼ਿੰਮੇਵਾਰੀਆਂ ਉਤਾਰੀਏ।



ਭੁੱਲੇ ਹੋਏ ਸਾਥੀਆਂ ਨੂੰ ਸਿੱਧੇ ਰਾਹੇ ਪਾਉਣਾ ਹੈ।
ਅਸੀਂ ਦੇਸ਼ ਆਪਣਾ ਤਬਾਹੀ ਤੋਂ ਬਚਾਉਣਾ ਹੈ।
ਵੇਹੜਿਆਂ ਦੇ ਵਿੱਚ ਬੂਟੇ ਬੀਜੀਏ ਮੁਹੱਬਤਾਂ ਦੇ,
ਚੌਹੀਂ ਪਾਸੀਂ ਮਹਿਕ ਭਾਈਚਾਰੇ ਦੀ ਖਿਲਾਰੀਏ।

ਹੌਂਸਲੇ ਤੋਂ ਕੰਮ ਲਈਏ ਹਿੰਮਤਾਂ ਨਾ ਹਾਰੀਏ।
ਸਿਰ ਉੱਤੇ ਪਈਆਂ ਜ਼ਿੰਮੇਵਾਰੀਆਂ ਉਤਾਰੀਏ।

## ਟਿੱਪਣੀ

ਇਹ ਗੀਤ ਚਤਰ ਸਿੰਘ ਬੀਰ ਦੀ ਕਾਵਿ-ਪੁਸਤਕ 'ਸਿਫਤ ਸਲਾਹ' ਵਿੱਚੋਂ ਲਿਆ ਗਿਆ ਹੈ। ਇਸ ਗੀਤ ਵਿੱਚ ਕਵੀ ਦੱਸਦਾ ਹੈ ਕਿ ਸਾਨੂੰ ਹਿੰਮਤ ਨਹੀਂ ਹਾਰਨੀ ਚਾਹੀਦੀ। ਹੌਂਸਲੇ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਜੀਵਨ ਜੀਊਣਾ ਚਾਹੀਦਾ ਹੈ। ਗੀਤ ਦੇ ਬੋਲਾਂ ਅਨੁਸਾਰ ਭੈੜੀ ਸੋਚ ਰੱਖਣ ਵਾਲਿਆਂ ਨੂੰ ਨਜ਼ਦੀਕ ਨਹੀਂ ਆਉਣ ਦੇਣਾ ਚਾਹੀਦਾ। ਆਪਸੀ ਵਿਵਾਦ ਦੂਰ ਕਰਕੇ ਮਿਲ-ਜੁਲ ਕੇ ਰਹਿਣਾ ਚਾਹੀਦਾ ਹੈ। ਏਕਤਾ ਵਿੱਚ ਹੀ ਸਮਾਜ ਦੀ ਭਲਾਈ ਹੈ। ਏਕਤਾ ਵਿੱਚ ਹੀ ਸਾਰੇ ਸੁੱਖ ਹਨ। ਵੈਰ-ਵਿਰੋਧ ਦੂਰ ਕਰਕੇ ਆਪਸ ਵਿੱਚ ਪਿਆਰ ਨਾਲ ਰਹਿਣਾ ਚਾਹੀਦਾ ਹੈ। ਜਿਹੜੇ ਲੋਕ ਆਪਣੇ ਵਿਚਾਰਾਂ ਅਤੇ ਕਾਰ-ਵਿਹਾਰਾਂ ਰਾਹੀਂ ਭਟਕੇ ਹੋਏ ਹਨ, ਸਾਨੂੰ ਉਨ੍ਹਾਂ ਨੂੰ ਸਹੀ ਸੇਧ ਦੇਣੀ ਚਾਹੀਦੀ ਹੈ। ਇੰਜ ਕਰਨ ਨਾਲ ਆਪਣੇ ਦੇਸ ਅਤੇ ਭਾਈਚਾਰੇ ਦੀ ਤਰੱਕੀ ਵਿੱਚ ਹਿੱਸਾ ਪਾਇਆ ਜਾ ਸਕਦਾ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਕਵੀ ਕਿਨ੍ਹਾਂ ਲੋਕਾਂ ਨੂੰ ਹਿੰਮਤ ਨਾ ਹਾਰਨ ਲਈ ਕਹਿੰਦਾ ਹੈ ?
(ii) ਬਾਗ਼ ਰੂਪੀ ਦੇਸ ਨੂੰ ਉਜਾੜਨ ਵਾਲੇ ਨਾਲ ਕੀ ਵਿਹਾਰ ਕਰਨਾ ਚਾਹੀਦਾ ਹੈ ?
(iii) ਦੇਸ ਉੱਤੇ ਆਏ ਬੁਰੇ ਸਮੇਂ ਨੂੰ ਕਿਵੇਂ ਠੀਕ ਕੀਤਾ ਜਾ ਸਕਦਾ ਹੈ ?
(iv) ਆਪਸੀ ਵੈਰ-ਵਿਰੋਧ ਕਿਵੇਂ ਮਿਟਾਇਆ ਜਾ ਸਕਦਾ ਹੈ ?
(v) ਕਵੀ ਆਪਣੇ ਦੇਸ ਵਿੱਚ ਕਿਹੜੀ ਮਹਿਕ ਖਿਲਾਰਨ ਦੀ ਗੱਲ ਕਰਦਾ ਹੈ ਅਤੇ ਕਿਵੇਂ ?
(vi) ਆਦਮੀ ਕਿਹੜੀ ਚੀਜ਼ ਦਾ ਪਿਆਸਾ ਹੋ ਗਿਆ ਹੈ ?

**2. ਹੇਠ ਲਿਖੀਆਂ ਕਾਵਿ-ਸਤਰਾਂ ਦੇ ਆਧਾਰ 'ਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :**

ਏਕਤਾ ਦੇ ਵਿੱਚ ਸਾਡੇ ਦੇਸ ਦੀ ਭਲਾਈ ਹੈ।
ਏਕਤਾ ਹੀ ਅੱਜ ਸਾਡੇ ਦੁੱਖ ਦੀ ਦਵਾਈ ਹੈ।
ਵੈਰ ਤੇ ਵਿਰੋਧ ਵਾਲਾ ਕੂੜਾ ਸਾਰਾ ਹੂੰਝ ਦੇਈਏ,
ਦਿਲਾਂ ਵਿੱਚ ਰੰਗ ਸੁੱਚੇ ਪਿਆਰ ਦਾ ਨਿਖਾਰੀਏ।

(i) ਇਨ੍ਹਾਂ ਸਤਰਾਂ ਵਿੱਚ ਕਿਹੜੇ ਦੁੱਖ ਦੀ ਗੱਲ ਕੀਤੀ ਗਈ ਹੈ ?
(ii) ਦੇਸ ਦੀ ਭਲਾਈ ਕਿਸ ਗੱਲ ਵਿੱਚ ਹੈ ?
(iii) ਕਿਹੋ ਜਿਹਾ ਕੂੜਾ ਹੂੰਝਣ ਨਾਲ ਦਿਲ ਨਿਖਰ ਜਾਂ ਲਿਸ਼ਕ ਸਕਦੇ ਹਨ ?

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਕੁਝ ਲੋਕ ਬਾਗ ਨੂੰ ਉਜਾੜਣੇ ਦੀ ਸੋਚਦੇ ਨੇ।
ਸੂਹੇ ਫੁੱਲ ਅੱਗ ਵਿੱਚ ਸਾੜਣੇ ਦੀ ਸੋਚਦੇ ਨੇ।

ਕਿਸੇ ਵੀ ਸ਼ਰਾਰਤੀ ਦੀ ਮੰਨੀਏਂ ਨਾ ਗੱਲ ਕੋਈ,
ਫੁੱਟ ਪਾਉਣ ਵਾਲਿਆਂ ਨੂੰ ਦੂਰੋਂ ਫਿਟਕਾਰੀਏ।

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ :

(i) ਦੇਸ ਭਗਤੀ ਨਾਲ ਸੰਬੰਧਿਤ ਕਿਸੇ ਹੋਰ ਕਵੀ ਦੀ ਕਵਿਤਾ ਸਕੂਲ ਦੀ ਲਾਇਬਰੇਰੀ ਵਿੱਚੋਂ ਲੱਭ ਕੇ ਚਾਰਟ 'ਤੇ ਲਿਖੋ।

(ii) ਇਸ ਗੀਤ ਨੂੰ ਪੂਰੇ ਹਾਵ-ਭਾਵ ਨਾਲ ਲੈਅ ਵਿੱਚ ਗਾ ਕੇ ਰਿਕਾਰਡ ਕਰੋ ਅਤੇ ਜਮਾਤ ਵਿੱਚ ਰਿਕਾਰਡਿੰਗ ਸੁਣਾਉ।

(iii) ਦੇਸ ਵਿੱਚ ਅਜੋਕੇ ਹਾਲਾਤ ਬਾਰੇ ਆਪਣੇ ਵਿਚਾਰ ਪ੍ਰਸਤੁਤ ਕਰੋ।

(iv) ਸਮਾਜਕ ਵੈਰ-ਵਿਰੋਧ ਕਾਰਨ ਤੁਹਾਨੂੰ ਜਾਂ ਤੁਹਾਡੇ ਕਿਸੇ ਜਾਣਕਾਰ ਨੂੰ ਕੋਈ ਨੁਕਸਾਨ ਹੋਇਆ ਹੈ ? ਅਜਿਹੀ ਹਾਲਤ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

(v) 'ਏਕਤਾ ਵਿਚ ਬਲ ਹੈ' ਦੇ ਆਧਾਰ 'ਤੇ ਇਕ ਪੈਰਾ ਰਚਨਾ ਕਰੋ।

### ਅ. ਪਾਠ ਦੇ ਆਧਾਰ 'ਤੇ ਠੀਕ ( ✔ ) ਜਾਂ ਗ਼ਲਤ ( ✖ ) ਦਾ ਨਿਸ਼ਾਨ ਬਣਾਉ :

(i) ਹਿੰਮਤ ਨਾਲ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ☐

(ii) ਕਿਸੇ ਦੀ ਖਾਤਰ ਜਿੰਦ-ਜਾਨ ਨਹੀਂ ਵਾਰਨੀ ਚਾਹੀਦੀ। ☐

(iii) ਮੁਹੱਬਤ ਦਾ ਬੂਟਾ ਬੀਜਣ ਨਾਲ ਭਾਈਚਾਰਕ ਸਾਂਝ ਦਾ ਸੰਦੇਸ਼ ਦਿੱਤਾ ਜਾ ਸਕਦਾ ਹੈ। ☐

(iv) ਸ਼ਰਾਰਤੀ ਵਿਅਕਤੀਆਂ ਦੀ ਗੱਲ ਨਹੀਂ ਮੰਨਣੀ ਚਾਹੀਦੀ। ☐

(v) ਵੈਰ-ਵਿਰੋਧ ਨਾਲ ਹੀ ਏਕਤਾ ਆ ਸਕਦੀ ਹੈ। ☐

### ੲ. ਖਾਲੀ ਥਾਵਾਂ ਭਰੋ :

| | |
|---|---|
| ਫਿਟਕਾਰਨਾ | ਬਾਗ |
| ਹੌਂਸਲੇ | |
| ਨਫ਼ਰਤ | ਸਿੱਧੇ |

(i) ਇਕ ਦੂਜੇ ਦੇ ਭਲੇ ਲਈ ਦਿਲਾਂ ਵਿਚਲੀ ... ਨੂੰ ਖ਼ਤਮ ਕਰਨਾ ਜ਼ਰੂਰੀ ਹੈ।

(ii) ਫੁੱਟ ਪਾਉਣ ਵਾਲਿਆਂ ਨੂੰ ... ਚਾਹੀਦਾ ਹੈ।

(iii) ਜ਼ਿੰਮੇਵਾਰੀ ਨਿਭਾਉਣ ਵਾਸਤੇ ... ਦੀ ਕੋਈ ਲੋੜ ਹੈ।

(iv) ਦੇਸ ਨੂੰ ਬਰਬਾਦੀ ਤੋਂ ਬਚਾਉਣ ਲਈ ਲੋਕਾਂ ਨੂੰ ... ਰਾਹ ਪਾਉਣ ਦੀ ਲੋੜ ਹੈ।

(v) ਲੋਕਾਂ ਵਿੱਚ ... ਨੂੰ ਉਜਾੜਨ ਦੀ ਕੋਈ ਭਾਵਨਾ ਨਹੀਂ ਹੈ।

**ਸ. ਜੋੜੇ ਬਣਾਉ :**

| | |
|---|---|
| ਬਾਗ਼ | ਖਿੜਨਾ |
| ਫੁੱਲ | ਵਗਣਾ |
| ਲਹੂ | ਹਰਿਆਲੀ |
| ਅੱਗ | ਮੁਹੱਬਤ |
| ਨਫ਼ਰਤ | ਬੁਝਾਉਣੀ |

**ਹ. ਵਿਰੋਧੀ ਸ਼ਬਦ ਲਿਖੋ :**

(i) ਹਿੰਮਤ ...

(ii) ਉਜਾੜਨਾ ...

(iii) ਉਤਾਰਨਾ ...

(iv) ਖਿਲਾਰਨਾ ...

**ਕ. ਜਿਵੇਂ 'ਜ਼ਿੰਮੇਵਾਰੀ' ਨਿਭਾਈ ਜਾਂਦੀ ਹੈ, ਕਿਹਾ ਜਾਂਦਾ ਹੈ, ਉਸੇ ਤਰ੍ਹਾਂ ਹੇਠ ਲਿਖਿਆਂ ਨੂੰ ਕੀ ਕਹਾਂਗੇ ?**

(i) ਜਾਨ ...

(ii) ਮਹਿਕ ...

(iii) ਅੱਗ ...

(iv) ਫੁੱਲ ...

**ਖ. ਵਾਕ ਬਣਾਉ :**

(i) ਹਿੰਮਤ ਨਾ ਹਾਰਨਾ ... ... ... ...

(ii) ਫੁੱਟ ਪਾਉਣਾ ... ... ... ...

(iii) ਲਹੂ ਦਾ ਤਿਹਾਇਆ ... ... ... ...

(iv) ਫਿਟਕਾਰਨਾ ... ... ... ...

# ਸਮਕਾਲੀਆਂ ਨੂੰ

## ਤਾਰਾ ਸਿੰਘ ਕਾਮਲ



### ਸ਼ਖ਼ਸੀਅਤ ਤੇ ਰਚਨਾ

ਤਾਰਾ ਸਿੰਘ ਕਾਮਲ ਦਾ ਜਨਮ ਪਿੰਡ ਹੂਕੜਾਂ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਵਿੱਚ ਹੋਇਆ। ਉਨ੍ਹਾਂ ਨੂੰ ਕਵਿਤਾ ਦੀ ਰੱਬੀ ਦਾਤ ਪ੍ਰਾਪਤ ਹੋਈ ਹੈ। ਉਹ ਆਧੁਨਿਕ ਪੰਜਾਬੀ ਕਵੀ ਸਨ। ਉਨ੍ਹਾਂ ਨੇ ਕਵਿਤਾ ਨੂੰ ਸਰਲ ਬਣਾਉਣ ਦੀ ਕੋਸ਼ਿਸ਼ ਕੀਤੀ। ਬੌਧਿਕ ਕਵਿਤਾ ਦੀ ਰਚਨਾ ਸਮੇਂ ਵੀ ਉਨ੍ਹਾਂ ਨੇ ਸੁਰਤਾਲ ਤੇ ਕਾਵਿ-ਸੁਹਜ ਦਾ ਪੂਰਾ ਧਿਆਨ ਰੱਖਿਆ। ਤਾਰਾ ਸਿੰਘ ਕਾਮਲ ਦੀਆਂ ਕੁਝ ਪ੍ਰਮੁੱਖ ਰਚਨਾਵਾਂ ਇਸ ਪ੍ਰਕਾਰ ਹਨ—'ਸਿੰਮਦੇ ਪੱਥਰ', 'ਮੇਘਲੇ', 'ਅਸੀਂ-ਤੁਸੀਂ', 'ਸੂਰਜ ਦਾ ਲੈਟਰ ਬਕਸ', 'ਕਹਿਕਸ਼ਾਂ' ਅਤੇ 'ਡੋਲ੍ਹਦੇ ਪਾਣੀ' ਆਦਿ।

### ਔਖੇ ਸ਼ਬਦਾਂ ਦੇ ਅਰਥ

ਸਮਕਾਲੀ : ਇਕੋ ਸਮੇਂ ਦੇ
ਗੰਧ : ਮਹਿਕ
ਚੌਂਹ ਪਾਸੇ : ਚਾਰੇ ਪਾਸੇ
ਚਿੱਤ : ਮਨ
ਹੁਲਾਸੇ : ਖ਼ੁਸ਼, ਆਨੰਦ, ਪ੍ਰਸੰਨ

### ਸਮਕਾਲੀਆਂ ਨੂੰ

ਆਵੋ ਯਾਰੋ, ਦੁਨੀਆ ਅੰਦਰ ਏਦਾਂ ਰਚਮਿਚ ਜਾਈਏ।
ਜਿਉਂ ਪਾਣੀ ਵਿਚ ਪਾਣੀ ਮਿਲਦਾ, ਇਕ ਮੂਰਤ ਹੋ ਜਾਈਏ।

ਖਿੜੇ ਗੁਲਾਬ ਚਮਨ ਵਿਚ ਭਾਵੇਂ, ਗੰਧ ਫੈਲੇ ਚੌਂਹ-ਪਾਸੇ।
ਜਿਹੜੇ ਚਿੱਤ ਉਦਾਸੇ ਹੋਵਣ, ਉਹ ਵੀ ਜਾਣ ਹੁਲਾਸੇ।

ਕੀ ਕੰਡੇ, ਕੀ ਪੱਤੀਆਂ, ਭੌਰੇ, ਕੀ ਮਾਲੀ, ਕੀ ਡਾਲੀ।
ਸਭਨਾਂ ਨੂੰ ਖ਼ੁਸ਼ਬੋਈ ਵੰਡੇ, ਸਭਨਾਂ ਨੂੰ ਖ਼ੁਸ਼ਹਾਲੀ।

ਅਗਨ ਬਰਾਬਰ ਤਪਦੇ ਜੀਅ ਨੂੰ, ਚੁੰਮਣਾਂ ਜਿਹੇ ਦਿਲਾਸੇ।
ਸਾਫ਼ ਨਰੋਏ, ਲਿਸ਼ਲਿਸ਼ ਕਰਦੇ, ਕਲੀਆਂ ਵਰਗੇ ਹਾਸੇ।

ਲੈ ਜਾਏ ਆਪਣੇ ਨਾਲ ਸੁਗੰਧੀ ਤਰਲ ਸਰਾਂ ਦਾ ਪਾਣੀ।
ਨਾ ਕੋਈ ਮੁੱਲ, ਨਹੀਂ ਇਵਜ਼ਾਨਾ, ਨਾ ਕੋਈ ਮੰਗ ਨਿਮਾਣੀ।

ਜੋ ਸੁਹਣਾ, ਸੋ ਜੱਗ ਨੂੰ ਦੱਸੀਏ, ਜੋ ਚੰਗਾ, ਸੋ ਵੰਡੀਏ।
ਹਰ ਕੋਈ ਸਾਨੂੰ ਆਪਣਾ ਜਾਣੇ, ਏਦਾਂ ਰਹੀਏ, ਹੰਢੀਏ।

ਜਦ ਖ਼ੁਸ਼ਬੂ ਦਾ ਕਦੇ ਇਹੋ, ਆਕਾਰ ਜਿਹਾ ਟੁੱਟ ਜਾਵੇ।
ਉਸ ਵੇਲੇ ਇਹ ਤਰਲ ਸੁਗੰਧੀ ਹਰ ਬੂਟੇ ਵੱਸ ਜਾਵੇ।

**ਔਖੇ ਸ਼ਬਦਾਂ ਦੇ ਅਰਥ**

ਅਗਨ : ਅੱਗ
ਨਰੋਏ : ਨਿਰੋਗ, ਅਰੋਗ
ਇਵਜ਼ਾਨਾ : ਵਟਾਂਦਰਾ
ਹੰਢੀਏ : ਵਿਚਰੀਏ

## ਟਿੱਪਣੀ



ਇਹ ਕਵਿਤਾ ਤਾਰਾ ਸਿੰਘ ਕਾਮਲ ਦੇ ਕਾਵਿ-ਸੰਗ੍ਰਹਿ 'ਸੂਰਜ ਦਾ ਲੈਟਰ ਬਕਸ' ਵਿੱਚੋਂ ਲਈ ਗਈ ਹੈ। ਕਵੀ ਆਪਣੇ ਸਮਕਾਲੀਆਂ ਨੂੰ ਸੱਦਾ ਦੇ ਰਿਹਾ ਹੈ ਕਿ ਆਓ ਦੁਨੀਆ ਵਿੱਚ ਇਸ ਤਰ੍ਹਾਂ ਮਿਲ-ਜੁਲ ਕੇ ਰਹੀਏ ਜਿਵੇਂ ਪਾਣੀ ਵਿੱਚ ਪਾਣੀ ਮਿਲ ਕੇ ਇਕ-ਮਿਕ ਹੋ ਜਾਂਦਾ ਹੈ। ਜਿਵੇਂ ਗੁਲਾਬ ਆਪਣੀ ਖ਼ੁਸ਼ਬੋਈ ਨਾਲ ਸਾਰਾ ਆਲਾ-ਦੁਆਲਾ ਅਤੇ ਉਦਾਸ ਮਨ ਮਹਿਕਾ ਦਿੰਦਾ ਹੈ। ਉਸੇ ਤਰ੍ਹਾਂ ਅਸੀਂ ਵੀ ਸਭ ਨੂੰ ਬਿਨਾਂ ਕਿਸੇ ਵਿਤਕਰੇ ਦੇ ਖ਼ੁਸ਼ੀਆਂ ਵੰਡੀਏ। ਇਹ ਖ਼ੁਸ਼ੀਆਂ ਉਦਾਸ, ਦੁਖੀ ਮਨਾਂ ਨੂੰ ਪਿਆਰ ਭਰੇ ਦਿਲਾਸਿਆਂ ਵਾਂਗ ਮਹਿਸੂਸ ਹੋਣ ਤਾਂ ਜੋ ਉਹ ਨਰੋਇਆ ਅਤੇ ਖੇੜਿਆਂ ਭਰਿਆ ਜੀਵਨ ਜੀ ਸਕਣ। ਇਹ ਖ਼ੁਸ਼ੀਆਂ ਭਰੀ ਸੁਗੰਧੀ ਨਿਰਸੁਆਰਥ ਹੋ ਕੇ ਸਾਰੇ ਦੁੱਖਾਂ ਨੂੰ ਖ਼ਤਮ ਕਰ ਦੇਵੇ। ਕਵੀ ਆਪਣੇ ਸਮਕਾਲੀਆਂ ਤੋਂ ਇਹੀ ਇੱਛਾ ਰਖਦਾ ਹੈ ਕਿ ਅਸੀਂ ਆਪਣੀ ਕਲਮ ਦੇ ਹੁਨਰ ਨਾਲ ਸਮਾਜ ਨੂੰ ਸਿਰਫ਼ ਸਾਕਾਰਤਮਕ ਅਤੇ ਸੁਹਜ ਵਿਚਾਰ (ਸੰਦੇਸ਼) ਦੇਈਏ ਅਤੇ ਸਭ ਨਾਲ ਰਲ-ਮਿਲ ਕੇ ਰਹੀਏ। ਜਦ ਕਦੇ ਸਮਾਜ ਵਿੱਚ ਨਾਂਹ-ਪੱਖੀ ਮਾਹੌਲ ਹੋਵੇ ਤਾਂ ਸਾਡੇ ਇਹੀ ਚੰਗੇਰੇ ਅਤੇ ਸੁਹਜ ਵਿਚਾਰ ਸੁਗੰਧੀ ਬਣ ਕੇ ਸਭ ਦੇ ਮਨਾਂ ਵਿੱਚ ਵੱਸ ਜਾਣ ਅਤੇ ਉਨ੍ਹਾਂ ਨੂੰ ਮਿਲ-ਜੁਲ ਕੇ ਰਹਿਣ ਦੀ ਪ੍ਰੇਰਣਾ ਦੇਣ।



## ਅਭਿਆਸ

**1. ਦੱਸੋ ਖਾਂ ਭਲਾ :**

(i) ਇਹ ਕਵਿਤਾ ਕਿਸ ਨੂੰ ਸੰਬੋਧਿਤ ਹੈ ?
(ii) ਕਵੀ ਕੀ ਸੱਦਾ ਦੇ ਰਿਹਾ ਹੈ ?
(iii) ਕਵਿਤਾ ਵਿੱਚ ਕਿਨ੍ਹਾਂ ਨੂੰ ਕਿਹੜੀ ਖੁਸ਼ਬੋਈ ਵੰਡਣ ਦੀ ਗੱਲ ਕੀਤੀ ਗਈ ਹੈ ?
(iv) ਕਵਿਤਾ ਵਿੱਚ ਭਾਈਚਾਰਕ ਸਾਂਝ ਕਾਇਮ ਰੱਖਣ ਦੀ ਇੱਛਾ ਕਿਸ ਕੋਲੋਂ ਅਤੇ ਕਿਸ ਤਰ੍ਹਾਂ ਕੀਤੀ ਗਈ ਹੈ ?
(v) ਇਸ ਕਵਿਤਾ ਦਾ ਕੇਂਦਰੀ ਭਾਵ ਕੀ ਹੈ ?
(vi) ਨਾਂਹ-ਪੱਖੀ ਵਿਚਾਰਾਂ ਵਾਲੇ ਮਾਹੌਲ ਵਿੱਚ ਸਾਡੀ ਕੀ ਭੂਮਿਕਾ ਹੋਣੀ ਚਾਹੀਦੀ ਹੈ?

**2. ਹੇਠ ਲਿਖੀਆਂ ਕਾਵਿ-ਸਤਰਾਂ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :**

ਜੋ ਸੁਹਣਾ, ਸੋ ਜੱਗ ਨੂੰ ਦੱਸੀਏ, ਜੋ ਚੰਗਾ, ਸੋ ਵੰਡੀਏ।
ਹਰ ਕੋਈ ਸਾਨੂੰ ਆਪਣਾ ਜਾਣੇ, ਏਦਾਂ ਰਹੀਏ, ਹੰਢੀਏ।

ਜਦ ਖੁਸ਼ਬੂ ਦਾ ਕਦੇ ਇਹੋ, ਆਕਾਰ ਜਿਹਾ ਟੁੱਟ ਜਾਵੇ।
ਉਸ ਵੇਲੇ ਇਹ ਤਰਲ ਸੁਗੰਧੀ ਹਰ ਬੂਟੇ ਵੱਸ ਜਾਵੇ।

(i) ਇਨ੍ਹਾਂ ਕਾਵਿ-ਸਤਰਾਂ ਵਿੱਚ ਕੌਣ ਕਿਸ ਨੂੰ ਸੰਬੋਧਿਤ ਹੈ ?
(ii) ਕਵੀ ਕਿਹੜੀ ਸੋਹਣੀ ਅਤੇ ਚੰਗੀ ਸ਼ੈਅ ਵੰਡਣ ਦੀ ਗੱਲ ਕਰ ਰਿਹਾ ਹੈ ?
(iii) ਇਨ੍ਹਾਂ ਸਤਰਾਂ ਵਿੱਚ ਕਵੀ ਦੀ ਕਿਸ ਤਰ੍ਹਾਂ ਦੀ ਭਾਵਨਾ ਦਾ ਪਤਾ ਲਗਦਾ ਹੈ ?

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਖਿੜੇ ਗੁਲਾਬ ਚਮਨ ਵਿਚ ਭਾਵੇਂ, ਗੰਧ ਫੈਲੇ ਚੌਂਹ-ਪਾਸੇ।
ਜਿਹੜੇ ਚਿੱਤ ਉਦਾਸੇ ਹੋਵਣ, ਉਹ ਵੀ ਜਾਣ ਹੁਲਾਸੇ।

ਕੀ ਕੰਡੇ, ਕੀ ਪੱਤੀਆਂ, ਭੌਰੇ, ਕੀ ਮਾਲੀ, ਕੀ ਡਾਲੀ।
ਸਭਨਾਂ ਨੂੰ ਖੁਸ਼ਬੋਈ ਵੰਡੇ, ਸਭਨਾਂ ਨੂੰ ਖੁਸ਼ਹਾਲੀ।

## ਆਓ ਕੁਝ ਹੋਰ ਕਰੀਏ

**ੳ. ਪਾਠ ਤੋਂ ਅੱਗੇ :**

(i) ਜੇ ਤੁਹਾਡੀ ਜਮਾਤ ਵਿੱਚ ਕਦੇ ਤਨਾਉ ਭਰਿਆ ਮਾਹੌਲ ਹੋ ਜਾਵੇ ਤਾਂ ਉਸ ਸਥਿਤੀ ਵਿੱਚ ਤੁਹਾਡੀ ਕੀ ਭੂਮਿਕਾ ਹੋਵੇਗੀ ? ਆਪਣੇ ਵਿਚਾਰ ਪ੍ਰਗਟ ਕਰੋ।
(ii) ਆਪਣੇ ਸਕੂਲ ਦੀ ਸਾਲਾਨਾ ਪਤ੍ਰਿਕਾ/ਮੈਗਜ਼ੀਨ/ਰਸਾਲੇ ਲਈ ਪ੍ਰੇਰਨਾਦਾਇਕ ਕਵਿਤਾ ਲਿਖੋ।

(iii) 'ਹੱਸਣਾ ਜ਼ਿੰਦਗੀ ਜਿਊਣ ਦੀ ਇੱਕ ਕਲਾ ਹੈ', ਕੀ ਤੁਸੀਂ ਇਸ ਵਿਚਾਰ ਨਾਲ ਸਹਿਮਤ ਹੋ। ਤਰਕ ਦੇ ਆਧਾਰ 'ਤੇ ਆਪਣਾ ਪੱਖ ਪੇਸ਼ ਕਰੋ।

(iv) ਚੰਗੇ-ਮਾੜੇ ਦੇ ਗੁਣ-ਔਗੁਣ ਦੱਸਦੇ ਹੋਏ ਚੰਗਿਆਈ ਨਾਲ ਜੀਵਨ ਨੂੰ ਖੁਸ਼ਹਾਲ ਬਣਾਉਣ ਦੇ ਤਰੀਕਿਆਂ ਨੂੰ ਦਰਸਾਉਂਦਾ ਇੱਕ ਚਾਰਟ ਬਣਾਉ।

(v) ਜਦੋਂ ਤੁਸੀਂ ਬਹੁਤ ਖੁਸ਼ੀ ਤੇ ਸਕੂਨ ਮਹਿਸੂਸ ਕਰਦੇ ਹੋ ਤਾਂ ਤੁਹਾਡੇ ਮਨ ਵਿਚ ਕਿਹੋ-ਜਿਹੇ ਵਿਚਾਰ ਆਉਂਦੇ ਹਨ ? ਖੁੱਲ੍ਹ ਕੇ ਬਿਆਨ ਕਰੋ।

**ਅ. ਪਾਠ ਦੇ ਆਧਾਰ 'ਤੇ ਠੀਕ ( ✔ ) ਜਾਂ ਗ਼ਲਤ ( ✖ ) ਦਾ ਨਿਸ਼ਾਨ ਬਣਾਉ :**

(i) ਗੁਲਾਬ ਦੇ ਫੁੱਲ ਖਿੜਨ ਨਾਲ ਚਾਰੇ ਪਾਸੇ ਖੁਸ਼ਹਾਲੀ ਫੈਲ ਜਾਂਦੀ ਹੈ। ☐

(ii) ਹਾਸੇ ਦੀ, ਕਲੀ ਨਾਲ ਤੁਲਨਾ ਨਹੀਂ ਕੀਤੀ ਗਈ। ☐

(iii) ਕਵੀ ਨੇ ਗੀਤ ਵਿੱਚ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ। ☐

(iv) ਖੁਸ਼ਹਾਲੀ ਲਈ ਇਵਜ਼ਾਨਾ ਭਰਨਾ ਪੈਂਦਾ ਹੈ। ☐

(v) ਚੰਗੇਰੀਆਂ ਗੱਲਾਂ ਦੂਜਿਆਂ ਨੂੰ ਨਹੀਂ ਦੱਸਣੀਆਂ ਚਾਹੀਦੀਆਂ। ☐

**ੲ. ਖਾਲੀ ਥਾਵਾਂ ਭਰੋ :**

| | |
|---|---|
| ਸੰਕੋਚ | ਉਦਾਸ |
| ਪਾਣੀ | |
| ਸੁਗੰਧੀ | ਸਮਕਾਲੀਆਂ |

(i) ਖੁਸ਼ਬੂ ਦਾ ਆਕਾਰ ਟੁੱਟਣ ਨਾਲ ਹਰ ਬੂਟੇ ਵਿੱਚ ... ਵਸ ਜਾਂਦੀ ਹੈ।

(ii) ਖੁਸ਼ਹਾਲੀ ਵੰਡਣ ਵਿੱਚ ... ਨਹੀਂ ਵਰਤਣੀ ਚਾਹੀਦੀ।

(iii) ਗੁਲਾਬ ਦਾ ਫੁੱਲ ... ਦਿਲ ਵਿੱਚ ਵੀ ਖੁਸ਼ੀ ਭਰ ਦਿੰਦਾ ਹੈ।

(iv) ਸਮਕਾਲੀਆਂ ਨੂੰ ... ਵਾਂਗ ਰਚ-ਮਿਚ ਜਾਣ ਦੀ ਲੋੜ ਹੈ।

(v) ਕਵੀ ਨੇ ਇਹ ਰਚਨਾ ਆਪਣੇ ... ਨੂੰ ਸੰਬੋਧਨ ਕੀਤੀ ਹੈ।

**ਸ. ਜੋੜੇ ਬਣਾਉ :**

| | | |
|---|---|---|
| (i) | ਗੁਲਾਬ | ਹਾਣੀ |
| (ii) | ਚੰਗਿਆਈ | ਵੰਡਣੀ |
| (iii) | ਸਮਕਾਲ | ਸੁਗੰਧੀ |
| (iv) | ਉਦਾਸੇ | ਹੁਲਾਸੇ |

### ਹ. ਵਿਰੋਧੀ ਸ਼ਬਦ ਲਿਖੋ :

(i) ਅੰਦਰ ...

(ii) ਉਦਾਸੀ ...

(iii) ਖ਼ੁਸ਼ਬੋ ...

(iv) ਆਪਣਾ ...

### ਕ. ਸਮਾਨਾਰਥਕ ਸ਼ਬਦ ਲਿਖੋ :

(i) ਮੂਰਤ ...

(ii) ਖ਼ੁਸ਼ਬੂ ...

(iii) ਮੁੱਲ ...

(iv) ਤਰਲ ...

### ਖ. ਵਾਕ ਬਣਾਉ :

(i) ਇਵਜ਼ਾਨਾ ਭਰਨਾ ... ... ... ...

(ii) ਲਿਸ਼ਲਿਸ਼ ਕਰਨਾ ... ... ... ...

(iii) ਰਚਮਿਚ ਜਾਣਾ ... ... ... ...

(iv) ਖ਼ੁਸ਼ਹਾਲੀ ਹੋਣੀ ... ... ... ...



# ਕਬੱਡੀ

## ਪ੍ਰਿੰ. ਸਰਵਣ ਸਿੰਘ



### ਸ਼ਖ਼ਸੀਅਤ ਤੇ ਰਚਨਾ

ਪ੍ਰਿੰ. ਸਰਵਣ ਸਿੰਘ ਪ੍ਰਸਿੱਧ ਖੇਡ-ਲੇਖਕ ਹਨ। ਉਨ੍ਹਾਂ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਚਕਰ ਵਿਖੇ 8 ਜੁਲਾਈ, 1940 ਨੂੰ ਪਿਤਾ ਬਾਬੂ ਸਿੰਘ ਸੰਧੂ ਦੇ ਘਰ ਮਾਤਾ ਕਰਤਾਰ ਕੌਰ ਦੀ ਕੁੱਖੋਂ ਹੋਇਆ। 'ਪੰਜਾਬ ਦੇ ਉੱਘੇ ਖਿਡਾਰੀ', 'ਖੇਡ-ਸੰਸਾਰ', 'ਪੰਜਾਬੀ ਖਿਡਾਰੀ', 'ਖੇਡ-ਜਗਤ ਵਿੱਚ ਭਾਰਤ', 'ਓਲੰਪਿਕ ਖੇਡਾਂ', 'ਪਿੰਡ ਦੀ ਸੱਥ 'ਚੋਂ', 'ਬਾਤਾਂ ਵਤਨ ਦੀਆਂ', 'ਖੇਡ ਮੈਦਾਨ 'ਚੋਂ', 'ਖੇਡ ਜਗਤ ਦੀਆਂ ਬਾਤਾਂ', 'ਖੇਡ ਪਰਿਕਰਮਾ', 'ਖੇਡ ਦਰਸ਼ਨ', 'ਖੇਡ ਮੇਲੇ ਵੇਖਦਿਆਂ', 'ਫੇਰੀ ਵਤਨਾਂ ਦੀ', 'ਅੱਖੀਂ ਵੇਖ ਨਾ ਰੱਜੀਆਂ', 'ਪੰਜਾਬ ਦੀਆਂ ਦੇਸੀ ਖੇਡਾਂ', 'ਖੇਡਾਂ ਦੀ ਦੁਨੀਆ', 'ਮੇਲੇ ਕਬੱਡੀ ਦੇ', 'ਅਮਰਦੀਪ ਕਾਲਜ ਦੇ ਦਾਨਵੀਰ', 'ਪੰਜਾਬ ਦੇ ਚੋਣਵੇਂ ਖਿਡਾਰੀ', 'ਅੱਖੀਂ ਡਿੱਠਾ ਕਬੱਡੀ ਵਰਲਡ ਕੱਪ', 'ਏਥਨਜ਼ ਤੋਂ ਲੰਡਨ', 'ਖੇਡ ਤੇ ਸੇਹਤ ਵਾਰਤਾ', 'ਕਿੱਸਾ ਕਬੱਡੀ ਦਾ', 'ਗੋਲਡਨ ਗੋਲ' 'ਉਲੰਪਿਕ ਖੇਡਾਂ ਦੀ ਸਦੀ', 'ਖੇਡ ਤੇ ਸਿਹਤ ਵਾਰਤਾ', ਬਲਬੀਰ ਸਿੰਘ ਦੀ ਜੀਵਨੀ ਉਨ੍ਹਾਂ ਦੀਆਂ ਪੁਸਤਕਾਂ ਹਨ। 'ਹਸੰਦਿਆਂ ਖੇਲੰਦਿਆਂ' ਸਵੈ-ਜੀਵਨੀ ਹੈ। 'ਸਪੋਰਟਸ ਮੈਨ ਆਫ਼ ਪੰਜਾਬ' ਉਨ੍ਹਾਂ ਦੀ ਅੰਗਰੇਜ਼ੀ ਭਾਸ਼ਾ ਵਿੱਚ ਇੱਕ ਹੋਰ ਪੁਸਤਕ ਹੈ।

## ਕਬੱਡੀ

ਕੱਬਡੀ ਪੰਜਾਬੀਆਂ ਦੀ ਮਾਂ-ਖੇਡ ਮੰਨੀ ਗਈ ਹੈ। ਸ਼ਾਇਦ ਹੀ ਕੋਈ ਪੰਜਾਬੀ ਹੋਵੇ ਜਿਸ ਦਾ ਖਿਡਾਰੀ ਜਾਂ ਦਰਸ਼ਕ ਦੇ ਰੂਪ ਵਿੱਚ ਕਬੱਡੀ ਨਾਲ ਲਗਾਉ ਨਾ ਰਿਹਾ ਹੋਵੇ। ਅਜੋਕੇ ਪੇਂਡੂ ਪੰਜਾਬ ਵਿਚ ਕਬੱਡੀ ਸਭ ਤੋਂ ਮਕਬੂਲ ਖੇਡ ਹੈ। ਇਸ ਖੇਡ ਵੱਲ ਆਮ ਪੰਜਾਬੀਆਂ ਦੀ ਏਨੀ ਖਿੱਚ ਹੈ ਕਿ ਇੱਕ ਬੰਨੇ ਓਲੰਪਿਕ ਖੇਡਾਂ ਹੋ ਰਹੀਆਂ ਹੋਣ ਤੇ ਦੂਜੇ ਬੰਨੇ ਉੱਚ ਪਾਏ ਦੀ ਕਬੱਡੀ ਤਾਂ ਉਹ ਕਬੱਡੀ ਵੇਖਣ ਨੂੰ ਤਰਜੀਹ ਦੇਣਗੇ। ਜੇ ਕਦੇ ਏਧਰਲੇ ਤੇ ਓਧਰਲੇ ਪੰਜਾਬ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਲਗਾਉ | :ਪਿਆਰ |
| ਮਕਬੂਲ | :ਮੰਨੀ ਹੋਈ, ਪ੍ਰਚੱਲਤ |
| ਤਰਜੀਹ | :ਪਹਿਲ ਦੇਣਾ |
| ਏਧਰਲੇ | :ਭਾਰਤੀ |
| ਓਧਰਲੇ | :ਪਾਕਿਸਤਾਨੀ |

### ਔਖੇ ਸ਼ਬਦਾਂ ਦੇ ਅਰਥ

| | |
|---|---|
| ਆਫਰ ਗਿਆ | :ਭਰ ਗਿਆ |
| ਭੰਨ ਕੇ | :ਕੰਮ ਛੱਡ ਕੇ |
| ਅਨਿੱਖੜ | :ਵੱਖ ਨਾ ਹੋਣ ਵਾਲਾ, ਅਟੁੱਟ |
| ਹੱਲਿਆਂ | :ਹਮਲਿਆਂ |
| ਠੱਲ੍ਹਾਂ | :ਰੋਕਾਂ |
| ਮਿਸਾਲ | :ਉਦਾਹਰਣ |
| ਧਾਵੀ | :ਹਮਲਾਵਰ/ ਕੌਡੀ ਪਾਉਣ ਵਾਲਾ |
| ਘੁਲਾੜੀ | :ਗੰਨਾ ਪੀੜ ਵਾਲੀ ਮਸ਼ੀਨ |
| ਫਤਿਹ | :ਜਿੱਤ |
| ਚੜ੍ਹਿਆ | :ਹਮਲਾ ਕੀਤਾ |
| ਪੈਂਤੜੇ | :ਵਾਰ/ਤਰੀਕੇ |
| ਸਿਰੜ | :ਦ੍ਰਿੜ੍ਹਤਾ |
| ਨਿਤਾਰੇ | :ਫੈਸਲੇ, ਨਤੀਜੇ |
| ਦਰ | :ਦਰਵਾਜ਼ਾ |

ਦਾ ਅਸਲੀ ਕਬੱਡੀ ਮੈਚ ਹੋਵੇ ਤਾਂ ਵੱਡੇ ਤੋਂ ਵੱਡਾ ਸਟੇਡੀਅਮ ਵੀ ਨੱਕੋ-ਨੱਕ ਭਰ ਜਾਵੇ। ਇਹ ਖੇਡ ਪੇਂਡੂਆਂ 'ਚ ਏਨੀ ਹਰਮਨ ਪਿਆਰੀ ਹੈ ਕਿ ਪਿੰਡਾਂ ਦੇ ਸਾਧਾਰਨ ਮੈਚਾਂ ਉੱਤੇ ਵੀ ਹਜ਼ਾਰਾਂ ਦਰਸ਼ਕ ਜੁੜ ਜਾਂਦੇ ਹਨ। 1974 ਵਿੱਚ ਜਦੋਂ ਪੰਜਾਬ ਦੀ ਕਬੱਡੀ ਟੀਮ ਇੰਗਲੈਂਡ ਦੇ ਪੰਜਾਬੀਆਂ ਦੀ ਟੀਮ ਵਿਰੁੱਧ ਮੈਚ ਖੇਡਣ ਲਈ ਲੰਡਨ ਗਈ ਤਾਂ ਉੱਥੇ ਸਾਊਥਾਲ ਦਾ ਇੱਕ ਪਾਰਕ ਦਰਸ਼ਕਾਂ ਨਾਲ ਆਫਰ ਗਿਆ ਸੀ। ਗੋਰੇ ਹੈਰਾਨ ਸਨ ਕਿ ਇਹ ਕਿਹੜੀ ਖੇਡ ਹੈ ਜਿਸ ਨੂੰ ਓਵਰ ਟਾਈਮ ਲਾਉਣ ਵਾਲੇ ਪੰਜਾਬੀ ਦਿਹਾੜੀਆਂ ਭੰਨ ਕੇ ਵੀ ਦੇਖ ਰਹੇ ਹਨ।

ਕਬੱਡੀ ਦੀ ਖੇਡ ਪੰਜਾਬੀ ਸੱਭਿਆਚਾਰ ਦਾ ਅਨਿੱਖੜ ਅੰਗ ਹੈ। ਪੰਜਾਬੀ ਜਿੱਥੇ ਵੀ ਗਏ ਹਨ ਇਸ ਖੇਡ ਨੂੰ ਆਪਣੇ ਨਾਲ ਹੀ ਲੈ ਗਏ ਹਨ। ਇਹ ਖੇਡ ਪੰਜਾਬ ਦੇ ਭੂਗੋਲ ਤੇ ਇਤਿਹਾਸ 'ਚੋਂ ਸੁਭਾਵਿਕ ਤੌਰ 'ਤੇ ਉਪਜੀ ਹੈ। ਪੰਜਾਬ ਦੀ ਧਰਤੀ ਸਦੀਆਂ ਬੱਧੀ ਹੱਲਿਆਂ ਤੇ ਉਨ੍ਹਾਂ ਦੀਆਂ ਠੱਲ੍ਹਾਂ ਦਾ ਮੈਦਾਨ ਬਣੀ ਰਹੀ ਹੈ। ਕਬੱਡੀ ਦੀ ਖੇਡ ਰਾਹੀਂ ਪੰਜਾਬ ਦਾ ਇਤਿਹਾਸ ਰੂਪਮਾਨ ਹੁੰਦਾ ਹੈ। ਮਿਸਾਲ ਵਜੋਂ ਇੱਕ ਖਿਡਾਰੀ ਕਬੱਡੀ ਪਾਉਣ ਜਾਂਦਾ ਧਾਵੀ ਦੇ ਰੂਪ ਵਿੱਚ ਹੱਲਾ ਬੋਲਦਾ ਹੈ। ਅੱਗੋਂ ਕੋਈ ਖਿਡਾਰੀ ਉਸ ਨਾਲ ਮੱਥਾ ਲਾਉਣ ਲਈ ਨਿਤਰਦਾ ਹੈ ਜਿਵੇਂ ਹਮਲੇ ਨੂੰ ਠੱਲ੍ਹ ਪਾ ਰਿਹਾ ਹੋਵੇ। ਧਾਵੀ ਤਕੜਾ ਹੋਵੇ ਤਾਂ ਉਹ ਠੱਲ੍ਹ ਪਾਉਣ ਵਾਲੇ ਨੂੰ ਭੰਨ ਮਰੋੜ ਕੇ ਤੇ ਉਹਦੇ ਉੱਤੇ ਫਤਹਿ ਹਾਸਲ ਕਰਕੇ ਸੁਖੀ ਸਾਂਦੀ ਆਪਣੇ ਘਰ ਪਰਤ ਆਉਂਦਾ ਹੈ। ਜੇਕਰ ਮਾੜਾ ਹੋਵੇ ਤੇ ਅੱਗੋਂ ਤਕੜੇ ਹੋਣ ਤਾਂ ਉਹ ਖ਼ੁਦ ਮਾਰਿਆ ਜਾਂਦਾ ਹੈ। ਇਹੋ ਪੰਜਾਬ ਦਾ ਇਤਿਹਾਸ ਹੈ। ਜਿਹੜਾ ਹਮਲਾਵਰ ਪੰਜਾਬ ਉੱਤੇ ਚੜ੍ਹਿਆ ਜੇ ਉਹ ਤਕੜਾ ਸੀ ਤਾਂ ਉਸ ਨੇ ਪੰਜਾਬੀਆਂ ਨੂੰ ਮਾਰਿਆ ਤੇ ਲੁੱਟਿਆ ਅਤੇ ਜੇ ਮਾੜਾ ਸੀ ਪੰਜਾਬੀਆਂ ਹੱਥੋਂ ਖੋਹਿਆ ਤੇ ਮਾਰਿਆ ਗਿਆ।

ਕੱਬਡੀ ਸ਼ਬਦ 'ਕਬੱਡ' ਤੋਂ ਬਣਿਆ ਹੈ, ਜਿਸ ਦਾ ਅਰਥ ਹੈ, ਕੱਬਾ। ਧਾਵੀ ਕਬੱਡੀ ਕਬੱਡੀ ਕਹਿੰਦਾ ਧਾਵਾ ਕਰਦਾ ਹੈ ਜਿਵੇਂ ਆਖ ਰਿਹਾ ਹੋਵੇ, "ਮੈਂ ਕੱਬਾ ਹਾਂ, ਮੈਥੋਂ ਬਚੋ।" ਅੱਗੋਂ ਕੱਬੇ ਨੂੰ ਕੱਬਾ ਹੀ ਟਕਰਦਾ ਹੈ ਤੇ ਜਿੱਤ ਤਕੜੇ ਦੀ ਹੁੰਦੀ ਹੈ। ਇਸ ਖੇਡ ਰਾਹੀਂ ਆਮ ਪੰਜਾਬੀਆਂ ਦੇ ਕੱਬੇ ਸੁਭਾਅ ਦੀ ਵੀ ਝਲਕ ਦਿਸਦੀ ਹੈ। ਜੇਕਰ ਕਬੱਡੀ ਦੀ ਖੇਡ ਦਾ ਵਿਗਿਆਨਕ ਅਧਿਐਨ ਕਰੀਏ ਤਾਂ ਇਹ ਇੱਕ ਸੰਪੂਰਨ ਤੇ ਅਮੀਰ ਖੇਡ ਸਿੱਧ ਹੁੰਦੀ ਹੈ। ਇਸ ਖੇਡ ਵਿੱਚ ਕਈ ਖੇਡਾਂ ਦੇ ਰਲੇ ਮਿਲੇ ਗੁਣ ਮਿਲਦੇ ਹਨ। ਇਸ ਦੇ ਵਿੱਚ ਦਮ, ਦੌੜ ਤੇ ਤਾਕਤ ਦੀ ਪਰਖ ਹੋ ਜਾਂਦੀ ਹੈ। ਚੁਸਤੀ, ਚਾਲਾਕੀ ਤੇ ਚਾਲ ਢਾਲ ਦਾ ਇਮਤਿਹਾਨ ਹੋ ਜਾਂਦਾ ਹੈ। ਪਕੜ ਤੇ ਪੈਂਤੜੇ ਦਾ ਵੀ ਪਤਾ ਲੱਗਦਾ ਹੈ। ਇਸ ਦੇ ਵਿੱਚ ਸੂਝ, ਸਿਰੜ ਤੇ ਸਿੱਧੀਆਂ ਪੁੱਠੀਆਂ ਮਾਰਨ ਦੇ ਵੀ ਨਿਤਾਰੇ ਹੋ ਜਾਂਦੇ ਹਨ। ਕਬੱਡੀ ਦੀ ਖੇਡ ਵਿੱਚ ਐਥਲੈਟਿਕਸ ਵੀ ਹੈ ਤੇ ਜਿਮਨਾਸਟਿਕਸ ਵੀ। ਕੁਸ਼ਤੀ ਵੀ ਹੈ ਤੇ ਕਲਾ ਵੀ। ਇੱਕੋ ਸਾਹ ਕਬੱਡੀ ਕਬੱਡੀ ਦਾ ਅਲਾਪ ਫੇਫੜਿਆਂ ਦੀ ਗੰਦੀ ਹਵਾ ਨਿਚੋੜ ਕੇ ਉਨ੍ਹਾਂ ਨੂੰ ਤਾਜ਼ੀ ਨਰੋਈ ਹਵਾ ਦੀ ਆਵਾਜਾਈ ਦਾ ਦਰ ਖੋਲ੍ਹਦਾ ਹੈ। ਹਰੇਕ ਸਾਹ ਇੱਕ ਮਿੰਨੀ ਕੁਸ਼ਤੀ ਘੁਲਦਿਆਂ ਸਰੀਰ ਦੀ ਹੰਢਣਸਾਰੀ ਵੱਧਦੀ ਹੈ। ਸਾਹ ਨਾ ਟੁੱਟਣ ਦੇਣ ਦਾ ਸਿਰੜ ਬੰਦੇ ਨੂੰ ਔਖੀਆਂ

ਘੜੀਆਂ ਵਿੱਚ ਵੀ ਜਿਊਣ ਦਾ ਵੱਲ ਸਿਖਾਉਂਦਾ ਹੈ। ਹੁਣ ਵੀ ਸਿਆਲਾਂ ਦੀ ਰੁੱਤੇ ਪੰਜਾਬ ਦੇ ਸੈਂਕੜੇ ਪਿੰਡਾਂ ਵਿੱਚ ਕਬੱਡੀ ਦੇ ਟੂਰਨਾਮੈਂਟ ਹੁੰਦੇ ਹਨ। ਜਿਨ੍ਹਾਂ 'ਚ ਹਜ਼ਾਰਾਂ ਖਿਡਾਰੀ ਭਾਗ ਲੈਂਦੇ ਤੇ ਲੱਖਾਂ ਦਰਸ਼ਕਾਂ ਦਾ ਸਿਹਤਮੰਦ ਮਨੋਰੰਜਨ ਕਰਦੇ ਹਨ।

ਕਬੱਡੀ ਦੀ ਖੇਡ ਦੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿੱਚ ਅਨੇਕਾਂ ਰੂਪ ਪ੍ਰਚਲਿਤ ਰਹੇ ਹਨ। ਇਸ ਦੀ ਇੱਕ ਵਿਸ਼ੇਸ਼ ਰੂਪ ਸੌਂਚੀ ਪੱਕੀ ਹੁੰਦੀ ਸੀ। ਅਸਲ ਵਿੱਚ ਸੌਂਚੀ ਤੋਂ ਹੀ ਕਬੱਡੀ ਦੀਆਂ ਹੋਰ ਕਿਸਮਾਂ ਵਿਕਸਿਤ ਹੋਈਆਂ ਹਨ। ਇੱਕ ਕਿਸਮ ਦੀ ਗੂੰਗੀ ਕੌਡੀ ਜਾਂ ਚੁੱਪ ਕੌਡੀ ਸੀ, ਜਿਸ ਨੂੰ ਅੰਬਰਸਰੀ ਕੌਡੀ ਵੀ ਕਿਹਾ ਜਾਂਦਾ ਸੀ। ਇਸ ਕੌਡੀ ਵਿੱਚ ਮਾਰ ਕੁਟਾਈ ਕਾਫੀ ਹੁੰਦੀ ਸੀ। ਅੰਬਾਲਵੀ ਕੌਡੀ ਵਿਚ ਦਾਇਰਾ ਬਹੁਤ ਤੰਗ ਹੁੰਦਾ ਸੀ ਤੇ ਧਾਵੀ ਨੂੰ ਇੱਕ ਜਾਫੀ ਦੇ



ਹੱਥੋਂ ਛੁੱਟ ਜਾਣ ਬਾਅਦ ਦੂਸਰਾ ਜਾਫੀ, ਫੇਰ ਤੀਜਾ, ਚੌਥਾ, ਜਾਫੀ ਵਾਰੀ ਵਾਰੀ ਜੱਫੇ ਲਾ ਸਕਦੇ ਸਨ। ਲਾਹੌਰੀ ਕੌਡੀ ਵਿੱਚ ਦਾਇਰਾ ਨਹੀਂ ਸੀ ਹੁੰਦਾ। ਸਿਰਫ਼ ਛੇ ਢੇਰੀਆਂ ਹੁੰਦੀਆਂ ਸਨ। ਜਾਫੀ ਤੇ ਧਾਵੀ ਦੋ ਢੇਰੀਆਂ ਉੱਤੇ ਖੜ੍ਹ ਜਾਂਦੇ ਤੇ ਵਿਰੋਧੀ ਧਿਰ ਦੀ ਢੇਰੀ ਨੂੰ ਹੱਥ ਲਾ ਕੇ ਜਾਂ ਉੱਪਰ ਦੀ ਗੇੜਾ ਕੱਢ ਕੇ ਘਰ ਪਰਤਣਾ ਹੁੰਦਾ ਸੀ। ਲਾਇਲਪੁਰੀ ਕੌਡੀ ਵਿੱਚ ਖੇਡ ਦੌਰਾਨ ਪਾਣੀ ਦੀ ਘੁੱਟ ਵੀ ਨਹੀਂ ਸੀ ਪੀਣ ਦਿੱਤੀ ਜਾਂਦੀ। ਫਿਰੋਜ਼ਪੁਰੀ ਕੌਡੀ ਵਿੱਚ ਖਿਡਾਰੀ ਹੰਧਿਆਂ ਤੋਂ ਕਾਫੀ ਦੂਰ ਢੇਰੀਆਂ ਉੱਤੇ ਖੜੋਂਦੇ ਸਨ। ਇੰਜ ਹੀ ਇੱਕ ਛੇ ਹੰਧੀ ਕਬੱਡੀ ਸੀ ਤੇ ਇੱਕ ਸ਼ਮਲਿਆਂ ਵਾਲੀ ਕੌਡੀ। ਪੀਰ ਕੌਡੀ ਧਨ ਪੋਠੋਹਾਰ ਦੇ ਇਲਾਕੇ ਵਿੱਚ ਖੇਡੀ ਜਾਂਦੀ ਸੀ। ਇਸ ਕੌਡੀ ਦੀ ਵਿਸ਼ੇਸ਼ਤਾ ਇਹ ਸੀ ਕਿ ਧਾਵੀ ਨੂੰ ਅੱਗਿਉਂ ਦੋ ਬੰਦੇ ਘੇਰਦੇ ਸਨ। ਬੈਠਵੀਂ ਕੌਡੀ, ਘੋੜ ਕਬੱਡੀ, ਚੀਰਵੀਂ ਕੌਡੀ, ਲੰਮੀ ਕਬੱਡੀ, ਦੋਧੇ ਤੇ ਬੁਰਜੀਆਂ ਵਾਲੀ ਕੌਡੀ ਆਦਿ ਕਬੱਡੀ ਦੀਆਂ ਹੋਰ ਸਥਾਨਕ ਵੰਨਗੀਆਂ ਸਨ। ਪਰ ਹੁਣ ਸਾਰੀਆਂ ਕਬੱਡੀਆਂ ਨੇ ਅਜੋਕੀ ਦਾਇਰੇ ਵਾਲੀ ਕਬੱਡੀ ਦਾ ਮਿਆਰੀ ਰੂਪ ਧਾਰਨ ਕਰ ਲਿਆ ਹੈ। ਕਬੱਡੀ ਕੌਮੀ ਸਟਾਈਲ ਇਸ ਤੋਂ ਵੱਖਰੀ ਹੈ।

ਪੰਜਾਬ ਸਟਾਈਲ ਕਬੱਡੀ ਜਿਸ ਨੂੰ ਦਾਇਰੇ ਵਾਲੀ ਕਬੱਡੀ ਵੀ ਕਿਹਾ ਜਾਂਦਾ ਹੈ ਹੁਣ 22 ਮੀਟਰ ਦੇ ਦਾਇਰੇ ਵਿੱਚ ਖੇਡੀ ਜਾਂਦੀ ਹੈ। ਪਹਿਲਾਂ ਇਸ ਨੂੰ ਪੰਦਰਾਂ ਪੰਝੱਤਰ ਫੁੱਟ ਦਾ ਦਾਇਰਾ ਕਿਹਾ ਜਾਂਦਾ ਸੀ। ਹੁਣ 22 ਮੀਟਰ ਲੰਬਾਈ ਤੱਕ ਫੀਤਾ ਖੋਲ੍ਹ ਕੇ ਕੇਂਦਰ ਤੋਂ ਆਲੇ ਦੁਆਲੇ ਦਾਇਰਾ ਲਕੀਰ ਲਿਆ ਜਾਂਦਾ ਹੈ। ਵਿਚਕਾਰ ਸਿੱਧੀ ਲਕੀਰ ਦਾ ਪਾੜਾ ਖਿੱਚ ਦਿੱਤਾ ਜਾਂਦਾ ਹੈ। ਉਸ ਪਾੜੇ ਦੇ ਵਿਚਕਾਰ 6 ਮੀਟਰ ਦੀ ਵਿੱਥ 'ਤੇ ਦੋ ਢੇਰੀਆਂ ਲਾ ਲਈਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਹੰਧੇ ਕਿਹਾ ਜਾਂਦਾ ਹੈ। ਇਨ੍ਹਾਂ ਵਿੱਚ ਦੀ ਖਿਡਾਰੀ ਨੇ ਕੌਡੀ ਪਾਉਣ ਜਾਣਾ ਤੇ ਵਾਪਸ ਪਰਤਣਾ ਹੁੰਦਾ ਹੈ। ਖਿਡਾਰੀਆਂ ਦੀਆਂ ਟੀਮਾਂ 14-14 ਖਿਡਾਰੀਆਂ 'ਤੇ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਸਿਆਲਾਂ | :ਸਰਦੀਆਂ |
| ਸੌਂਚੀ | :ਕਬੱਡੀ ਦਾ ਮੁੱਢਲਾ ਰੂਪ |
| ਅੰਬਰਸਰੀ | :ਅੰਮ੍ਰਿਤਸਰ, ਪੰਜਾਬ ਵਿਚ ਇਕ ਇਲਾਕਾ |
| ਅੰਬਾਲਵੀ | :ਅੰਬਾਲੇ ਵਾਲੀ |
| ਲਾਇਲਪੁਰੀ | :ਪਾਕਿਸਤਾਨ ਵਿਚ ਇਕ ਸ਼ਹਿਰ ਦਾ ਨਾਂ |
| ਸ਼ਮਲਿਆਂ | :ਪਗੜੀ ਉਪਰ ਨਿਕਲਿਆ ਤੁਰਲਾ |
| ਪੋਠੋਹਾਰ | :ਪਾਕਿਸਤਾਨ ਦੇ ਖੇਤਰ ਦਾ ਨਾਂ |
| ਹੰਧਿਆਂ | :ਪਾੜੇ ਦੀਆਂ ਢੇਰੀਆਂ |
| ਅਜੋਕੀ | :ਅੱਜ ਕੱਲ੍ਹ ਦੀ |
| ਪਾੜੇ | :ਵਿਚਕਾਰਲੀ ਲਾਈਨ |
| ਪੈਂਟ੍ਹ | :ਅੰਕ |
| ਅਵੇਸਲੇ | :ਲਾਪਰਵਾਹ |
| ਅਣਗੌਲਿਆ | :ਨਜ਼ਰ ਅੰਦਾਜ਼, ਧਿਆਨ ਨਾ ਦੇਣਾ |
| ਮੂਹਰਿਉਂ | :ਸਾਹਮਣੇ ਤੋਂ |
| ਫੜਾਈ | :ਫੜਨਾ |
| ਕੈਂਚੀ | :ਲੱਤਾਂ ਨਾਲ ਫੜਨ ਦਾ ਦਾਅ |
| ਵਲੈਤੀ | :ਵਿਦੇਸ਼ |
| ਮਾਇਕ | :ਆਰਥਕ |
| ਜਿੱਡੋਂ ਜਾਈ | :ਆਪਣੀ ਮਾਂ-ਖੇਡ |
| ਫਰੰਗੀਆਂ | :ਅੰਗਰੇਜ਼ਾਂ |

ਨਿਰਭਰ ਹੁੰਦੀਆਂ ਹਨ, ਜਿਨ੍ਹਾਂ ਵਿਚ 4-4 ਖਿਡਾਰੀ ਰਾਖਵੇਂ ਹੁੰਦੇ ਹਨ। ਇੱਕ ਟੀਮ ਪਾੜੇ ਦੇ ਇੱਕ ਪਾਸੇ ਤੇ ਦੂਜੀ ਦੂਜੇ ਪਾਸੇ ਖੜ੍ਹਦੀ ਹੈ। ਖੇਡ ਪੁਸ਼ਾਕ ਸਿਰਫ਼ ਕੱਛਾ ਹੀ ਹੁੰਦੀ ਹੈ ਪਰ ਹੁਣ ਕਿਤੇ ਕਿਤੇ ਖਿਡਾਰੀ ਬੁਨੈਣ ਵੀ ਪਾਉਣ ਲੱਗੇ ਹਨ। ਖੇਡ ਦੇ ਮੈਚ ਦਾ ਸਮਾਂ ਵੀਹ ਪੰਜ ਵੀਹ ਮਿੰਟ ਹੁੰਦਾ ਹੈ। ਸਿੱਕਾ ਉਛਾਲ ਕੇ ਟਾਸ ਦਾ ਫ਼ੈਸਲਾ ਕੀਤਾ ਜਾਂਦਾ ਹੈ। ਟਾਸ ਜਿੱਤਣ ਵਾਲੀ ਟੀਮ ਦੀ ਉਛਲ ਹੁੰਦੀ ਹੈ ਕਿ ਮਨਭਾਉਂਦਾ ਪਾਸਾ ਮੱਲੇ ਜਾਂ ਕੌਡੀ ਪਾਉਣ ਦੀ ਪਹਿਲ ਲੈ ਲਵੇ। ਵਧੇਰੇ ਅੰਕ ਹਾਸਲ ਕਰਨ ਵਾਲੀ ਟੀਮ ਜੇਤੂ ਗਿਣੀ ਜਾਂਦੀ ਹੈ। ਬਰਾਬਰ ਅੰਕਾਂ ਦੀ ਸਥਿਤੀ ਵਿੱਚ ਪਹਿਲਾਂ ਅੰਕ ਹਾਸਲ ਕਰਨ ਵਾਲੀ ਟੀਮ ਨੂੰ ਜੇਤੂ ਕਰਾਰ ਦਿੱਤਾ ਜਾਂਦਾ ਹੈ। ਦੋ ਖਿਡਾਵੇ ਹੁੰਦੇ ਹਨ ਤੇ ਇੱਕ ਸਮਾਂਪਾਲ ਤੇ ਦੋ ਲਾਈਨਮੈਨ। ਕਬੱਡੀ ਖੇਡਦਿਆਂ ਠੱਬੀ, ਚਪੇੜ ਜਾਂ ਉਡਵੀਂ ਕੈਂਚੀ ਮਾਰਨੀ ਮਨ੍ਹਾਂ ਹੁੰਦੀ ਹੈ। ਕੋਈ ਅੰਗ ਮਰੋੜਨਾ ਜਾਂ ਜਾਣ ਕੇ ਸੱਟ ਮਾਰਨੀ ਵੀ ਫ਼ਾਊਲ ਖੇਡ ਗਿਣੀ ਜਾਂਦੀ ਹੈ।

ਪੰਜਾਬ ਵਿੱਚ ਕਬੱਡੀ ਹਰਮਨ ਪਿਆਰੀ ਹੋਣ ਦੇ ਬਾਵਜੂਦ ਖੇਡ ਅਦਾਰਿਆ ਵੱਲੋਂ ਕਬੱਡੀ ਅਫ਼ਸੋਸ ਦੀ ਗੱਲ ਇਹ ਹੈ ਕਿ ਪੰਜਾਬ ਦੇ ਖੇਡ ਅਦਾਰਿਆਂ ਵੱਲੋਂ ਕਬੱਡੀ ਦੀ ਖੇਡ ਨੂੰ ਓਨਾ ਮਹੱਤਵ ਨਹੀਂ ਦਿੱਤਾ ਜਾਂਦਾ ਜੋ ਪੱਛਮ ਵੱਲੋਂ ਆਈਆਂ ਖੇਡਾਂ ਨੂੰ ਦਿੱਤਾ ਜਾਂਦਾ ਹੈ। ਦਲੀਲ ਇਹ ਦਿੱਤੀ ਜਾਂਦੀ ਹੈ ਕਿ ਕਬੱਡੀ ਦਾ ਘੇਰਾ ਕੇਵਲ ਪੰਜਾਬ ਜਾਂ ਆਂਢ-ਗੁਆਂਢ ਦੇ ਕੁਝ ਇਲਾਕਿਆਂ ਤੱਕ ਹੀ ਸੀਮਤ ਹੈ ਜਦਕਿ ਹਾਕੀ, ਫੁੱਟਬਾਲ ਤੇ ਕ੍ਰਿਕਟ ਆਦਿ ਅੰਤਰ-ਰਾਸ਼ਟਰੀ ਖੇਡਾਂ ਹਨ। ਕੁਝ ਖੇਡ ਅਧਿਕਾਰੀ ਤਾਂ ਇਹ ਵੀ ਕਹਿੰਦੇ ਸੁਣੇ ਹਨ ਕਿ ਕਬੱਡੀ ਦਾ ਚੰਗੇ ਤੋਂ ਚੰਗਾ ਖਿਡਾਰੀ ਕੀ ਖੱਟ ਲਵੇਗਾ ? ਦਰਅਸਲ ਅਸੀਂ ਪੰਜਾਬੀ ਆਪਣੇ ਸੱਭਿਆਚਾਰ ਵੱਲੋਂ ਅਵੇਸਲੇ ਹੋ ਕੇ ਬਹੁਤੀ ਵਾਰ ਹੋਰਨੀਂ ਪਾਸੀਂ ਲੱਗ ਤੁਰਦੇ ਹਾਂ। ਪੰਜਾਬ ਦਾ ਕੋਈ ਗੱਭਰੂ ਅੰਗਰੇਜ਼ਾਂ ਦੀ ਖੇਡ ਕ੍ਰਿਕਟ ਦੇ ਚਾਰ ਟੱਲੇ ਵਧੀਆ ਲਾ ਦੇਵੇ ਤਾਂ ਉਹਦਾ ਜੱਸ ਕਰਨੋਂ ਨਹੀਂ ਥੱਕਦੇ ਤੇ ਇਨਾਮਾਂ-ਸਨਮਾਨਾਂ ਦੇ ਢੇਰ ਲਾ ਦਿੰਦੇ ਹਾਂ ਪਰ ਕਬੱਡੀ ਦੇ ਧਨੰਤਰ ਖਿਡਾਰੀ ਨੂੰ ਅਣਗੌਲਿਆ ਕਰ ਦਿੰਦੇ ਹਾਂ।

ਫਿਰ ਵੀ ਕਬੱਡੀ ਦੇ ਕਈ ਅਜਿਹੇ ਖਿਡਾਰੀ ਹਨ ਜਿਨ੍ਹਾਂ ਨੇ ਆਪਣੀ ਖੇਡ ਸਕਦਾ ਪੰਜਾਬੀਆਂ ਦੇ ਦਿਲਾਂ ਵਿੱਚ ਨਾਇਕਾਂ ਵਰਗੀ ਥਾਂ ਬਣਾਈ ਹੋਈ ਹੈ। ਵੀਹਵੀਂ ਸਦੀ ਦੇ ਆਰੰਭ ਵਿੱਚ ਸਰਗੋਧੇ ਦਾ ਬਾਬੂ ਫਕੀਰ ਮੁਹੰਮਦ ਹੋਇਆ ਹੈ ਜਿਹੜਾ ਟਿਵਾਣਿਆਂ ਦੀ ਪ੍ਰਸਿੱਧ ਕਬੱਡੀ ਟੀਮ ਦਾ ਕਪਤਾਨ ਹੁੰਦਾ ਸੀ। ਉਹਦੇ ਬਾਰੇ ਕਹਾਵਤ ਚੱਲੀ 'ਕੌਡੀ ਫਕੀਰ ਦੀ ਪਾਸੇ ਜਾਵੇ ਚੀਰਦੀ'। ਸੁਲਤਾਨ ਸ਼ਾਹ ਆਦੇ ਵਾਲਾ ਵੀ ਧੱਕੜ ਧਾਵੀ ਸੀ। ਜਿਸ ਨੂੰ ਟਿਵਾਣਿਆਂ ਨੇ ਇਨਾਮ ਵੱਜੋਂ ਦੋ ਮੁਰੱਬੇ ਜ਼ਮੀਨ ਦਿੱਤੀ। ਉਹਨੂੰ ਕੋਈ ਮਾਈ ਦਾ ਲਾਲ ਡੱਕ ਨਹੀਂ ਸਕਿਆ। ਸਿਰਫ਼ ਸ਼ਾਹਜ਼ੋਰ ਖਿਡਾਰੀ ਤਾਰਾ ਸਿੰਘ ਗੱਟੀ ਵਾਲਾ ਹੀ ਇੱਕ ਮੈਚ ਵਿੱਚ ਉਸ ਦੀ ਬਰਾਬਰੀ ਕਰ ਸਕਿਆ।

ਪੰਜਾਬੀਆਂ ਵਿੱਚ ਕਿਰਪਾਲ ਸਿੰਘ ਸਾਧ ਕਬੱਡੀ ਦਾ ਆਫਤ ਜਾਫੀ ਸੀ। ਉਹਦੇ ਬਾਰੇ ਮਸ਼ਹੂਰ ਸੀ ਕਿ ਕੋਈ ਪੰਛੀ ਉੱਡ ਜੇ ਤਾਂ ਉੱਡ ਜੇ ਪਰ ਉਹਦੇ ਮੂਹਰਿਉਂ ਨੱਠ ਕੇ ਕੋਈ ਬੰਦਾ ਨਹੀਂ ਸੀ ਨਿਕਲ ਸਕਦਾ। ਕਹਿੰਦੇ ਹਨ ਗੁੱਟ ਦੀ ਫੜਾਈ ਸਾਧ ਉੱਤੇ ਖ਼ਤਮ ਸੀ।

ਉਹ ਲੱਗੇ ਹੱਥ ਤਿੰਨ-ਤਿੰਨ ਕੈਂਚੀਆਂ ਲਾ ਜਾਂਦਾ ਤੇ ਸਾਹੀ ਨੂੰ ਅਸਲੋਂ ਰੋਲ ਦਿੰਦਾ। 1954 ਵਿੱਚ ਪਾਕਿਸਤਾਨੀ ਪੰਜਾਬ ਦੀ ਕਬੱਡੀ ਟੀਮ ਏਧਰ ਮੈਚ ਖੇਡਣ ਆਈ ਤਾਂ ਕਿਰਪਾਲ ਸਿੰਘ ਨੇ ਓਧਰਲੇ ਧਾਵੀਆਂ ਨੂੰ ਬੰਨ੍ਹ ਲਾ ਦਿੱਤੇ। ਮੈਚ ਪਿੱਛੋਂ ਹੱਥ ਮਿਲਾ ਕੇ ਮੈਦਾਨ 'ਚੋਂ ਬਾਹਰ ਆਉਣ ਲੱਗੇ ਤਾਂ ਪਾਕਿਸਤਾਨ ਦੇ ਇੱਕ ਧਾਵੀ ਨੇ ਕਿਹਾ, "ਭਾਅ ਜੀ, ਉਂਜ ਤਾਂ ਤੁਹਾਡੇ ਹੱਥ ਕੂਲੇ ਜਿਹੇ ਹਨ ਪਰ ਖੇਡਦਿਆਂ ਜਦੋਂ ਤੁਸੀਂ ਫੜਦੇ ਸੀ ਤਾਂ ਜਾਪਦਾ ਸੀ ਜਿਵੇਂ ਸਾਡੇ ਗੁੱਟ ਵੇਲਣੇ 'ਚ ਆ ਗਏ ਹੋਣ।"

1955 ਵਿੱਚ ਸਾਧ, ਜਿਸ ਨੂੰ ਕਬੱਡੀ ਦਾ ਗੁਰੂ ਵੀ ਕਿਹਾ ਜਾਂਦਾ ਸੀ, ਏਧਰਲੇ ਪੰਜਾਬ ਦੀ ਟੀਮ ਦਾ ਕਪਤਾਨ ਬਣ ਕੇ ਪਾਕਿਸਤਾਨ ਮੈਚ ਖੇਡਣ ਗਿਆ। ਉੱਥੇ ਉਸ ਨੇ ਅਜਿਹੀਆਂ ਪਕੜਾਂ ਵਿਖਾਈਆਂ ਕਿ ਪਾਕਿਸਤਾਨੀਆਂ ਨੇ ਉਹਨੂੰ 'ਗੁੱਟ ਦਾ ਪੀਰ ਸਰਦਾਰ' ਕਹਿ ਕੇ ਵਡਿਆਇਆ।



ਬਿੱਲੂ ਰਾਜੇਆਣੀਏਂ ਦੇ ਹੱਥ ਕਿਸੇ ਧਾਵੀ ਦਾ ਗੁੱਟ ਆ ਜਾਂਦਾ ਤਾਂ ਦਰਸ਼ਕ ਕੂਕ ਉਠਦੇ, "ਆ ਗਈ ਘੁਲਾੜੀ 'ਚ ਬਾਂਹ। ਹੁਣ ਕਿੱਥੇ ਜਾਵੇਂਗਾ ?"

ਨਿਰਭੈ ਰਮੀਦੀ ਵਾਲਾ ਜਮੂਰ ਵਾਂਗ ਲੱਤਾਂ ਬਾਹਾਂ ਦੀ ਕੱਸ ਪਾ ਲੈਂਦਾ ਸੀ ਤੇ ਖੜ੍ਹਾ-ਖੜ੍ਹਾ ਕਈ-ਕਈ ਕੈਂਚੀਆਂ ਲਾ ਜਾਂਦਾ। ਹਠੂਰ ਦੇ ਛਾਂਗੇ ਦਾ ਵੀ ਨਿਆਣਾ ਪਾਉਣ 'ਚ ਕੋਈ ਸਾਨੀ ਨਹੀਂ ਸੀ। ਬਾਬੂ ਹਰਬੰਸ ਲਾਲ ਜਿਸ ਨੂੰ ਦੋਸਤ ਮਿੱਤਰ ਘੁੱਗਾ ਕਹਿੰਦੇ ਸਨ, ਖਿਡਾਰੀਆਂ 'ਚ 'ਡੇਂਜਰ' ਦੇ ਨਾਂ ਨਾਲ ਮਸ਼ਹੂਰ ਸੀ। ਲਾਇਲਪੁਰੀਆ ਚੌਧਰੀ ਮੁਹੰਮਦ ਸਦੀਕ ਵੀ ਤੂਫਾਨ ਮੇਲ ਧਾਵੀ ਸੀ। ਸੰਤੋਖ ਸਿੰਘ 'ਤੋਖੀ' ਏਨਾ ਤੇਜ਼ ਤਰਾਰ ਸੀ ਕਿ ਉਹਦਾ ਨਾਂ ਹੀ 'ਐਟਮ ਬੰਬ' ਚੱਲ ਨਿਕਲਿਆ। ਸੰਤੋਖ ਸਿੰਘ ਟਾਈਗਰ ਜੱਫੇ ਦਾ ਬੇਮਿਸਾਲ ਸ਼ਾਇਰ ਸੀ। ਵੈਰੋਕਿਆਂ ਦਾ ਨੰਜੀ, ਢੁਡੀਕਿਆਂ ਦਾ ਮੀਤੋ, ਗੁਰਦੇਵ ਅੱਟਾ, ਸੋਹਣ ਜੰਪ, ਜਰਨੈਲ ਰੁੜਕਾ, ਸਰਵਣ ਰਮੀਦੀ, ਮੰਨੂੰ ਖਾਂ, ਨਜਰ ਸ਼ੀਦੋ, ਅਜੀਤ ਮਾਲੜੀ, ਮੱਦੋਕਿਆਂ ਦਾ ਮੱਲ, ਮਹਿੰਦਰ ਬੋਲਾ, ਬਠਿੰਡੇ ਵੱਲ ਦੇ ਕਰਨੈਲ ਤੇ ਸੁਨਿਆਰਾ ਆਦਿ ਅਨੇਕਾਂ ਅਜਿਹੇ ਖਿਡਾਰੀ ਹਨ ਜਿਨ੍ਹਾਂ ਦੀਆਂ ਸਿਫ਼ਤਾਂ ਸੱਥਾਂ 'ਚ ਹੁੰਦੀਆਂ ਰਹੀਆਂ।

ਵੀਹਵੀਂ ਸਦੀ ਦੇ ਪਿਛਲੇ ਅੱਧ 'ਚ ਮਲਕ ਮੁਸ਼ਤਾਕ, ਦੇਵੀ ਦਿਆਲ, ਜੋਤਾ, ਪ੍ਰੀਤਾ, ਸੱਤਾ, ਨਛੱਤਰ ਢਾਂਡੀ, ਫੌਜਾ, ਜੀਤਾ, ਤਾਰਾ, ਰਿਸਾਲਾ, ਸ਼ਿਵਦੇਵ, ਫਿੱਡਾ, ਹਰਜੀਤ, ਅੰਗਰੇਜ਼ ਬਿੱਲਾ, ਗੁਲਜ਼ਾਰ ਅਲੀ, ਸੀਰਾ ਤੇ ਬੰਤ ਚੂਹੜਚੱਕੀਆ ਆਦਿ ਖਿਡਾਰੀ ਬੜੀ ਚੜ੍ਹਤ ਵਿੱਚ ਰਹੇ ਹਨ। ਕੀਹਦਾ ਕੀਹਦਾ ਨਾਂ ਲਈਏ ਪੰਜਾਬ ਸੈਂਕੜੇ ਚੋਟੀ ਦੇ ਕਬੱਡੀ ਖਿਡਾਰੀਆਂ ਨਾਲ ਭਰਿਆ ਪਿਆ ਹੈ। ਕਦੇ ਬਲਵਿੰਦਰ ਫਿੱਡੂ ਦੀ ਝੰਡੀ ਹੁੰਦੀ ਸੀ, ਤੇ ਕਦੇ ਹਰਜੀਤ

ਬਾਜਾਖਾਨਾ ਦੀ। ਉਨ੍ਹਾਂ ਨੇ ਕਬੱਡੀ ਦੇ ਸਿਰੋਂ ਲੱਖਾਂ ਰੁਪਏ ਕਮਾਏ। ਹੁਣ ਉਸ ਦਾ ਸੀਜ਼ਨ ਘੱਟੋ ਘੱਟ ਦੋ ਲੱਖ ਰੁਪਏ ਦਾ ਲਗਦਾ ਹੈ। ਉਨ੍ਹਾਂ ਦੀ ਕੌਡੀ ਦੀਆਂ ਧੁੰਮਾਂ ਸੱਤ ਸਮੁੰਦਰਾਂ ਪਾਰ ਤਕ ਪਈਆਂ ਰਹੀਆਂ। ਉਹ ਇਕੋ ਸਾਹ ਤਿੰਨ ਤਿੰਨ ਮੈਚ ਖੇਡ ਜਾਂਦੇ ਤੇ ਲਗਾਤਾਰ ਸੌ ਤੋਂ ਵੱਧ ਕੌਡੀਆਂ ਪਾਉਣ ਨਾਲ ਵੀ ਨਹੀਂ ਸੀ ਹਫਦੇ।

ਕਬੱਡੀ ਹੁਣ ਕੌਮਾਂਤਰੀ ਖੇਡ ਬਣ ਗਈ ਹੈ। ਏਧਰਲੇ ਤੇ ਓਧਰਲੇ ਪੰਜਾਬ ਤੋਂ ਬਿਨਾਂ ਇਹ ਖੇਡ ਹੋਰ ਕਈ ਮੁਲਕਾਂ ਵਿੱਚ ਵੀ ਬਾਕਾਇਦਾ ਖੇਡੀ ਜਾਂਦੀ ਹੈ। ਇੰਗਲੈਂਡ, ਕੈਨੇਡਾ ਤੇ ਅਮਰੀਕਾ ਆਦਿ ਮੁਲਕਾਂ ਵਿੱਚ ਵਸੇ ਪੰਜਾਬੀਆਂ ਦੇ ਅਨੇਕਾਂ ਕਬੱਡੀ ਕਲੱਬ ਤੇ ਕਬੱਡੀ ਫੈਡਰੇਸ਼ਨਾਂ ਹਨ ਜੋ ਕਬੱਡੀ ਦੇ ਸੌ ਤੋਂ ਵੱਧ ਟੂਰਨਾਮੈਂਟ ਕਰਾਉਂਦੀਆਂ ਹਨ। ਕ੍ਰਿਕਟ ਵਾਂਗ ਉੱਥੇ ਕਬੱਡੀ ਦਾ 'ਸੀਜ਼ਨ' ਖੇਡਿਆ ਜਾਂਦਾ ਹੈ ਜਿਸ ਲਈ ਏਧਰੋਂ ਕਬੱਡੀ ਖਿਡਾਰੀ ਹਵਾਈ ਜਹਾਜ਼ ਦੀਆਂ ਟਿਕਟਾਂ ਭੇਜ ਕੇ ਸੱਦੇ ਜਾਂਦੇ ਹਨ। ਇਹ ਖੇਡ ਅਮਰੀਕਾ, ਕੈਨੇਡਾ, ਕੀਨੀਆ, ਆਸਟ੍ਰੇਲੀਆ, ਇੰਗਲੈਂਡ, ਮਲਾਇਆ ਤੇ ਸਿੰਘਾਪੁਰ ਜਾ ਵਸੇ ਪੰਜਾਬੀਆਂ 'ਚ ਬੜੀ ਮਕਬੂਲ ਹੈ। ਭਾਰਤ-ਪਾਕਿ ਤਾਂ ਖ਼ੈਰ ਕਬੱਡੀ ਦੇ ਘਰ ਹੋਏ।

ਕਬੱਡੀ ਦਰਅਸਲ ਪੰਜਾਬੀਆਂ ਦੇ ਲਹੂ ਵਿੱਚ ਸਮਾਈ ਹੋਈ ਹੈ। ਕਬੱਡੀ ਦਾ ਸਾਹ ਆਮ ਪੰਜਾਬੀਆਂ ਲਈ ਜੀਵਨ-ਸੁਆਸ ਹੈ ਜੀਹਨੂੰ ਲਏ ਬਿਨਾਂ ਉਨ੍ਹਾਂ ਦਾ ਸਰਦਾ ਨਹੀਂ ਭਾਵੇਂ ਉਹ ਪੰਜਾਬ ਦੀ ਧਰਤੀ 'ਤੇ ਰਹਿਣ ਤੇ ਭਾਵੇਂ ਵਲੈਤੀਂ ਜਾ ਵਸਣ। ਕਬੱਡੀ ਨਾਂ ਵਿਚ ਹੀ ਝਰਨਾਹਟ ਹੈ ਤੇ ਖੇਡ ਵਿਚ ਆਖ਼ਰਾਂ ਦੀ ਖਿੱਚ। ਇਸ ਖੇਡ ਨੇ ਪੰਜਾਬ ਦੇ ਗੱਭਰੂਆਂ ਨੂੰ ਤਕੜੇ ਵੀ ਬਣਾਈ ਰਖਿਆ ਹੈ, ਹਿੰਮਤੀ ਵੀ ਤੇ ਜ਼ਿੰਦਗੀ ਦੀਆਂ ਰਗੜਾਂ ਸਹਿਣ ਜੋਗੇ ਵੀ। ਇਸ ਖੇਡ ਦਾ ਪੰਜਾਬੀਆਂ ਨਾਲ ਪਹਿਲਾਂ ਵੀ ਲਹੂ ਤੇ ਸਾਹ ਦਾ ਰਿਸ਼ਤਾ ਸੀ ਤੇ ਹੁਣ ਵੀ ਹੈ। ਪੱਛਮੀ ਦੇਸ਼ਾਂ ਦੀਆਂ ਬੇਸ਼ੱਕ ਬਹੁਤ ਸਾਰੀਆਂ ਖੇਡਾਂ ਪੰਜਾਬੀਆਂ ਵਿਚ ਪ੍ਰਚਲਿਤ ਹੋ ਚੁੱਕੀਆਂ ਹਨ ਪਰ ਹਾਲਾਂ ਵੀ ਕਬੱਡੀ ਪੰਜਾਬੀਆਂ ਦੀ ਸਭ ਤੋਂ ਵੱਧ ਹਰਮਨ ਪਿਆਰੀ ਖੇਡ ਹੈ।

ਲੋੜ ਹੈ ਪੰਜਾਬ ਵਿੱਚ ਇੱਕ ਕਬੱਡੀ ਕੇਂਦਰ ਉਸਾਰਿਆ ਜਾਵੇ ਜਿਥੋਂ ਇੱਕ ਖੇਡ ਪਤ੍ਰਿਕਾ ਪ੍ਰਕਾਸ਼ਿਤ ਹੋਵੇ। ਕੇਂਦਰ ਵਿੱਚ ਇੱਕ ਗੈਲਰੀ ਬਣਾਈ ਜਾਵੇ ਜਿੱਥੇ ਖਿਡਾਰੀਆਂ ਤੇ ਖੇਡ-ਦ੍ਰਿਸ਼ਾਂ ਦੇ ਚਿੱਤਰ ਲਾਏ ਜਾਣ ਅਤੇ ਮਹੱਤਵਪੂਰਨ ਖੇਡ ਨਿਸ਼ਾਨੀਆਂ ਸਾਂਭੀਆਂ ਜਾਣ। ਆਏ ਗਏ ਖਿਡਾਰੀਆਂ ਦੀ ਰਿਹਾਇਸ਼ ਦਾ ਪ੍ਰਬੰਧ ਹੋਵੇ। ਉਸ ਕੇਂਦਰ ਵੱਲੋਂ ਸੱਟ ਫੇਟ ਦੀ ਹਾਲਤ ਅਤੇ ਬੇਸਹਾਰਾ ਖਿਡਾਰੀਆਂ ਲਈ ਮਾਇਕ ਸਹਾਇਤਾ ਦੇਣ ਦਾ ਪ੍ਰਬੰਧ ਹੋਵੇ। ਵੱਖ-ਵੱਖ ਅਦਾਰਿਆਂ ਵਿੱਚ ਕਬੱਡੀ ਖਿਡਾਰੀਆਂ ਲਈ ਨੌਕਰੀਆਂ ਵੀ ਸੁਰੱਖਿਅਤ ਰੱਖੀਆਂ ਜਾਣ। ਪੰਜਾਬ ਦੀ ਇਸ ਗਰੀਬਣੀ ਪਰ ਢਿੱਡੋਂ ਜਾਈ ਖੇਡ ਲਈ ਉਪਰੋਕਤ ਸੁਝਾਅ ਭਾਵੇਂ ਕੁਝ ਲੋਕਾਂ ਨੂੰ ਭਾਵੁਕ ਜਿਹੇ ਲੱਗਣ ਪਰ ਆਖ਼ਰ ਨੂੰ ਤਾਂ ਇਸ ਖੇਡ ਦੀ ਸਾਰ ਪੰਜਾਬੀਆਂ ਨੇ ਹੀ ਲੈਣੀ ਹੈ, ਫਰੰਗੀਆਂ ਨੇ ਨਹੀਂ।

## ਟਿੱਪਣੀ

ਇਸ ਲੇਖ ਵਿੱਚ ਲੇਖਕ ਕਹਿਣਾ ਚਾਹੁੰਦਾ ਹੈ ਕਿ ਕਬੱਡੀ ਦੀ ਖੇਡ ਪੰਜਾਬੀਆਂ ਵਿਚਕਾਰ ਸਭ ਤੋਂ ਵੱਧ ਖੇਡੀ ਜਾਣ ਵਾਲੀ ਖੇਡ ਹੈ। ਇਹ ਖੇਡ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ

ਅੰਗ ਹੈ। ਇਸ ਖੇਡ ਰਾਹੀਂ ਪੰਜਾਬ ਦਾ ਇਤਿਹਾਸ ਰੂਪਮਾਨ ਹੁੰਦਾ ਹੈ। ਕਬੱਡੀ ਪੰਜਾਬ ਦੀ ਹਰਮਨ ਪਿਆਰੀ ਖੇਡ ਹੈ। ਪਰ ਇਸ ਦੇ ਬਾਵਜੂਦ ਇਸ ਨੂੰ ਅੰਤਰਰਾਸ਼ਟਰੀ ਖੇਡਾਂ ਜਿੰਨੀ ਤਰਜੀਹ ਨਹੀਂ ਦਿੱਤੀ ਜਾਂਦੀ। ਕਬੱਡੀ ਪੰਜਾਬੀਆਂ ਦੇ ਲਹੂ ਵਿੱਚ ਸਮਾਈ ਹੋਈ ਹੈ। ਇਹ ਪੰਜਾਬੀਆਂ ਲਈ ਜੀਵਨ-ਜਾਚ ਵਾਂਗ ਹੈ। ਲੇਖਕ ਨੇ ਖਿਡਾਰੀਆਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ ਹੈ। ਲੇਖਕ ਦਾ ਕਹਿਣਾ ਹੈ ਕਿ ਇਸ ਖੇਡ ਨੂੰ ਪ੍ਰਫੁੱਲਿਤ ਕਰਨ ਲਈ ਕੇਂਦਰ ਵੱਲੋਂ ਖਿਡਾਰੀਆਂ ਦੀ ਮਾਇਕ ਸਹਾਇਤਾ ਕਰਨੀ ਚਾਹੀਦੀ ਹੈ। ਇੱਕ ਕਬੱਡੀ ਕੇਂਦਰ ਵੀ ਬਣਾਉਣਾ ਚਾਹੀਦਾ ਹੈ। ਇੱਥੇ ਖਿਡਾਰੀਆਂ ਨਾਲ ਸੰਬੰਧਿਤ ਇਸ ਖੇਡ ਦੀਆਂ ਨਿਸ਼ਾਨੀਆਂ ਦੀ ਸੰਭਾਲ ਕੀਤੀ ਜਾਵੇ। ਕੇਂਦਰ ਵਿੱਚ ਖੇਡ ਗੈਲਰੀ ਬਣਾਈ ਜਾਵੇ ਜਿੱਥੇ ਖਿਡਾਰੀਆਂ ਅਤੇ ਖੇਡ ਦ੍ਰਿਸ਼ਾਂ ਦੇ ਚਿੱਤਰ ਲਗਾਏ ਜਾਣ। ਖਿਡਾਰੀਆਂ ਦੀ ਮਦਦ ਕਰਨ ਲਈ ਉਨ੍ਹਾਂ ਵਾਸਤੇ ਰੁਜ਼ਗਾਰ ਦਾ ਪ੍ਰਬੰਧ ਕਰਨ ਦੀ ਵੀ ਲੇਖਕ ਨੇ ਮੰਗ ਕੀਤੀ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਕਬੱਡੀ ਸ਼ਬਦ ਤੋਂ ਕੀ ਭਾਵ ਹੈ ?

(ii) ਕਬੱਡੀ ਪੰਜਾਬੀਆਂ ਦੀ ਹਰਮਨ ਪਿਆਰੀ ਖੇਡ ਕਿਉਂ ਹੈ ?

(iii) "ਕਬੱਡੀ ਦੀ ਖੇਡ ਰਾਹੀਂ ਪੰਜਾਬੀਆਂ ਦਾ ਇਤਿਹਾਸ ਰੂਪਮਾਨ ਹੁੰਦਾ ਹੈ।" ਇਸ ਕਥਨ ਦੀ ਵਿਆਖਿਆ ਕਰੋ।

(iv) ਪੰਜਾਬ ਸਟਾਈਲ ਕਬੱਡੀ ਦੇ ਬਾਰੇ ਵਿਸਥਾਰ ਨਾਲ ਚਰਚਾ ਕਰੋ।

(v) ਕਬੱਡੀ ਦੀ ਖੇਡ ਨੂੰ ਅੰਤਰਰਾਸ਼ਟਰੀ ਖੇਡਾਂ ਜਿੰਨੀ ਤਰਜ਼ੀਹ ਕਿਉਂ ਨਹੀਂ ਦਿੱਤੀ ਜਾਂਦੀ ?

(vi) ਕਬੱਡੀ ਦੇ ਕੁਝ ਪ੍ਰਮੁੱਖ ਖਿਡਾਰੀਆਂ ਦੇ ਨਾਂ ਦੱਸੋ।

(vii) 'ਗੁੱਟ ਦਾ ਪੀਰ ਸਰਦਾਰ' ਕਿਸ ਨੂੰ ਕਿਹਾ ਗਿਆ ਹੈ ਤੇ ਕਿਉਂ ?

## ਆਓ ਕੁਝ ਹੋਰ ਕਰੀਏ

**ੳ. ਪਾਠ ਤੋਂ ਅੱਗੇ :**

(i) ਕੀ ਤੁਸੀਂ ਆਪ ਕਦੇ ਕੋਈ ਖੇਡ ਖੇਡੀ ਹੈ ? ਉਸ ਖੇਡ ਦੀਆਂ ਪ੍ਰਾਪਤੀਆਂ ਬਾਰੇ ਰੌਸ਼ਨੀ ਪਾਉ।

(ii) ਖੇਡ ਵਿੱਚ ਹਾਰ-ਜਿੱਤ ਬਾਰੇ ਤੁਸੀਂ ਕੀ ਸੋਚਦੇ ਹੋ ? ਕੀ ਖੇਡ ਸਿਰਫ਼ ਜਿੱਤ-ਹਾਰ ਤੱਕ ਹੀ ਸੀਮਿਤ ਹੁੰਦੀ ਹੈ ? ਆਪਣਾ ਤਰਕ ਪੇਸ਼ ਕਰੋ ?

(iii) 'ਪੜ੍ਹੋਗੇ ਲਿਖੋਗੇ ਬਣੋਗੇ ਨਵਾਬ, ਖੇਡੋਗੇ ਕੁੱਦੋਗੇ ਹੋਵੋਗੇ ਖ਼ਰਾਬ' ਕੀ ਤੁਸੀਂ ਇਸ ਕਥਨ ਨਾਲ ਸਹਿਮਤ ਹੋ ? ਜੇ ਨਹੀਂ ਤਾਂ ਇਸ ਦੇ ਵਿਰੋਧ ਵਿੱਚ ਆਪਣੀਆਂ ਦਲੀਲਾਂ ਪੇਸ਼ ਕਰੋ।

(iv) ਪੰਜਾਬੀਆਂ ਦੀ ਮਾਂ-ਖੇਡ ਕਿਹੜੀ ਹੈ ? ਇਕ ਚਾਰਟ ਦੀ ਮਦਦ ਨਾਲ ਇਸ ਦੀ ਸੰਰਚਨਾ ਦਾ ਚਿਤਰਨ ਕਰੋ।

(v) ਇੱਕ ਖਿਡਾਰੀ ਦੇ ਤੌਰ 'ਤੇ ਕਿਸੇ ਰੈਫ਼ਰੀ ਜਾਂ ਅੰਪਾਇਰ ਬਾਰੇ ਤੁਹਾਡੇ ਕੀ ਵਿਚਾਰ ਹਨ। ਖਿਡਾਰੀ ਤੇ ਇਨ੍ਹਾਂ ਦਾ ਸੰਬੰਧ ਖੇਡ ਉਪਰ ਕੀ ਅਸਰ ਪਾਉਂਦਾ ਹੈ ?

### ਅ. ਪਾਠ ਦੇ ਆਧਾਰ 'ਤੇ ਠੀਕ ( ✔ ) ਤੇ ਗ਼ਲਤ ( ✖ ) ਦਾ ਨਿਸ਼ਾਨ ਬਣਾਉ :

(i) ਕਬੱਡੀ ਦੀ ਖੇਡ ਪੰਜਾਬੀ ਸੱਭਿਆਚਾਰ ਦਾ ਅਨਿਖੜਵਾਂ ਅੰਗ ਹੈ। ☐

(ii) ਕਬੱਡੀ ਦੀ ਖੇਡ ਦਾ ਵਿਗਿਆਨਕ ਅਧਿਐਨ ਨਹੀਂ ਹੋ ਸਕਦਾ। ☐

(iii) ਕਬੱਡੀ ਦੀ ਇਕ ਕਿਸਮ ਸੌਂਚੀ ਪੱਕੀ ਹੁੰਦੀ ਹੈ। ☐

(iv) ਕਬੱਡੀ ਦਾ ਕੋਈ ਵੀ ਖਿਡਾਰੀ ਨਾਇਕ ਵਰਗਾ ਨਹੀਂ ਬਣ ਸਕਿਆ। ☐

(v) ਕਬੱਡੀ ਵੇਖਣ ਲਈ ਸਾਊਥਾਲ ਦਾ ਪਾਰਕ ਦਰਸ਼ਕਾਂ ਨਾਲ ਭਰ ਗਿਆ ਸੀ। ☐

### ੲ. ਖਾਲੀ ਥਾਵਾਂ ਭਰੋ :

(i) ਪੰਜਾਬੀ ਉਲੰਪਿਕ ਖੇਡਾਂ ਨਾਲੋਂ ... ਵੇਖਣ ਨੂੰ ਤਰਜ਼ੀਹ ਦਿੰਦੇ ਹਨ।

(ii) ਕਬੱਡੀ ਪਾਉਣ ਵਾਲੇ ਨੂੰ ... ਆਖਦੇ ਹਨ।

(iii) ਕਬੱਡੀ ਦੀ ਖੇਡ ਨੂੰ ... ਦੀ ਮਾਂ ਖੇਡ ਮੰਨਿਆ ਜਾਂਦਾ ਹੈ।

(iv) ਭਾਰਤ ਤੇ ਪਾਕਿਸਤਾਨ ਕਬੱਡੀ ਦੇ ... ਹਨ।

(v) ਕਬੱਡੀ ਦੀ ਖੇਡ ਦੀਆਂ ਨਿਸ਼ਾਨੀਆਂ ਸੰਭਾਲਣ ਲਈ ... ਦੀ ਲੋੜ ਹੈ।

**ਘਰ** **ਗੈਲਰੀ** **ਕਬੱਡੀ** **ਧਾਵੀ** **ਪੰਜਾਬੀਆਂ**

### ਸ. ਜੋੜੇ ਬਣਾਉ :

| | | |
|---|---|---|
| (i) | ਚੌਧਰੀ ਮੁਹੰਮਦ ਸਦੀਕ | ਡੇਂਜਰ |
| (ii) | ਕਿਰਪਾਲ ਸਿੰਘ ਸਾਧ | ਐਟਮ ਬੰਬ |
| (iii) | ਬਾਬੂ ਹਰਬੰਸ ਲਾਲ | ਤੂਫ਼ਾਨ ਮੇਲ ਧਾਵੀ |
| (iv) | ਸੰਤੋਖ ਸਿੰਘ ਤੋਖੀ | ਗੁੱਟ ਦਾ ਪੀਰ ਸਰਦਾਰ |

### ਹ. ਵਿਰੋਧੀ ਸ਼ਬਦ ਲਿਖੋ :

(i) ਪਰਤਣਾ ...

(ii) ਚੁਸਤ ...

(iii) ਵਧੀਆ ...

(iv) ਫੜਨਾ ...

### ਕ. ਸਮਾਨਾਰਥਕ ਸ਼ਬਦ ਲਿਖੋ :

(i) ਧਾਵੀ ...

(ii) ਕਾਰ ...

(iii) ਸਿਆਲ ...

(iv) ਲਗਾਉ ...

### ਖ. ਕਬੱਡੀ ਦੀਆਂ ਹੇਠ ਲਿਖੀਆਂ ਕਿਸਮਾਂ ਦੀ ਵਿਸ਼ੇਸ਼ਤਾ ਦੱਸੋ :

(i) ਅੰਬਰਸਰੀ ਕੌਡੀ ...

(ii) ਅੰਬਾਲਵੀ ਕੌਡੀ ...

(iii) ਲਾਹੌਰੀ ਕੌਡੀ ...

(iv) ਫਿਰੋਜ਼ਪੁਰੀ ਕੌਡੀ ...

(v) ਪੀਰ ਕੌਡੀ ...

(vi) ਪੰਜਾਬ ਸਟਾਈਲ ਕਬੱਡੀ ...

# ਮਹਾਤਮਾ ਬੁੱਧ ਦੀਆਂ ਸੂਖ਼ਮਤਾਈਆਂ

## ਗੁਰਨਾਮ ਸਿੰਘ ਤੀਰ



### ਸ਼ਖ਼ਸੀਅਤ ਤੇ ਰਚਨਾ

ਗੁਰਨਾਮ ਸਿੰਘ ਤੀਰ ਦਾ ਜਨਮ 30 ਜੂਨ, 1930 ਨੂੰ ਪਿੰਡ ਕੋਟ ਸੁਖੀਆ, ਫ਼ਰੀਦਕੋਟ, ਪੰਜਾਬ ਵਿਖੇ ਪਿਤਾ ਨੰਦ ਸਿੰਘ ਬਰਾੜ ਦੇ ਘਰ ਮਾਤਾ ਆਸ ਕੌਰ ਦੀ ਕੁੱਖੋਂ ਹੋਇਆ। ਉਨ੍ਹਾਂ ਨੇ ਵਿਅੰਗਾਤਮਕ ਨਿਬੰਧਾਂ ਦੇ ਖੇਤਰ ਵਿੱਚ ਚੰਗਾ ਨਾਮਣਾ ਖੱਟਿਆ ਹੈ। ਸਤਹੀ ਹਾਸੇ ਤੋਂ ਪਾਰ ਜਾ ਕੇ ਦਿਲ ਦੀਆਂ ਡੂੰਘਾਣਾਂ ਤੱਕ ਜ਼ਖ਼ਮ ਲਾਉਂਦੀ ਕਟਾਖ਼ਸ਼ੀ ਨਸ਼ਤਰ ਉਨ੍ਹਾਂ ਦੀਆਂ ਲਿਖਤਾਂ ਦਾ ਮੀਰੀ ਗੁਣ ਹੈ। ਉਨ੍ਹਾਂ ਦੇ ਵਿਸ਼ੇ ਆਮ ਤੌਰ 'ਤੇ ਸਮਾਜਕ, ਰਾਜਸੀ, ਧਾਰਮਿਕ ਜਾਂ ਆਰਥਿਕ ਸਮੱਸਿਆ ਨੂੰ ਵਿਅੰਗਾਤਮਕ ਢੰਗ ਨਾਲ ਪੇਸ਼ ਕਰਕੇ ਹਾਸ-ਰਸ ਪੈਦਾ ਕਰਦੇ ਹਨ। ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿੱਚ ਸੰਸਾਰ ਦੇ ਮੰਨੇ-ਪ੍ਰਮੰਨੇ ਧਰਮਾਂ ਦੇ ਸੂਖ਼ਮ ਹਾਸ-ਵਿਅੰਗ ਨੂੰ ਵੀ ਪੇਸ਼ ਕੀਤਾ ਹੈ। ਉਨ੍ਹਾਂ ਧਰਮਾਂ ਦੇ ਮਹਾਨ ਉਪਦੇਸ਼ ਜਿਵੇਂ ਆਪਣੇ-ਆਪ ਨੂੰ ਧਰਮੀ ਕਹਿਣ ਦੇ ਬਾਵਜੂਦ ਸਾਰੇ ਧੰਦੇ ਅਧਰਮ ਦੇ ਕਰਨ ਵਾਲੇ ਮਨੁੱਖਾਂ ਆਦਿ ਨੁਕਤਿਆਂ ਨੂੰ ਛੋਹਿਆ ਹੈ।

ਗੁਰਨਾਮ ਸਿੰਘ ਤੀਰ ਸਪਤਾਹਿਕ ਕਾਲਮ 'ਚਾਚਾ ਚੰਡੀਗੜ੍ਹੀਆ' ਵੀ ਲਿਖਦੇ ਸਨ। ਉਹ ਇੱਕ ਲੇਖਕ, ਵਕੀਲ (ਐਡਵੋਕੇਟ), ਪੱਤਰਕਾਰ ਅਤੇ ਸੀਨੀਅਰ ਅਕਾਲੀ ਨੇਤਾ ਵੀ ਸਨ। ਉਹ 15 ਅਪ੍ਰੈਲ, 1991 ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀਆਂ ਮੁੱਖ ਰਚਨਾਵਾਂ 'ਅਕਲ ਜਾੜ੍ਹ', 'ਗੁੜ੍ਹਤੀ', 'ਅੱਧੀ ਰਾਤ ਦੀਆਂ ਹਾਕਾਂ', 'ਚਾਚਾ ਚੰਡੀਗੜ੍ਹੀਆ', 'ਆਰਟਿਸਟ ਬੋਲਿਆ', 'ਮੈਨੂੰ ਮੈਥੋਂ ਬਚਾਓ', 'ਮਿੱਠੀਆਂ ਪੀੜਾਂ', 'ਦਿੱਲੀ ਦੀ ਵਕੀਲ ਕੁੜੀ', 'ਗੁੰਝਲਾਂ', 'ਛੂਹ-ਮੰਤਰ', 'ਨਿਰੀ ਫੜ੍ਹ', 'ਹੱਸਦਾ ਪੰਜਾਬ', 'ਹੱਸਦੀ ਦੁਨੀਆ', 'ਵਾਹ ਪਿਆ ਜਾਣੀਏ' ਆਦਿ ਹਨ।

## ਮਹਾਤਮਾ ਬੁੱਧ ਦੀਆਂ ਸੂਖ਼ਮਤਾਈਆਂ

ਮਹਾਤਮਾ ਬੁੱਧ ਕਹਿਕਹੇ ਮਾਰਕੇ ਹੱਸਣ ਦੇ ਆਦੀ ਨਹੀਂ ਸਨ। ਨਿੰਮੀ-ਨਿੰਮੀ ਤੇ ਸੂਖ਼ਮ ਮੁਸਕਰਾਹਟ ਨਾਲ ਕਈ ਵਾਰ ਜ਼ਿੰਦਗੀ ਦੀਆਂ ਵੱਡੀਆਂ-ਵੱਡੀਆਂ ਸੱਚਾਈਆਂ ਨਿਖਾਰ ਕੇ ਰੱਖ ਦਿੰਦੇ ਸਨ।

ਮਹਾਤਮਾ ਬੁੱਧ ਦੇ ਸਮੇਂ ਕੁਝ ਆਦਮੀ ਆਪਣੇ ਆਪ ਨੂੰ ਕਸ਼ਟ ਦੇਣ ਵਿੱਚ ਮਹਾਨਤਾ ਸਮਝਦੇ ਸਨ। ਉਨ੍ਹਾਂ ਨੇ ਵੀ ਸ਼ੁਰੂ-ਸ਼ੁਰੂ ਵਿੱਚ ਇਨ੍ਹਾਂ ਵਾਲਾ ਅਭਿਆਸ ਕੀਤਾ, ਪਰੰਤੂ ਫਿਰ ਛੱਡ ਦਿੱਤਾ। ਇੱਕ ਦਿਨ ਮਹਾਤਮਾ ਬੁੱਧ ਨੂੰ ਇੱਕ ਅਜਿਹਾ ਬੰਦਾ ਮਿਲਿਆ, ਜਿਸ ਨੇ ਕਿ ਮਹਾਤਮਾ ਬੁੱਧ ਨੂੰ ਫ਼ਖ਼ਰ ਨਾਲ ਕਿਹਾ, "ਮੈਂ 25 ਸਾਲਾਂ ਦੇ ਅਭਿਆਸ ਬਾਅਦ ਏਨੀ ਯੋਗਤਾ ਪ੍ਰਾਪਤ ਕਰ ਲਈ ਹੈ ਕਿ ਮੈਂ ਦਰਿਆ ਦੇ ਪਾਣੀ ਉੱਤੇ ਤੁਰ ਸਕਦਾ ਹਾਂ।"

ਮਹਾਤਮਾ ਬੁੱਧ ਮੁਸਕਰਾਏ ਤੇ ਕਹਿਣ ਲੱਗੇ, "ਭਾਈ ਤੂੰ ਤਾਂ ਫਿਰ ਜ਼ਿੰਦਗੀ ਦੇ 25 ਵਰ੍ਹੇ ਗੁਆ ਕੇ ਰੱਖ ਦਿੱਤੇ ਹਨ। ਇਹ ਸਮਾਂ ਤੈਨੂੰ ਕਿਸੇ ਚੰਗੇ ਲੇਖੇ ਲਾਉਣਾ ਚਾਹੀਦਾ ਸੀ। ਕਿਸ਼ਤੀ ਵਾਲੇ ਨੂੰ ਇੱਕ ਟਕਾ ਦੇ ਕੇ ਦਰਿਆ ਦਾ ਪਾਣੀ ਤਾਂ ਤੂੰ 2-4 ਮਿੰਟ ਵਿੱਚ ਹੀ ਟੱਪ ਸਕਦਾ ਸੀ।"

ਆਪਣੇ ਆਪ ਨੂੰ ਕਸ਼ਟ ਦੇਣ ਵਾਲੇ ਆਦਮੀਆਂ ਬਾਰੇ ਮਹਾਤਮਾ ਬੁੱਧ ਦੇ ਇੱਕ ਬੰਧੂ ਨੇ ਆ ਕੇ ਦੱਸਿਆ ਕਿ ਫਲਾਣੇ-ਫਲਾਣੇ ਦੋ ਬੰਦੇ ਆਪਣੇ ਯਤਨਾਂ ਨਾਲ ਕੁੱਤਾ ਤੇ ਕਾਂ ਬਣਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦੀ ਇਸ ਜ਼ਿੰਦਗੀ ਦਾ ਪਿੱਛੋਂ ਕੀ ਬਣੇਗਾ ?

ਮਹਾਤਮਾ ਜੀ ਮੁਸਕਰਾ ਕੇ ਕਹਿਣ ਲੱਗੇ, "ਜਾਂ ਤਾਂ ਇਹ ਦੋਵੇਂ ਬੰਦੇ ਕੁੱਤੇ ਤੇ ਕਾਂ ਦੀ ਜੂਨ ਵਿੱਚ ਪਾ ਦਿੱਤੇ ਜਾਣਗੇ ਤੇ ਜਾਂ ਫਿਰ ਬੰਦੇ ਦੀ ਜੂਨ ਨੂੰ ਖੇਹ-ਖ਼ਰਾਬ ਕਰਨ ਕਰਕੇ ਨਰਕਾਂ ਦੇ ਭਾਗੀ ਹੋ ਜਾਣਗੇ।"

ਮਹਾਤਮਾ ਬੁੱਧ ਦਾ ਇੱਕ ਚੇਲਾ ਪੁੱਟਾ ਇੱਕ ਦਿਨ ਮਹਾਤਮਾ ਜੀ ਦੀ ਉਸਤਤੀ ਕਰਦਾ ਹੋਇਆ ਕਹਿਣ ਲੱਗਾ, "ਮੈਂ ਸਮਝਦਾ ਹਾਂ ਕਿ ਸਾਰੇ ਸੰਸਾਰ ਵਿੱਚ ਤੁਹਾਡੇ ਤੋਂ ਵੱਡਾ ਬੁੱਧ ਨਾ ਕਦੇ ਹੋਇਆ ਹੈ, ਅਤੇ ਨਾ ਹੀ ਅੱਗੋਂ ਲਈ ਹੋਵੇਗਾ।"

ਮਹਾਤਮਾ ਜੀ ਮੁਸਕਰਾ ਕੇ ਕਹਿਣ ਲੱਗੇ, "ਸ੍ਰੀ ਪੁੱਟਾ, ਇਸ ਦਾ ਮਤਲਬ ਇਹ ਹੋਇਆ ਕਿ ਤੁਹਾਨੂੰ ਹੁਣ ਤੱਕ ਹੋ ਚੁੱਕੇ ਬੁੱਧਾਂ ਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਬਾਰੇ ਪੂਰਾ-ਪੂਰਾ ਗਿਆਨ ਹੈ।"

ਸ੍ਰੀ ਪੁੱਟਾ ਕਹਿਣ ਲੱਗਾ, "ਨਹੀਂ ਮਹਾਰਾਜ, ਐਸੀ ਤਾਂ ਕੋਈ ਗੱਲ ਨਹੀਂ।"

ਫਿਰ ਮਹਾਤਮਾ ਬੁੱਧ ਕਹਿਣ ਲੱਗੇ, "ਜਿਹੜੇ ਬੁੱਧ ਅੱਗੋਂ ਪੈਦਾ ਹੋਣਗੇ, ਸ਼ਾਇਦ ਤੁਹਾਨੂੰ ਉਨ੍ਹਾਂ ਬਾਰੇ ਵੀ ਪਹਿਲਾਂ ਹੀ ਗਿਆਨ ਹੋ ਚੁੱਕਿਆ ਜਾਪਦਾ ਹੈ।"

ਬੰਧੂ ਨੀਵੀਂ ਪਾ ਕੇ ਕਹਿਣ ਲੱਗਾ, "ਨਹੀਂ ਜੀ, ਬਿਲਕੁਲ ਨਹੀਂ।"

ਅੱਗੇ ਚੱਲ ਕੇ ਮਹਾਤਮਾ ਬੁੱਧ ਕਹਿਣ ਲੱਗੇ, "ਹੋਰ ਨਹੀਂ ਤਾਂ ਤੂੰ ਘੱਟੋ-ਘੱਟ ਮੇਰੇ ਰੋਮ-ਰੋਮ ਦੇ ਹਰ ਵਿਚਾਰ ਤੋਂ ਭਲੀ ਪ੍ਰਕਾਰ ਜਾਣੂੰ ਹੈਂ, ਤੇ ਇਸ ਬਾਰੇ ਅਥਾਹ ਗਿਆਨ ਰੱਖਦਾ ਹੈਂ।"

### ਔਖੇ ਸ਼ਬਦਾਂ ਦੇ ਅਰਥ

ਕਹਿਕਹੇ : ਉੱਚੀ
ਸੂਖਮ : ਹਲਕੀ
ਫ਼ਖ਼ਰ : ਮਾਣ
ਖੇਹ ਖ਼ਰਾਬ ਕਰਨਾ : ਮਿੱਟੀ ਖ਼ਰਾਬ ਕਰਨਾ, ਬਰਬਾਦ ਕਰਨਾ
ਉਸਤਤੀ : ਪ੍ਰਸੰਸਾ
ਅਥਾਹ : ਵਿਸ਼ਾਲ, ਬਹੁਤ ਜ਼ਿਆਦਾ

**ਔਖੇ ਸ਼ਬਦਾਂ ਦੇ ਅਰਥ**

ਪਾਡੀ ਮਾਰਨਾ : ਫੜ ਮਾਰਨੀ, ਡੀਂਗ ਮਾਰਨੀ

ਗਜਾ : ਗੱਜ ਕੇ (ਉੱਚੇ ਸੁਰ ਨਾਲ ਬੋਲ ਕੇ) ਮੰਗੀ ਹੋਈ ਭਿੱਖਿਆ

ਢੱਗਿਆਂ ਵਰਗੇ : ਪਸ਼ੂਆਂ ਵਰਗੇ

ਅਕ੍ਰਿਤਘਣ : ਅਹਿਸਾਨ ਫ਼ਰਾਮੋਸ਼

"ਨਹੀਂ ਹਜ਼ੂਰ, ਇਹ ਗੱਲ ਨਹੀਂ ਹੈ।"

ਮਹਾਤਮਾ ਬੁੱਧ ਹੱਸਦੇ ਹੋਏ ਕਹਿਣ ਲੱਗੇ, "ਆਦਮੀ ਨੂੰ ਏਡੀ ਕੁ ਪਾਡੀ ਹੀ ਮਾਰਨੀ ਚਾਹੀਦੀ ਹੈ, ਜਿੱਡੀ ਕੁ ਉਸ ਦੀ ਸੂਝ-ਬੂਝ ਆਗਿਆ ਦੇਵੇ। ਤੂੰ ਤਾਂ ਪਹਿਲਾਂ ਵਾਲੇ ਬੁੱਧਾਂ ਅਤੇ ਆਉਣ ਵਾਲੇ ਬੁੱਧਾਂ ਬਾਰੇ ਇਸ ਤਰ੍ਹਾਂ ਕਹਿ ਰਿਹਾ ਹੈਂ, ਜਿਸ ਤਰ੍ਹਾਂ ਕਿ ਤੂੰ ਉਨ੍ਹਾਂ ਦੀ ਜ਼ਿੰਦਗੀ ਤੋਂ ਭਲੀ-ਭਾਂਤ ਜਾਣੂੰ ਹੋਵੇਂ ਤੇ ਪੂਰਾ-ਪੂਰਾ ਗਿਆਨ ਰੱਖਦਾ ਹੋਵੇਂ। ਇਹ ਬੇ-ਬੁਨਿਆਦ ਗੱਲਾਂ ਦਾ ਆਖ਼ਰ ਕੀ ਲਾਭ ?"

ਮਹਾਤਮਾ ਬੁੱਧ ਇੱਕ ਦਿਨ ਗਜਾ ਕਰਨ ਗਏ ਤਾਂ ਉਹ ਇਹੋ ਜਿਹੇ ਇੱਕ ਘਰ ਚਲੇ ਗਏ, ਜਿਹੜਾ ਉਨ੍ਹਾਂ ਨੂੰ ਘਿਰਣਾ ਦੀ ਨਜ਼ਰ ਨਾਲ ਵੇਖਦਾ ਸੀ। ਉਸ ਘਰ ਵਾਲੇ ਨੇ ਗਜਾ ਪਾਉਣ ਦੀ ਥਾਂ ਮਹਾਤਮਾ ਬੁੱਧ ਨੂੰ ਗਾਲ੍ਹਾਂ ਕੱਢ ਦਿੱਤੀਆਂ।

ਮਹਾਤਮਾ ਬੁੱਧ ਗੁੱਸਾ ਕਰਨ ਦੀ ਥਾਂ ਹੱਸ ਕੇ ਕਹਿਣ ਲੱਗੇ, "ਦੋਸਤ, ਜੇ ਕੋਈ ਕਿਸੇ ਨੂੰ ਦਖਸ਼ਣਾ ਦੇਵੇ, ਪਰ ਅਗਲੇ ਪਾਸਿਉਂ ਦਖਸ਼ਣਾ ਲੈਣ ਵਾਲਾ ਨਾਂਹ ਕਰ ਦੇਵੇ ਤਾਂ ਫਿਰ ਦਖਸ਼ਣਾਂ ਵਾਲੇ ਮਾਲ 'ਤੇ ਕਿਸ ਦਾ ਹੱਕ ਹੋਇਆ ?"

ਘਰ ਵਾਲਾ ਕਹਿਣ ਲੱਗਾ, "ਦਖਸ਼ਣਾ ਦੇਣ ਵਾਲੇ ਦਾ।"

ਲਾਰਡ ਬੁੱਧਾ ਕਹਿਣ ਲੱਗੇ, "ਚੰਗਾ ਫਿਰ ਤੇਰੇ ਵੱਲੋਂ ਦਿੱਤੀਆਂ ਗਈਆਂ ਗਾਲ੍ਹਾਂ ਮੈਂ ਵਸੂਲ ਕਰਨ ਲਈ ਤਿਆਰ ਨਹੀਂ ਹਾਂ। ਇਹ ਆਪਣਾ ਕੀਮਤੀ ਮਾਲ ਤੂੰ ਆਪਣੇ ਹੀ ਪਾਸ ਰੱਖ ਲੈ। ਮੈਨੂੰ ਤਾਂ ਕੇਵਲ ਏਨਾਂ ਅਫ਼ਸੋਸ ਹੈ ਕਿ ਮੈਂ ਅੱਗੇ ਨਾਲੋਂ ਹੋਰ ਗਰੀਬ ਹੋ ਗਿਆ ਹਾਂ, ਕਿਉਂਕਿ ਮੈਨੂੰ ਤੇਰੇ ਵਰਗਾ ਇੱਕ ਕੀਮਤੀ ਦੋਸਤ ਛੱਡਣਾ ਪੈ ਰਿਹਾ ਹੈ।"

ਲਾਰਡ ਬੁੱਧਾ ਇੱਕ ਦਿਨ ਕਥਾ ਕਰਦੇ ਹੋਏ ਆਪਣੇ ਸਾਥੀਆਂ ਨੂੰ ਕਹਿਣ ਲੱਗੇ, "ਜ਼ਿੰਦਗੀ ਬੇਸ਼ਰਮ, ਲੜਾਕੇ, ਸ਼ਰਾਰਤੀ ਅਤੇ ਵਿਹਲੜ ਲੋਕਾਂ ਲਈ ਗੁਜ਼ਾਰਨੀ ਬਹੁਤ ਹੀ ਸੌਖੀ ਹੈ। ਜਿਹੜੇ ਇਮਾਨਦਾਰੀ, ਨੇਕ-ਨੀਅਤ, ਸੱਚੇ ਦਿਲ ਅਤੇ ਸਰਬੱਤ ਦੇ ਭਲੇ ਨੂੰ ਸਾਹਮਣੇ ਰੱਖ ਕੇ ਸੰਗਰਾਮ ਕਰਦੇ ਹਨ, ਉਨ੍ਹਾਂ ਲਈ ਜ਼ਿੰਦਗੀ ਗੁਜ਼ਾਰਨੀ ਕੁਝ ਔਖੀ ਹੁੰਦੀ ਹੈ। ਪਰ ਜੋ ਸਵਾਦ ਅਜਿਹੇ ਲੋਕਾਂ ਨੂੰ ਪ੍ਰਾਪਤ ਹੁੰਦਾ ਹੈ, ਉਹ ਲੁੱਟ-ਘਸੁੱਟ ਕਰਨ ਵਾਲੇ ਲੋਕਾਂ ਨੂੰ ਪ੍ਰਾਪਤ ਨਹੀਂ ਹੁੰਦਾ।"

ਲੰਮੇ ਭਾਸ਼ਣ ਦੇਣ ਵਾਲਿਆਂ ਬਾਰੇ ਮਹਾਤਮਾ ਜੀ ਕਹਿਣ ਲੱਗੇ, "ਅਕਲਮੰਦੀ ਨਾਲ ਕਿਹਾ ਇੱਕ ਸ਼ਬਦ ਘੰਟਿਆਂ ਬੱਧੀ ਦਿੱਤੇ ਗਏ ਫਜ਼ੂਲ ਭਾਸ਼ਣ ਨਾਲੋਂ ਜ਼ਿਆਦਾ ਕੀਮਤੀ ਹੁੰਦਾ ਹੈ।" ਇਸੇ ਤਰ੍ਹਾਂ ਅੱਗੇ ਚੱਲ ਕੇ ਕਹਿੰਦੇ ਹਨ, "ਨੇਕ ਅਤੇ ਪਵਿੱਤਰ ਪੁਰਸ਼ ਦੀ ਜ਼ਿੰਦਗੀ ਦਾ ਇੱਕ ਦਿਨ ਮੂਰਖ ਬੰਦੇ ਦੀ ਹਜ਼ਾਰਾਂ ਸਾਲਾਂ ਦੀ ਜ਼ਿੰਦਗੀ ਨਾਲੋਂ ਕਿਤੇ ਬਿਹਤਰ ਹੁੰਦਾ ਹੈ। ਜਿਹੜੇ ਬੰਦੇ ਬਹੁਤਾ ਬੋਲਦੇ ਹੋਣ, ਉਨ੍ਹਾਂ ਨੂੰ ਬਹੁਤ ਵੱਡਾ ਵਿਦਵਾਨ ਨਹੀਂ ਸਮਝ ਲੈਣਾ ਚਾਹੀਦਾ। ਜਿਹੜੇ ਭਗਵੇਂ ਲੀੜੇ ਪਾਈ ਫਿਰਦੇ ਹੋਣ, ਜ਼ਰੂਰੀ ਨਹੀਂ ਕਿ ਉਹ ਸੰਤ ਹੋਣ।"

ਫਿਰ ਅੱਗੇ ਚੱਲ ਕੇ ਮਹਾਤਮਾ ਬੁੱਧ ਜੀ ਫੁਰਮਾਉਂਦੇ ਹਨ, "ਉਸ ਬੰਦੇ ਲਈ ਰਾਤ ਬੜੀ ਲੰਮੀ ਹੋ ਜਾਂਦੀ ਹੈ, ਜਿਸ ਨੂੰ ਜਾਗਣਾ ਪਵੇ। ਉਸ ਨੂੰ ਆਪਣਾ ਪੈਂਡਾ ਹੋਰ ਵੀ ਲੰਮਾ ਲੱਗਦਾ ਹੈ, ਜਿਹੜਾ ਬੰਦਾ ਥੱਕਿਆ-ਟੁੱਟਿਆ ਹੋਵੇ ਤੇ ਸਭ ਤੋਂ ਬੇਅਰਥ ਜ਼ਿੰਦਗੀ ਉਸ ਬੰਦੇ ਦੀ ਹੋ

ਜਾਂਦੀ ਹੈ, ਜਿਹੜਾ ਮੂਰਖ ਹੋਵੇ। ਕੁਦਰਤ ਤੇ ਇਨਸਾਨ ਦੇ ਕਾਨੂੰਨਾਂ ਤੋਂ ਹਰ ਤਰ੍ਹਾਂ ਨਾਲ ਅਨਜਾਣ ਹੋਵੇ। ਇਸ ਲਈ ਕਿਸੇ ਮੂਰਖ ਨਾਲ ਸਾਥ ਨਿਭਾਉਣ ਨਾਲੋਂ ਇਕੱਲੇ ਰਹਿਣਾ ਕਿਤੇ ਚੰਗਾ ਹੁੰਦਾ ਹੈ। ਜਿਸ ਮੂਰਖ ਨੂੰ ਆਪਣੀ ਅਗਿਆਨਤਾ ਦਾ ਗਿਆਨ ਹੋ ਜਾਏ, ਉਹ ਸਿਆਣਾ ਗਿਣਿਆ ਜਾਵੇਗਾ ਤੇ ਜਿਹੜਾ ਆਪਣੇ ਆਪ ਨੂੰ ਮੱਲੋ ਮੱਲੀ ਸਿਆਣਾ ਸਮਝਦਾ ਫਿਰੇ, ਉਹ ਦਰਅਸਲ ਵੱਡਾ ਮੂਰਖ ਹੁੰਦਾ ਹੈ। ਜਿਹੜੇ ਬੰਦੇ ਘੱਟ ਗਿਆਨ ਪ੍ਰਾਪਤ ਕਰਦੇ ਹਨ, ਉਹ ਸਾਰੀ ਉਮਰ ਢੱਗਿਆਂ ਵਰਗੇ ਹੁੰਦੇ ਹਨ, ਉਂਝ ਭਾਵੇਂ ਉਹ ਉਮਰ ਦੇ ਲਿਹਾਜ਼ ਨਾਲ ਕਿੰਨੇ ਵੱਡੇ ਹੁੰਦੇ ਚਲੇ ਜਾਣ।"



ਮਹਾਤਮਾ ਜੀ ਇੱਕ ਦਿਨ ਕਹਿਣ ਲੱਗੇ, "ਮਾੜੇ ਬੰਦੇ ਦੀ ਦੋਸਤੀ ਕਰਨਾ ਅਤੇ ਚੰਗੇ ਬੰਦੇ ਨਾਲ ਦੁਸ਼ਮਣੀ ਕਰਨਾ ਬੰਦੇ ਦੀ ਜ਼ਿੰਦਗੀ ਵਿੱਚ ਮੁਸੀਬਤਾਂ ਦਾ ਵਾਧਾ ਕਰਦੀ ਹੈ। ਜਿਹੜੇ ਬੰਦੇ ਆਪਣੇ ਧਨ ਦੀ ਕੇਵਲ ਆਪਣੀਆਂ ਨਿੱਜੀ ਖ਼ੁਸ਼ੀਆਂ ਲਈ ਹੀ ਵਰਤੋਂ ਕਰਦੇ ਹਨ, ਤੇ ਕਿਸੇ ਹੋਰ ਦੇ ਮੂੰਹ ਵਿੱਚ ਇੱਕ ਗਰਾਹੀ ਪਾਉਣਾ ਪਾਪ ਸਮਝਦੇ ਹਨ, ਉਹ ਧਨ ਦੀ ਢੇਰੀ ਤੇ ਬੈਠੇ ਜ਼ਹਿਰੀਲੇ ਸੱਪਾਂ ਵਰਗੇ ਹੁੰਦੇ ਹਨ। ਜੇ ਕੋਈ ਮੂਰਖ ਜਾਂ ਅਕ੍ਰਿਤਘਣ ਬੰਦਾ ਪੁੱਠੇ ਸਿੱਧੇ ਢੰਗ ਨਾਲ ਰਾਜ ਤਖਤ 'ਤੇ ਜਾ ਬਿਰਾਜੇ ਤਾਂ ਜਿੰਨੀਆਂ ਮੁਸੀਬਤਾਂ ਲੋਕਾਂ ਲਈ ਉਹ ਵਧਾਉਂਦਾ ਹੈ, ਓਨੀਆਂ ਸ਼ਾਇਦ ਹੋਰ ਕੋਈ ਨਾ ਵਧਾਉਂਦਾ ਹੋਵੇ। ਹਰ ਬੰਦੇ ਦੇ ਮੂੰਹ ਵਿੱਚ ਜੀਭ ਦੀ ਥਾਂ ਕੁਹਾੜੀ ਰੱਖੀ ਹੁੰਦੀ ਹੈ, ਜਦੋਂ ਇਹ ਕੁਹਾੜੀ ਮਾੜੇ ਸ਼ਬਦ ਬੋਲਦੀ ਹੈ ਤਾਂ ਉਹ ਉਸ ਦੀ ਸ਼ਾਹਰਗ ਨੂੰ ਵੱਢ ਸੁੱਟਦੀ ਹੈ। ਇਸ ਲਈ ਮੂੰਹ ਵਿੱਚ ਰੱਖੀ ਕੁਹਾੜੀ ਤੋਂ ਸਦਾ ਬਚ ਕੇ ਰਹਿਣਾ ਚਾਹੀਦਾ ਹੈ।"

## ਟਿੱਪਣੀ

ਇਹ ਲੇਖ ਨੀਤੀ ਬਚਨਾਂ ਉੱਤੇ ਆਧਾਰਿਤ ਹਾਸ-ਵਿਅੰਗ ਹੈ। ਇਸ ਵਿੱਚ ਮਹਾਤਮਾ ਬੁੱਧ ਦਾ ਸੂਖ਼ਮ ਹਾਸ-ਵਿਅੰਗ ਹੈ। ਉਹ ਨਿੰਮੀ-ਨਿੰਮੀ ਤੇ ਸੂਖ਼ਮ ਮੁਸਕਰਾਹਟ ਨਾਲ ਜ਼ਿੰਦਗੀ ਦੀਆਂ ਵੱਡੀਆਂ-ਵੱਡੀਆਂ ਸੱਚਾਈਆਂ ਨਿਖਾਰ ਕੇ ਰੱਖ ਦਿੰਦੇ ਸਨ। ਆਪਣੇ ਸਰੀਰ ਨੂੰ ਕਸ਼ਟ ਦੇ ਕੇ ਕੁਝ ਨਵਾਂ ਕਰਨ ਵਾਲਿਆਂ ਜਾਂ ਫੜ੍ਹਾਂ ਮਾਰਨ ਵਾਲਿਆਂ ਨੂੰ ਉਨ੍ਹਾਂ ਨੇ ਬਹੁਤ ਸਹਿਜਤਾ ਨਾਲ ਸਮਝਾਇਆ ਹੈ। ਲੇਖਕ ਨੇ ਮੂਰਖ ਤੇ ਬੁੱਧੀਮਾਨ, ਗਿਆਨੀ ਤੇ ਅਗਿਆਨੀ ਅਤੇ ਮਾੜੇ ਤੇ ਚੰਗੇ ਵਿਚਕਾਰ ਫ਼ਰਕ ਨੂੰ ਮਹਾਤਮਾ ਬੁੱਧ ਦੇ ਬਚਨਾਂ ਰਾਹੀਂ ਬੜੀ ਸਰਲਤਾ ਨਾਲ ਸਮਝਾਇਆ ਹੈ। ਗੁਰਨਾਮ ਸਿੰਘ ਤੀਰ ਨੇ ਵਿਅੰਗਾਤਮਕ ਸ਼ੈਲੀ ਵਿੱਚ ਇਸ ਲੇਖ ਦੀ ਰਚਨਾ ਕੀਤੀ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਬਹੁਤ ਅਭਿਆਸ ਤੋਂ ਬਾਅਦ ਦਰਿਆ ਦੇ ਪਾਣੀ ਉੱਤੇ ਤੁਰ ਸਕਣ ਵਾਲੇ ਵਿਅਕਤੀ ਨੂੰ ਮਹਾਤਮਾ ਬੁੱਧ ਨੇ ਕੀ ਕਿਹਾ ?

(ii) ਮਹਾਤਮਾ ਬੁੱਧ ਦੇ ਚੇਲੇ ਪੁੱਟਾ ਨੇ ਉਨ੍ਹਾਂ ਦੀ ਪ੍ਰਸੰਸਾ ਵਿੱਚ ਕੀ ਕਿਹਾ ?

(iii) ਮਹਾਤਮਾ ਬੁੱਧ ਨੇ ਆਪਣੇ ਹੋਰ ਗਰੀਬ ਹੋਣ ਦਾ ਕੀ ਕਾਰਨ ਦੱਸਿਆ ?

(iv) ਕਿਨ੍ਹਾਂ ਲੋਕਾਂ ਲਈ ਜ਼ਿੰਦਗੀ ਗੁਜ਼ਾਰਨੀ ਔਖੀ ਹੁੰਦੀ ਹੈ ?

(v) 'ਮੂੰਹ ਵਿੱਚ ਰੱਖੀ ਕੁਹਾੜੀ ਤੋਂ ਸਦਾ ਬਚ ਕੇ ਰਹਿਣਾ ਚਾਹੀਦਾ ਹੈ', ਵਾਕ ਦਾ ਭਾਵ ਸਪਸ਼ਟ ਕਰੋ।

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ :

(i) ਕਿਸੇ ਹੋਰ ਧਾਰਮਿਕ ਸ਼ਖ਼ਸੀਅਤ ਦੇ ਨੈਤਿਕ ਉਪਦੇਸ਼ਾਂ ਨੂੰ ਇਕੱਠਾ ਕਰਕੇ ਸਕਰੈਪ ਬੁੱਕ ਵਿੱਚ ਲਿਖੋ।

(ii) ਮਹਾਤਮਾ ਬੁੱਧ ਦੇ ਜੀਵਨ ਦੀਆਂ ਹੋਰ ਘਟਨਾਵਾਂ ਦੇ ਹਵਾਲੇ ਨਾਲ ਵਿਸਤਾਰ ਵਿੱਚ ਸਿੱਖਿਆਦਾਇਕ ਤਰਕਾਂ ਬਾਰੇ ਜਾਣਕਾਰੀ ਦਿਉ।

(iii) ਬੁੱਧ ਧਰਮ ਦੇ 'ਅਸ਼ਟ ਮਾਰਗ' ਬਾਰੇ ਇੱਕ ਚਾਰਟ ਤਿਆਰ ਕਰੋ।

(iv) ਕੀ ਤੁਹਾਨੂੰ ਆਪਣੀ ਬਦ-ਜ਼ੁਬਾਨੀ ਕਾਰਨ ਕਦੇ ਕਿਸੇ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਿਆ ਹੈ ? ਅਜਿਹੀ ਕਿਸੇ ਘਟਨਾ ਦਾ ਵਰਨਣ ਕਰੋ।

(v) ਕੀ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋ ਜੋ ਆਪਣੀ ਬੁੱਧੀ ਤੋਂ ਵੱਧ ਸ਼ੇਖੀ ਮਾਰਦਾ ਹੋਵੇ ? ਉਸ ਦੀ ਇਸ ਆਦਤ ਨੂੰ ਵਿਸਤਾਰ ਵਿੱਚ ਲਿਖਣ ਦੀ ਕੋਸ਼ਿਸ਼ ਕਰੋ।

### ਅ. ਪਾਠ ਦੇ ਆਧਾਰ 'ਤੇ ਠੀਕ ( ✔ ) ਜਾਂ ਗ਼ਲਤ ( ✖ ) ਦਾ ਨਿਸ਼ਾਨ ਬਣਾਉ :

(i) ਬੰਧੂ ਨੇ ਮਹਾਤਮਾ ਬੁੱਧ ਨੂੰ ਦੋ ਬੰਦਿਆਂ ਦੇ ਕੁੱਤਾ ਤੇ ਕਾਂ ਬਣਨ ਦੀਆਂ ਕੋਸ਼ਿਸ਼ ਬਾਰੇ ਜਾਣਕਾਰੀ ਦਿੱਤੀ। ☐

(ii) ਮਹਾਤਮਾ ਬੁੱਧ ਨੇ ਆਪਣੇ ਚੇਲੇ ਪੁੱਟਾ ਵਲੋਂ ਕੀਤੀ ਪ੍ਰਸੰਸਾ ਮੰਨ ਲਈ। ☐

(iii) ਮਹਾਤਮਾ ਬੁੱਧ ਨੇ ਮਾੜੇ ਬੰਦੇ ਨਾਲ ਦੋਸਤੀ ਕਰਨ ਦੀ ਹਮਾਇਤ ਕੀਤੀ। ☐

(iv) ਲੰਮੇ ਤੇ ਫ਼ਜ਼ੂਲ ਭਾਸ਼ਣ ਨੂੰ ਬੁੱਧ ਨੇ ਨਕਾਰਿਆ ਹੈ। ☐

(v) ਮਹਾਤਮਾ ਬੁੱਧ ਨੇ ਮੂੰਹ ਵਿੱਚ ਰੱਖੀ ਕੁਹਾੜੀ ਨੂੰ ਚਲਾਉਣ ਦੀ ਜਾਚ ਸਿਖਾਈ। ☐

**ੲ. ਖਾਲੀ ਥਾਵਾਂ ਭਰੋ :**

| | |
|---|---|
| ਰਾਤ | ਮੁਸੀਬਤ |
| ਮੂਰਖ | |
| ਗਾਲ੍ਹਾਂ | ਅਗਿਆਨਤਾ |

(i) ਮਹਾਤਮਾ ਬੁੱਧ ਨੇ ਦਖਸ਼ਣਾਂ ਵਿੱਚ ਮਿਲੀਆਂ ... ਵਾਪਸ ਕਰ ਦਿੱਤੀਆਂ।

(ii) ... ਬੰਦੇ ਦੀ ਜ਼ਿੰਦਗੀ ਬੇਅਰਥ ਹੁੰਦੀ ਹੈ।

(iii) ਆਪਣੀ ... ਨੂੰ ਜਾਣਨ ਵਾਲਾ ਬੰਦਾ ਸਿਆਣਾ ਹੁੰਦਾ ਹੈ।

(iv) ਜੋ ਬੰਦਾ ਦੇਰ ਤੱਕ ਜਾਗਦਾ ਰਹਿੰਦਾ ਹੈ ਉਸ ਲਈ ... ਬੜੀ ਲੰਮੀ ਹੋ ਜਾਂਦੀ ਹੈ।

(v) ਗ਼ਲਤ ਢੰਗ ਨਾਲ ਰਾਜ ਤਖ਼ਤ ’ਤੇ ਪਹੁੰਚਿਆ ਬੰਦਾ ਲੋਕਾਂ ਲਈ ... ਦਾ ਕਾਰਨ ਬਣਦਾ ਹੈ।

**ਸ. ਪਾਠ ਦੇ ਆਧਾਰ ’ਤੇ ਅੱਗੇ ਸ਼ਬਦ ਜੋੜ ਕੇ ਸਮਾਸੀ ਸ਼ਬਦ ਬਣਾਉ :**

(i) ... ਸ਼ੁਰੂ

(ii) ... ਪੂਰਾ

(iii) ... ਬੂਝ

(iv) ... ਘਸੁੱਟ

**ਹ. ਵਿਰੋਧੀ ਸ਼ਬਦ ਲਿਖੋ :**

(i) ਅਥਾਹ ...

(ii) ਯੋਗਤਾ ...

(iii) ਗਿਆਨੀ ...

(iv) ਇਮਾਨਦਾਰੀ

**ਕ. ਸਮਾਨਾਰਥਕ ਸ਼ਬਦ ਲਿਖੋ :**

(i) ਬੁੱਧੀਮਾਨ ...

(ii) ਬੇਅਰਥ ...

(iii) ਘਿਰਣਾ ...

(iv) ਕਸ਼ਟ ...

**ਖ. ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਉ :**

(i) ਅਕ੍ਰਿਤਘਣ ... ... ... ...

(ii) ਲੁੱਟ-ਖਸੁੱਟ ... ... ... ...

(iii) ਦਖਸ਼ਣਾ ... ... ... ...

(iv) ਅਗਿਆਨੀ ... ... ... ...

# ਚੱਲ ਮੇਰੀ ਗਠੜੀ ਸ਼ਹਿਰੋ ਸ਼ਹਿਰ !

## ਕੁਲਬੀਰ ਸਿੰਘ ਕਾਂਗ



### ਸ਼ਖ਼ਸੀਅਤ ਤੇ ਰਚਨਾ

ਕੁਲਬੀਰ ਸਿੰਘ ਕਾਂਗ ਦਾ ਜਨਮ 13 ਜਨਵਰੀ, 1936 ਨੂੰ ਅੰਮ੍ਰਿਤਸਰ ਵਿਖੇ ਪਿਤਾ ਗਿਆਨੀ ਗੁਰਚਰਨ ਸਿੰਘ ਦੇ ਘਰ ਮਾਤਾ ਜਗਜੀਤ ਕੌਰ ਦੀ ਕੁੱਖੋਂ ਹੋਇਆ। ਉਹ ਪੰਜਾਬੀ ਸਾਹਿਤ ਵਿਚ ਇੱਕ ਵਿਲੱਖਣ ਲੇਖਕ ਹਨ। ਇੱਕ ਸਿਰਮੌਰ ਆਲੋਚਕ ਹੋਣ ਦੇ ਨਾਲ-ਨਾਲ ਉਹ ਇੱਕ ਸਫ਼ਲ ਲੇਖਕ ਵੀ ਹਨ। ਉਨ੍ਹਾਂ ਨੇ ਇੱਕ ਅਨੁਵਾਦਕ ਦੇ ਤੌਰ 'ਤੇ ਵੀ ਪ੍ਰਸਿੱਧੀ ਪ੍ਰਾਪਤ ਕੀਤੀ। ਕਾਂਗ ਪੰਜਾਬੀ ਜਗਤ ਨੂੰ ਲਲਿਤ ਨਿਬੰਧ ਦੀਆਂ ਛੇ ਪੁਸਤਕਾਂ ਪ੍ਰਦਾਨ ਕਰ ਚੁੱਕੇ ਹਨ। ਇਨ੍ਹਾਂ ਨਿਬੰਧਾਂ ਵਿੱਚ ਹਰ ਪ੍ਰਕਾਰ ਦੇ ਵਿਸ਼ੇ ਲਏ ਗਏ ਹਨ ਜਿਵੇਂ ਰੋਮਾਂਚਕ, ਸਮਾਜਕ, ਆਰਥਕ, ਰਾਜਨੀਤਕ ਤੇ ਮਨੋ-ਵਿਗਿਆਨਕ। ਕਾਂਗ ਦੇ ਕਈ ਨਿਬੰਧ ਕਾਵਿ-ਮਈ ਹਨ। ਉਹ ਕਵਿਤਾ ਨਹੀਂ ਲਿਖਦੇ ਪਰ ਕਵਿਤਾ ਉਹਦੇ ਅੰਦਰ-ਬਾਹਰ ਵਸੀ ਪਈ ਹੈ। ਉਹ ਗੱਲਾਂ ਵੀ ਕਾਵਿਕ-ਅੰਦਾਜ਼ ਵਿੱਚ ਹੀ ਕਰਦੇ ਹਨ। ਕਵਿਤਾ ਨਾਲ ਉਨ੍ਹਾਂ ਦਾ ਅਤੁੱਟ ਪਿਆਰ ਹੈ। ਉਨ੍ਹਾਂ ਵਿੱਚ ਇੱਕ ਚੰਗਾ ਲੇਖਕ ਹੋਣ ਦੇ ਨਾਲ-ਨਾਲ ਇੱਕ ਸਫ਼ਲ ਕਵੀ ਦੇ ਸਾਰੇ ਗੁਣਾਂ ਦਾ ਸੁਮੇਲ ਹੈ। ਉਨ੍ਹਾਂ ਦੇ ਯੋਗਦਾਨ ਲਈ ਭਾਸ਼ਾ ਵਿਭਾਗ, ਪੰਜਾਬ ਨੇ 1984 ਵਿੱਚ ਉਨ੍ਹਾਂ ਨੂੰ ਗੁਰਬਖ਼ਸ਼ ਸਿੰਘ ਪ੍ਰੀਤਲੜੀ ਇਨਾਮ ਨਾਲ ਸਨਮਾਨਤ ਕੀਤਾ। ਇਆਪਾ (ਕੈਨੇਡਾ) ਨੇ ਵੀ 1994 'ਚ ਉਨ੍ਹਾਂ ਨੂੰ ਇਨਾਮ ਦੇ ਕੇ ਨਿਵਾਜ਼ਿਆ।

### ਚੱਲ ਮੇਰੀ ਗਠੜੀ ਸ਼ਹਿਰੋ ਸ਼ਹਿਰ !

ਪਹਿਲੀ ਵਾਰ ਘਰੋਂ ਬਾਹਰ ਨੌਕਰੀ ਕਰਨ ਲਈ ਜਿਸ ਨਗਰ ਗਿਆ, ਉਹ ਪੰਜਾਬ ਦਾ ਇੱਕ ਇਤਿਹਾਸਕ ਕਸਬਾ ਸੀ। ਅਕਤੂਬਰ ਮਹੀਨੇ ਦੀ ਠੰਡੀ ਤੇ ਮਨ-ਲੁਭਾਉਣੀ ਹਵਾ ਤੇ ਪੱਕੀਆਂ ਫ਼ਸਲਾਂ ਦੀ ਮਹਿਕ ਨੇ ਮੇਰਾ ਸਵਾਗਤ ਕੀਤਾ ਸੀ—ਪੁਰਾਣੇ ਕਿਲ੍ਹੇ ਦੇ ਖੰਡਰਾਂ ਵਿਚੋਂ ਮੈਨੂੰ ਪਿਆਰੀ ਜਿਹੀ ਅਜਨਬੀਅਤ ਦਾ ਝਾਉਲਾ ਪਿਆ—ਮੈਂ ਉਸੇ ਦਿਨ ਤੋਂ ਉਥੋਂ ਜੋਗਾ ਹੋ

**ਔਖੇ ਸ਼ਬਦਾਂ ਦੇ ਅਰਥ**

ਗੱਠੜੀ : ਇਥੇ ਸਰੀਰ ਤੋਂ ਭਾਵ ਹੈ
ਮਨ-ਲੁਭਾਉਣੀ : ਮਨਮੋਹਣ ਵਾਲੀ
ਖੰਡਰਾਂ : ਰਹਿੰਦ-ਖੂੰਹਦ
ਅਜਨਬੀਅਤ: ਅਜੀਬੋ-ਗਰੀਬ
ਝਾਉਲਾ : ਦਿਸਿਆ

ਗਿਆ, ਫਿਰ ਇਹ ਗਠੜੀ 25 ਸਾਲਾਂ ਤੋਂ ਕਈ ਸ਼ਹਿਰਾਂ, ਕਸਬਿਆਂ, ਪਿੰਡਾਂ, ਪਹਾੜਾਂ ਤੇ ਸਮੁੰਦਰਾਂ ਦੇ ਚੱਕਰ ਲਾ ਆਈ ਹੈ—ਪਰ ਪੱਕਾ ਟਿਕਾਣਾ ਕਰਨਾ ਮੇਰੀ ਆਦਤ ਨਹੀਂ। ਇਕ ਪਿੰਡ ਵਿਚ ਮੈਨੂੰ ਅਜਿਹਾ ਬਿਰਧ ਵਿਅਕਤੀ ਵੀ ਮਿਲਿਆ ਸੀ ਜੋ 65 ਸਾਲਾਂ ਤੋਂ ਉਥੇ ਹੀ ਸੀ ਤੇ ਕਦੀ ਬਾਹਰ ਨਹੀਂ ਸੀ ਗਿਆ, ਮੈਂ ਸੋਚਿਆ ਅਜਿਹੇ ਸਰਾਪੇ ਪੁਰਸ਼ ਦੇ ਦਰਸ਼ਨ ਕਰਨਾ ਵੀ ਮੰਦ ਭਾਗਾਂ ਦੀ ਗੱਲ ਹੈ।



ਘਰ ਬੇਸ਼ਕ ਪਿਆਰਾ ਆਲ੍ਹਣਾ ਹੈ, ਪਰ ਬਾਹਰਲਾ ਰਟਨ ਅਤੇ ਨਵੀਆਂ ਥਾਵਾਂ ਦੀ ਯਾਤਰਾ ਜਾਂ ਕੁਝ ਚਿਰ ਲਈ ਮੁਕਾਮ, ਉਸ ਤੋਂ ਵੀ ਵਧੀਆ ਹੈ। ਕਦੀ-ਕਦੀ ਮੈਂ ਸੋਚਦਾ ਹਾਂ ਕਿ ਹਯੂਨ ਸਾਂਗ ਤੇ ਫਾਹੀਆਨ ਦੀ ਰੂਹ ਕਿਉਂ ਸੌਂ ਗਈ ਹੈ—ਘਰੋਂ ਉਦਾਸੀਆਂ 'ਤੇ ਤੁਰ ਪੈਣ ਵਾਲਾ ਗੁਰੂ ਨਾਨਕ ਕਿਥੇ ਹੈ ? ਪੈਂਤੀ-ਚਾਲੀ ਸਾਲ ਦੀ ਪੱਕੀ ਨੌਕਰੀ ਕਰਕੇ ਪੈਨਸ਼ਨ ਲੈਣ ਵਾਲੇ ਬੰਦੇ ਇਸ ਕਵਿਤਾ ਤੇ ਸੰਗੀਤ ਨੂੰ ਨਹੀਂ ਸਮਝ ਸਕਦੇ ਜੋ ਭੁਵਨੇਸ਼ਵਰ ਤੇ ਪੁਰੀ ਦੇ ਮੰਦਰਾਂ ਦੀ ਪ੍ਰਾਚੀਨਤਾ ਵਿਚੋਂ ਲੱਭਦਾ ਹੈ। ਮੈਨੂੰ ਇਨ੍ਹਾਂ ਮੰਦਰਾਂ ਵਿਚੋਂ ਮ੍ਰਦੰਗ ਦੀ ਗੂੰਜ ਸੁਣੀਂਦੀ ਸੀ। ਅਤੇ ਸਮੁੰਦਰ ਕਿਨਾਰੇ ਬੈਠ ਕੇ ਰਾਤ ਨੂੰ ਜਵਾਹਰਭਾਟੇ ਵਿਚ ਭਿਜਣਾ ਕਿੰਨਾ ਪਿਆਰਾ ਅਨੁਭਵ ਹੈ। ਮੈਂ ਤੇ ਮੇਰਾ ਦੋਸਤ (ਸਵਰਨ) ਰਾਤ ਦੇ ਤਿੰਨ ਵਜੇ ਤਕ ਇਸ ਜਵਾਰਭਾਟੇ ਦੀਆਂ ਮਧੁਰ ਛੱਲਾਂ ਵਿਚ ਬੈਠੇ ਰਹੇ। ਇਸ ਤ੍ਰਿਪਹਿਰੇ ਵਿਚ ਸਾਨੂੰ ਉਸ ਦੀ ਘਬਰਾਈ ਪਤਨੀ ਨੇ ਜਗਾਇਆ। ਉਸ ਨੂੰ ਡਰ ਸੀ ਕਿ ਪੰਜਾਬੋਂ ਆਇਆ ਇਹ ਰਮਤਾ ਉਸ ਦੇ ਪਤੀ ਦੇ ਪੈਰਾਂ ਵਿਚ ਚੱਕਰ ਨਾ ਪਾ ਦੇਵੇ। ਔਰਤ ਦੀ ਮੋਹ-ਮਮਤਾ ਤੇ ਮਾਇਆ ਵਿਚ ਉਸ ਦੀ ਰੂਹਾਨੀ ਖੁਸ਼ੀ ਹੈ, ਸਾਡੀ ਆਪਣੀ ਰੂਹ ਹੈ। ਮੇਰੀ ਮਾਂ ਤੇ ਮੇਰੀ ਪਤਨੀ ਨੂੰ ਵੀ ਇਹੀ ਗਿਲਾ ਹੈ ਕਿ ਤੁਹਾਡੇ ਨਾਲ ਦੇ ਤੇ ਤੁਹਾਥੋਂ ਪਿਛੋਂ ਤੁਰੇ ਬੰਦੇ ਕਿੱਥੇ ਦੇ ਕਿੱਥੇ ਪਹੁੰਚ ਗਏ ਹਨ, ਮੈਂ ਕੀ ਖੱਟਿਆ ? ਭੋਲਾ ਮੋਹ ਇਹ ਨਹੀਂ ਜਾਣਦਾ ਕਿ ਜੋ ਮੈਂ ਲਭਿਆ ਹੈ, ਉਹ ਇਨ੍ਹਾਂ ਖਲੋਤੇ ਪਾਣੀਆਂ ਨੂੰ ਨਸੀਬ ਨਹੀਂ ਹੋ ਸਕਦਾ, ਵਹਿੰਦਾ ਦਰਿਆ ਹੀ ਸਾਗਰ ਨੂੰ ਪੋਂਹਦਾ ਹੈ, ਸਰੋਵਰਾਂ ਤੇ ਛਪੜਾਂ ਵਿਚ ਜਦੋਂ ਜੀਵਾਣੂ ਕੁਰਬਲਾਹਟ ਮਚਾ ਦੇਂਦੇ ਹਨ ਤਾਂ ਉਹਨਾਂ ਦਾ ਪਾਣੀ ਕੱਢ ਕੇ ਨਵਾਂ ਭਰਨਾ ਪੈਂਦਾ ਹੈ। ਇਕ ਅੰਗਰੇਜ਼ੀ ਨਿਬੰਧ An apology for idlers ਵਿਚ ਮੈਂ ਪੜ੍ਹਿਆ ਸੀ ਕਿ ਆਬਸ਼ਾਰ ਦੇ ਢਹਿੰਦੇ ਪਾਣੀਆਂ ਵਿਚੋਂ ਉਡਦੀ ਫੁਹਰ ਦੀ ਠੰਡਕ ਨੂੰ ਆਪਣੇ ਚਿਹਰੇ ਤੇ ਸਰੀਰ ਉਤੇ ਮਾਣਨ ਵਾਲਾ ਵਿਅਕਤੀ ਹੀ ਜ਼ਿੰਦਗੀ ਨੂੰ ਸਮਝ ਸਕਦਾ ਹੈ।

ਕਿਸੇ ਇਕ ਵਿਅਕਤੀ ਜਾਂ ਨਗਰ ਦੇ ਮੋਹ ਵਿਚ ਜਕੜੇ ਜਾਣਾ ਸਾਧਾਰਣ ਬਿਰਤੀ

**ਔਖੇ ਸ਼ਬਦਾਂ ਦੇ ਅਰਥ**

ਚੱਕਰ : ਗੇੜੇ
ਟਿਕਾਣਾ : ਡੇਰਾ, ਰਿਹਾਇਸ਼
ਬਿਰਧ : ਬਜ਼ੁਰਗ
ਸ੍ਰਾਪੇ : ਸਰਾਪ ਦੇ ਮਾਰੇ ਹੋਏ
ਮੰਦ ਭਾਗਾਂ : ਬਦਕਿਸਮਤੀ
ਆਲ੍ਹਣਾ : ਘਰ, ਰੈਣ ਬਸੇਰਾ
ਰਟਨ : ਭ੍ਰਮਣ
ਮੁਕਾਮ : ਠਹਿਰਨਾ
ਹਯੂਨ ਸਾਂਗ,
ਫਾਹੀਆਨ : ਚੀਨੀ ਯਾਤਰੀ
ਉਦਾਸੀਆਂ : ਯਾਤਰਾਵਾਂ
ਰੂਹ : ਆਤਮਾ
ਪ੍ਰਾਚੀਨਤਾ : ਪੁਰਾਤਨਤਾ
ਮ੍ਰਦੰਗ : ਸਾਜ਼
ਮਧੁਰ : ਸੁਰੀਲੀਆਂ, ਮਿੱਠੀਆਂ
ਰੂਹਾਨੀ : ਅਧਿਆਤਮਕ, ਆਤਮਕ
ਖੱਟਿਆ : ਕਮਾਇਆ
ਖਲੋਤੇ ਪਾਣੀ : ਇੱਕ ਥਾਂ ਬੱਝ ਕੇ ਰਹਿਣ ਵਾਲੇ ਲੋਕ
ਪੋਂਹਦਾ : ਅੰਦਰ ਜਾਣਾ, ਪ੍ਰਵੇਸ਼ ਕਰਨਾ, ਮਹਿਸੂਸ ਕਰਨਾ
ਮੋਹ : ਪਿਆਰ
ਕੁਰਬੁਲਾਹਟ : ਚੀਕ-ਪੁਕਾਰ, ਰੋਣਾ-ਧੋਣਾ
ਫੂਹਰ : ਫੁਹਾਰ, ਪਾਣੀ ਦੀਆਂ ਬੂੰਦਾਂ
ਬਿਰਤੀ : ਸੁਭਾਅ, ਸੋਚ

**ਔਖੇ ਸ਼ਬਦਾਂ ਦੇ ਅਰਥ**

ਘੁਮੱਕੜ : ਘੁੰਮਣ ਫਿਰਨ ਵਾਲੇ

ਬਦੇਸ਼ਾਂ : ਵਿਦੇਸ਼ਾਂ

ਖ਼ਾਕ : ਇੱਥੇ ਘੁੰਮਣ-ਫਿਰਨ ਤੋਂ ਭਾਵ ਹੈ

ਗੋਰ : ਕਬਰ, ਮੜ੍ਹੀ

ਉਤਾਵਲੀ : ਉਤਸੁਕ



ਹੈ, ਇਨ੍ਹਾਂ ਮੋਹਾਂ ਨੂੰ ਤੋੜ ਕੇ ਨਗਰ-ਨਗਰ ਘੁੰਮਣ ਵਾਲੇ ਵਿਅਕਤੀ ਸੈਂਕੜੇ ਕਿਤਾਬਾਂ ਦਾ ਗਿਆਨ ਆਪਣੀ ਸਾਧਾਰਣ ਬੋਲ-ਚਾਲ ਵਿਚ ਸਮੋਈ ਬੈਠੇ ਹਨ—ਰਾਹੁਲ ਸੰਕਰਤਾਯਨ ਨੇ ਵੀ ਇਨ੍ਹਾਂ ਘੁਮੱਕੜਾਂ ਨੂੰ ਨਮਸਕਾਰ ਕੀਤਾ ਸੀ—ਕਿਉਂਕਿ ਉਹ ਆਪ ਮਹਾਂ ਘੁਮੱਕੜ ਸੀ। ਸਤਾਰਾਂ ਸਾਲ ਰੂਸ ਵਿਚ ਰਹਿ ਕੇ, ਪਤਨੀ ਤੇ ਬੱਚਿਆਂ ਨੂੰ ਉਥੇ ਹੀ ਛੱਡ ਕੇ ਭਾਰਤ ਆ ਜਾਣ ਵਾਲੇ ਉਸ ਬੋਧੀ ਲੇਖਕ ਵਿਚੋਂ ਹਯੂਨ ਸਾਂਗ ਦੀ ਰੂਹ ਲੱਭੀ ਜਾ ਸਕਦੀ ਹੈ।



ਅੱਜ-ਕੱਲ੍ਹ ਇਕ ਬਹੁਤ ਪ੍ਰਾਚੀਨ ਮੱਧ-ਕਾਲੀ ਨਗਰ ਵਿਚ ਨੌਕਰੀ ਕਰ ਰਿਹਾ ਮੈਂ ਸੋਚ ਰਿਹਾ ਹਾਂ ਕਿ ਹੁਣ ਦੇਸ਼ ਦੇ ਬਾਕੀ ਰਹਿੰਦੇ ਹਿੱਸਿਆਂ ਦੀ ਹਵਾ ਜ਼ਰੂਰੀ ਮਾਣਨੀ ਹੈ, ਫਿਰ ਬਦੇਸ਼ਾਂ ਦੀ ਖ਼ਾਕ ਵੀ ਛਾਣਨੀ ਹੈ। ਘਰ ਜ਼ਰੂਰ ਆਵਾਜ਼ਾਂ ਮਾਰਦਾ ਹੈ, ਪਰ ਇਹ ਗਠੜੀ ਗੋਰ ਵਿਚ ਜਾਣ ਤੋਂ ਪਹਿਲਾਂ ਆਕਾਸ਼ ਛੂਹ ਲੈਣ ਲਈ ਉਤਾਵਲੀ ਹੈ। ਮੈਨੂੰ ਇੰਝ ਜਾਪਦਾ ਹੈ ਕਿ ਊਠਾਂ ਦੇ ਗਲ ਪਈਆਂ ਟੱਲੀਆਂ ਦੀ ਆਵਾਜ਼ ਆ ਰਹੀ ਹੈ ਤੇ ਕਹਿ ਰਹੀ ਹੈ, "ਆ ਚੱਲੀਏ, ਪੁੰਨੂੰ ਦਾ ਨਗਰ ਪੁਕਾਰ ਰਿਹਾ ਹੈ।"

## ਟਿੱਪਣੀ

ਇਸ ਲੇਖ ਵਿਚ ਲੇਖਕ ਨੇ ਗਿਆਨ ਹਾਸਲ ਕਰਨ ਲਈ ਘੁੰਮਣ-ਫਿਰਨ ਦੀ ਲੋੜ ਉਪਰ ਜ਼ੋਰ ਦਿੱਤਾ ਹੈ। ਲੇਖਕ ਆਪ ਵੀ ਇਕ ਥਾਂ ਬੱਝ ਕੇ ਨਹੀਂ ਰਹਿਣਾ ਚਾਹੁੰਦਾ। ਉਹ ਨਿਰੰਤਰ ਸਫ਼ਰ ਵਿਚ ਰਹਿਣ ਨੂੰ ਹੀ ਤਰਜੀਹ ਦਿੰਦਾ ਹੈ। ਇਸ ਦੇ ਉਲਟ ਉਹ ਇਕੋ ਥਾਂ ਬੱਝ ਕੇ ਰਹਿਣ ਵਾਲੇ ਮਨੁੱਖ ਨੂੰ ਕੋਸਦਾ ਵੀ ਹੈ। ਉਹ ਇਤਿਹਾਸਕ ਸ਼ਖ਼ਸੀਅਤਾਂ ਦੇ ਹਵਾਲੇ ਨਾਲ ਸਫ਼ਰ ਦੀ ਅਹਿਮੀਅਤ ਨੂੰ ਸਮਝਾਉਣ ਲਈ ਜਤਨਸ਼ੀਲ ਹੈ। ਗੁਰੂ ਨਾਨਕ ਦੀਆਂ ਉਦਾਸੀਆਂ ਤੇ ਰਾਹੁਲ ਸ਼ੰਕਰਤਾਇਨ ਦੇ ਸਫ਼ਰ ਦੀ ਆਦਤ ਨੂੰ ਉਹ ਆਪਣਾ ਪ੍ਰੇਰਨਾ ਸਰੋਤ ਬਣਾਉਂਦਾ ਹੈ। ਇਸ ਦਾ ਮਤਲਬ ਇਹ ਵੀ ਨਹੀਂ ਕਿ ਉਹ ਘਰ ਨੂੰ ਤਿਆਗ ਦਿੰਦਾ ਹੈ। ਘਰ ਵੀ ਉਸ ਨੂੰ ਪਿਆਰਾ ਲਗਦਾ ਹੈ। ਪਰ ਉਹ ਦੇਸ਼-ਦੁਨੀਆਂ ਦੀ ਯਾਤਰਾ ਕਰਨ ਦੀ ਆਪਣੀ ਇੱਛਾ ਵੀ ਪੂਰੀ ਕਰਨੀ ਚਾਹੁੰਦਾ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਲੇਖਕ ਕਿੱਥੇ ਨੌਕਰੀ ਕਰਨ ਲਈ ਗਿਆ ਅਤੇ ਉੱਥੇ ਉਸ ਨੂੰ ਕੀ ਅਹਿਸਾਸ ਹੋਇਆ ?

(ii) ਲੇਖਕ ਨੇ ਆਪਣੇ ਜੀਵਨ ਵਿੱਚ ਕਿਹੜੀ-ਕਿਹੜੀ ਥਾਂ ਦੀ ਯਾਤਰਾ ਕੀਤੀ ?

(iii) ਲੇਖਕ ਦੇ ਘਰ ਰਹਿਣ ਵਾਲੇ ਅਤੇ ਬਾਹਰ ਫਿਰਨ ਵਾਲੇ ਵਿਅਕਤੀ ਦੇ ਕੀ ਵਿਚਾਰ ਹਨ ?

(iv) ਪਾਠ ਵਿੱਚ ਬਿਰਧ ਵਿਅਕਤੀ ਦੀ ਕਿਹੜੀ ਗੱਲ ਕੀਤੀ ਗਈ ਹੈ ?

(v) ਲੇਖਕ ਦੇ ਭੁਵਨੇਸ਼ਵਰ ਤੇ ਪੁਰੀ ਦੀ ਫੇਰੀ ਸਮੇਂ ਦੇ ਅਨੁਭਵ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ?

(vi) ਲੇਖਕ ਦੀ ਮਾਂ ਤੇ ਪਤਨੀ ਦੇ ਲੇਖਕ ਬਾਰੇ ਕੀ ਵਿਚਾਰ ਹਨ ?

(vii) ਪਾਠ ਦੇ ਆਧਾਰ 'ਤੇ ਲੇਖਕ ਦੀਆਂ ਫੇਰੀਆਂ ਬਾਰੇ ਜਾਣਕਾਰੀ ਆਪਣੇ ਸ਼ਬਦਾਂ ਵਿੱਚ ਦਿਉ।

(viii) ਰਾਹੁਲ ਸ਼ੰਕਰਤਾਇਨ ਕੌਣ ਸਨ ਤੇ ਉਹ ਰੂਸ ਵਿਚ ਕਿੰਨਾਂ ਨੂੰ ਛੱਡ ਕੇ ਕਿਥੇ ਚਲੇ ਗਏ ਸਨ ?

## ਆਓ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ

(i) ਘੁੰਮਣ-ਫਿਰਨ ਲਈ ਤੁਹਾਨੂੰ ਕਿਹੜੀਆਂ ਥਾਵਾਂ ਚੰਗੀਆਂ ਲਗਦੀਆਂ ਹਨ ਤੇ ਕਿਉਂ ?

(ii) ਜੇਕਰ ਤੁਸੀਂ ਲੇਖਕ ਦੀ ਥਾਂ ਹੁੰਦੇ ਤਾਂ ਕਿਸ ਤਰ੍ਹਾਂ ਦਾ ਵਿਵਹਾਰ ਕਰਦੇ ?

(iii) ਕਿਸੇ 'ਆਬਸ਼ਾਰ' ਕੋਲ ਬੈਠ ਕੇ ਉਸ ਦੇ ਨਜ਼ਾਰੇ ਦੀ ਕਲਪਨਾ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

(iv) ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਬਾਰੇ ਤੁਸੀਂ ਕੀ ਜਾਣਦੇ ਹੋ ? ਉਨ੍ਹਾਂ ਦੀਆਂ ਯਾਤਰਾਵਾਂ ਦਾ ਇੱਕ ਚਾਰਟ ਤਿਆਰ ਕਰਕੇ ਵੇਰਵਾ ਵੀ ਦਿਉ।

(v) 'ਮ੍ਰਿਦੰਗ' ਇੱਕ ਸਾਜ਼ ਹੈ। ਜੇਕਰ ਤੁਸੀਂ ਹੋਰ ਕਿਸੇ ਸਾਜ਼ ਬਾਰੇ ਜਾਣਦੇ ਹੋ ਤਾਂ ਉਸ ਦਾ ਚਿੱਤਰ ਬਣਾ ਕੇ ਉਸ ਦੀ ਵਿਸ਼ੇਸ਼ਤਾ ਸਮਝਾਉ।

### ਅ. ਪਾਠ ਦੇ ਆਧਾਰ 'ਤੇ ਠੀਕ ( ✔ ) ਜਾਂ ਗ਼ਲਤ ( ✖ ) ਦਾ ਨਿਸ਼ਾਨ ਬਣਾਉ :

(i) ਲੇਖਕ ਪਹਿਲੀ ਵਾਰੀ ਕਿਸੇ ਨਵੇਂ ਨਗਰ ਵਿੱਚ ਗਿਆ। ☐

(ii) ਗੱਠੜੀ ਨੂੰ ਪੱਕੇ ਟਿਕਾਣੇ ਦੀ ਆਦਤ ਨਹੀਂ ਹੈ। ☐

(iii) ਰਾਹੁਲ ਸੰਕਰਤਾਯਨ ਇੱਕ ਜੈਨੀ ਲੇਖਕ ਸੀ। ☐

(iv) ਲੇਖਕ ਆਪ ਘੁੰਮਣ-ਫਿਰਨ ਦੇ ਹੱਕ ਵਿੱਚ ਹੈ। ☐

(v) ਲੇਖਕ ਨੇ ਬਿਰਧ ਵਿਅਕਤੀ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ ਸੀ। ☐

## ਙ. ਖਾਲੀ ਥਾਵਾਂ ਭਰੋ :

(i) ਉਹ ਪੰਜਾਬ ਦਾ ਇਕ ... ਕਸਬਾ ਸੀ।
(ii) ਘਰ ਇੱਕ ਪਿਆਰਾ ... ਹੈ।
(iii) ... ਹੀ ਸਾਗਰ ਨੂੰ ਪਾਉਂਦਾ ਹੈ।
(iv) ਮੈਨੂੰ ਇਨ੍ਹਾਂ ਮੰਦਰਾਂ ਵਿੱਚੋਂ ... ਦੀ ਗੂੰਜ ਸੁਣੀਂਦੀ ਸੀ।
(v) ਕਿਸੇ ਇੱਕ ਵਿਅਕਤੀ ਜਾਂ ਨਗਰ ਦੇ ਮੋਹ ਵਿੱਚ ਜਕੜੇ ਜਾਣਾ ... ਬਿਰਤੀ ਹੈ।

| | |
|---|---|
| ਦਰਿਆ | ਸਾਧਾਰਨ |
| ਇਤਿਹਾਸਕ | |
| ਮ੍ਰਦੰਗ | ਆਲ੍ਹਣਾ |

## ਸ. ਜੋੜੇ ਬਣਾਉ :

| | | |
|---|---|---|
| (i) | ਸਮਪਿਆ ਪੁਰਸ਼ | ਉਦਾਸੀਆਂ |
| (ii) | ਗੁਰੂ ਨਾਨਕ | ਯਾਤਰੀ |
| (iii) | ਰਾਹੁਲ ਸ਼ੰਕਰਤਾਇਨ | ਬਿਰਧ ਵਿਅਕਤੀ |
| (iv) | ਹਿਊਨਸਾਂਗ | ਘੁਮੱਕੜ |

## ਹ. ਦਿੱਤੇ ਗਏ ਸ਼ਬਦਾਂ ਦੇ ਸਮਾਨਾਰਥਕ ਸ਼ਬਦ ਲਿਖੋ :

(i) ਬਿਰਧ ...
(ii) ਟਿਕਾਣਾ ...
(iii) ਠੰਡਕ ...
(iv) ਆਕਾਸ਼ ...

## ਕ. ਵਿਰੋਧੀ ਸ਼ਬਦ ਲਿਖੋ :

(i) ਘੁੰਮਣਾ ...
(ii) ਨਵੀਆਂ ...
(iii) ਭਿੱਜਣਾ ...
(iv) ਇਤਿਹਾਸਕ ...

## ਖ. ਵਾਕ ਬਣਾਉ :

(i) ਖੰਡਰ ... ... ... ...
(ii) ਗਿਆਨ ... ... ... ...
(iii) ਉਦਾਸੀਆਂ ... ... ... ...
(iv) ਇਤਿਹਾਸਕ ... ... ... ...

# ਪੰਜਾਬੀ ਭਾਸ਼ਾ, ਅਨੁਵਾਦ ਅਤੇ ਮੀਡੀਆ

## ਡਾ. ਪ੍ਰਿਥਵੀ ਰਾਜ ਥਾਪਰ

### ਸ਼ਖ਼ਸੀਅਤ ਤੇ ਰਚਨਾ



ਡਾ. ਪ੍ਰਿਥਵੀ ਰਾਜ ਥਾਪਰ ਦਾ ਜਨਮ 27 ਮਈ, 1964 ਨੂੰ ਪੰਜਾਬ ਦੇ ਫ਼ਰੀਦਕੋਟ ਜ਼ਿਲ੍ਹੇ ਵਿੱਚ ਪਿੰਡ ਕੋਟ ਸੁਖੀਆ ਵਿਖੇ ਮਾਤਾ ਸ੍ਰੀਮਤੀ ਸੱਤਿਆ ਦੇਵੀ ਦੀ ਕੁੱਖੋਂ ਪਿਤਾ ਮਾਸਟਰ ਸੋਹਣ ਲਾਲ ਦੇ ਘਰ ਹੋਇਆ। ਉਹ ਰਾਜਧਾਨੀ ਦਿੱਲੀ ਦੇ ਦਿਆਲ ਸਿੰਘ ਈਵਨਿੰਗ ਕਾਲਜ ਵਿੱਚ ਪੰਜਾਬੀ ਦੇ ਅਸਿਸਟੈਂਟ ਪ੍ਰੋਫ਼ੈਸਰ ਹਨ। ਰੇਡੀਓ ਤੇ ਟੀ.ਵੀ. ਸਮੇਤ ਮੀਡੀਆ ਦੇ ਖੇਤਰ ਵਿਚ ਵੀ ਸਰਗਰਮ ਹਨ। ਉਨ੍ਹਾਂ ਦੀਆਂ ਪੁਸਤਕਾਂ ਵਿੱਚ 'ਰਾਮ ਸਰੂਪ ਅਣਖੀ ਦਾ ਨਾਵਲ ਸੰਸਾਰ', 'ਸਾਹਿਤ-ਚਿੰਤਨ', 'ਵੀਨਾ ਵਰਮਾ ਦਾ ਗਲਪੀ ਜਗਤ', 'ਪੰਜਾਬੀ ਵਾਰਤਕ-ਪੁਨਰ ਵਿਚਾਰ', 'ਪੰਜਾਬੀ ਮੀਡੀਆ' ਅਤੇ 'ਸੰਚਾਰ, ਤਕਨੀਕ ਤੇ ਮਲਟੀਮੀਡੀਆ' ਆਦਿ ਸ਼ਾਮਿਲ ਹਨ। ਮੀਡੀਆ ਬਾਰੇ ਉਪਰੋਕਤ ਕਿਤਾਬਾਂ ਵੱਖ-ਵੱਖ ਜਮਾਤਾਂ ਦੇ ਸਿਲੇਬਸ ਵਿੱਚ ਪੜ੍ਹਾਈਆਂ ਜਾ ਰਹੀਆਂ ਹਨ। ਆਪ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਦੀਆਂ ਗਤੀ-ਵਿਧੀਆ ਨਾਲ ਨਿਰੰਤਰ ਜੁੜੇ ਰਹਿੰਦੇ ਹਨ। ਆਪ ਨੂੰ ਪੰਜਾਬੀ ਅਕਾਦਮੀ, ਦਿੱਲੀ ਵੱਲੋਂ ਪੰਜਾਬੀ ਭਾਸ਼ਾ ਸੇਵਾ ਸਨਮਾਨ ਨਾਲ ਸਨਮਾਨਿਤ ਕਰਨ ਦੇ ਨਾਲ-ਨਾਲ ਹੋਰ ਵੀ ਅਨੇਕਾਂ ਸੰਸਥਾਵਾਂ ਵੱਲੋਂ ਮਾਣ-ਸਨਮਾਨ ਹਾਸਲ ਹੋ ਚੁੱਕੇ ਹਨ।

### ਪੰਜਾਬੀ ਭਾਸ਼ਾ, ਅਨੁਵਾਦ ਅਤੇ ਮੀਡੀਆ

***ਭਾਸ਼ਾ :***

ਹਰ ਖੇਤਰ ਦੀ ਆਪਣੀ ਭਾਸ਼ਿਕ ਸ਼ਬਦਾਵਲੀ ਹੁੰਦੀ ਹੈ। ਧਰਮ, ਸਮਾਜ, ਰਾਜਨੀਤੀ, ਅਰਥ ਸ਼ਾਸਤਰ, ਸਾਹਿਤ ਆਦਿ ਵਾਂਗ ਮੀਡੀਆ ਦੀ ਵੀ ਆਪਣੀ ਤਕਨੀਕੀ ਸ਼ਬਦਾਵਲੀ ਹੈ। ਮੀਡੀਆ ਦਾ ਪ੍ਰਸਤੁਤੀਕਰਨ ਜਾਂ ਅਨੁਵਾਦ ਭਾਸ਼ਾ ਦੀ ਜਾਣਕਾਰੀ ਬਿਨਾ ਹੋਣਾ ਅਸੰਭਵ ਹੈ। ਭਾਰਤ ਵਿਚ ਹਿੰਦੀ ਅਤੇ ਅੰਗ੍ਰੇਜ਼ੀ ਭਾਸ਼ਾ ਦੇ ਮੀਡੀਆ ਦਾ ਬੋਲ-ਬਾਲਾ ਹੈ। 20ਵੀਂ

**ਔਖੇ ਸ਼ਬਦਾਂ ਦੇ ਅਰਥ**

ਭਾਸ਼ਿਕ : ਭਾਸ਼ਾ ਦੀ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਅਹਿਮ | : ਮਹੱਤਵਪੂਰਨ |
| ਲੱਦ | : ਲੰਘ ਗਿਆ |
| ਬੋਝਲ ਜਾਂ | |
| ਅਕਾਊ | : ਅਕਾ ਦੇਣ ਵਾਲੀ |
| ਸੰਜੀਦਾ | : ਗੰਭੀਰ |
| ਠੁਕਦਾਰ | : ਪ੍ਰਭਾਵਸ਼ਾਲੀ |
| ਰਲਗਡ | : ਰਲੀ-ਮਿਲੀ, ਮਿਲਾਵਟ |

ਸਦੀ ਦੇ ਆਖ਼ਰੀ ਦਹਾਕੇ 'ਚ ਖੇਤਰੀ ਭਾਸ਼ਾਵਾਂ ਦੇ ਚੈਨਲਾਂ ਦਾ ਦੌਰ ਸ਼ੁਰੂ ਹੋਇਆ। ਇਸ ਅਮਲ ਵਿਚ ਨਿੱਜੀ (Private) ਚੈਨਲਾਂ ਨੇ ਖ਼ਾਸ ਭੂਮਿਕਾ ਨਿਭਾਈ। ਇਨ੍ਹਾਂ ਖੇਤਰੀ ਭਾਸ਼ਾਵਾਂ 'ਚ ਪੰਜਾਬੀ ਦੇ ਚੈਨਲ ਜਿਵੇਂ ਜ਼ੀ ਪੰਜਾਬੀ, ਲਿਸ਼ਕਾਰਾ ਟੀ.ਵੀ. (ਜੋ ਹੁਣ ਬੰਦ ਹੋ ਚੁੱਕਿਆ ਹੈ) ਈ.ਟੀ.ਸੀ. ਪੰਜਾਬੀ, ਪੀ.ਟੀ.ਸੀ. ਪੰਜਾਬੀ, ਪੀ.ਟੀ.ਸੀ. ਨਿਊਜ਼, ਪੰਜਾਬ ਟੂਡੇ (ਜੋ ਹੁਣ ਬੰਦ ਹੋ ਚੁੱਕਿਆ ਹੈ), ਐੱਮ.ਐੱਚ.ਵਨ ਤੇ ਚੜ੍ਹਦੀ ਕਲਾ ਵਰਗੇ ਚੈਨਲ ਹੋਂਦ ਵਿਚ ਆਏ। ਦੂਰਦਰਸ਼ਨ ਅਤੇ ਅਕਾਸ਼ਵਾਣੀ ਪਹਿਲਾਂ ਹੀ ਪੰਜਾਬੀ ਪ੍ਰੋਗਰਾਮ ਤੇ ਖ਼ਬਰਾਂ ਪੇਸ਼ ਕਰਦੇ ਆ ਰਹੇ ਹਨ। ਪ੍ਰਿੰਟ ਮੀਡੀਆ 'ਚ ਪੰਜਾਬੀ ਟ੍ਰਿਬਿਊਨ, ਅਜੀਤ, ਜੱਗਬਾਣੀ, ਸਪੋਕਸਮੈਨ, ਦੇਸ਼ ਸੇਵਕ, ਪੰਜਾਬ ਜਾਗਰਨ, ਦੇਸ਼ ਪ੍ਰਦੇਸ਼, ਨਵਾਂ ਜ਼ਮਾਨਾ ਵਰਗੀਆਂ ਅਖ਼ਬਾਰਾਂ ਪੰਜਾਬੀ ਭਾਸ਼ਾ ਤੇ ਪੰਜਾਬੀਅਤ ਦੀ ਸੇਵਾ ਲਈ ਜਤਨਸ਼ੀਲ ਹਨ। ਪੰਜਾਬੀ ਰਸਾਲੇ ਵੀ ਕਾਫੀ ਮਾਤਰਾ 'ਚ ਛਪ ਰਹੇ ਹਨ।

ਮੀਡੀਆ ਲਈ ਭਾਸ਼ਾ ਅਹਿਮ ਮਸਲਾ ਹੈ। ਅਜੋਕੇ ਮੁਕਾਬਲੇਬਾਜ਼ੀ ਦੇ ਦੌਰ ਵਿਚ ਇਸ ਦੀ ਗੰਭੀਰਤਾ ਹੋਰ ਵੱਧ ਗਈ ਹੈ। ਔਖੀ, ਗੁੰਝਲਦਾਰ ਤੇ ਲੰਮੇ-ਲੰਮੇ ਵਾਕਾਂ ਦੀ ਭਾਸ਼ਿਕ ਵਰਤੋਂ ਦਾ ਜ਼ਮਾਨਾ ਲੱਦ ਗਿਆ ਹੈ। ਭਾਸ਼ਾ ਨੂੰ ਸਵੀਕਾਰ ਕਰਨ ਜਾਂ ਰੱਦ ਕਰਨ ਦੀ ਸ਼ਕਤੀ ਪਾਠਕ, ਸ੍ਰੋਤਾ ਜਾਂ ਦਰਸ਼ਕ ਦੇ ਹੱਥ ਵਿਚ ਹੈ। ਉਹ ਹੁਣ ਬੋਝਲ ਜਾਂ ਅਕਾਊ ਭਾਸ਼ਾ ਸਹਿਣ ਕਰਨ ਦਾ ਆਦੀ ਨਹੀਂ ਰਿਹਾ। ਵਿਗਿਆਨ ਦੀਆਂ ਨਵੀਆਂ ਕਾਢਾਂ ਨੇ ਉਸ ਨੂੰ ਬਦਲਵੇਂ ਸਾਧਨ ਮੁਹੱਈਆ ਕਰਾ ਦਿੱਤੇ ਹਨ। ਜੋ ਪਾਠਕ, ਸ੍ਰੋਤਾਂ ਜਾਂ ਦਰਸ਼ਕ ਕਦੇ ਇਕ ਦੋ ਅਖ਼ਬਾਰਾਂ, ਸਿਰਫ਼ ਅਕਾਸ਼ਵਾਣੀ ਜਾਂ ਦੂਰਦਰਸ਼ਨ ਨੂੰ ਪੜ੍ਹਨ, ਸੁਣਨ ਜਾਂ ਵੇਖਣ ਦਾ ਆਦੀ ਸੀ, ਉਸ ਦੇ ਸਾਹਮਣੇ ਵਿਸ਼ਾਲ ਮੀਡੀਆ ਮੌਜੂਦ ਹੈ। ਇਸ ਲਈ ਭਾਸ਼ਾ ਦੇ ਨਜ਼ਰੀਏ ਤੋਂ ਹੋਰ ਸੰਜੀਦਾ ਹੋਣ ਦੀ ਲੋੜ ਹੈ। ਅਖ਼ਬਾਰਾਂ ਦੀ ਭਾਸ਼ਾ ਹਰ ਪਾਠਕ ਦੀ ਪਹੁੰਚ ਵਿਚ ਹੋਣੀ ਚਾਹੀਦੀ ਹੈ। ਪੰਜਾਬੀ ਇਕ ਅਮੀਰ ਭਾਸ਼ਾ ਹੈ। ਇਸ ਨੂੰ ਸਰਲ ਜਾਂ ਮੁਹਾਵਰੇਦਾਰ ਤਰੀਕੇ ਨਾਲ ਵਰਤ ਕੇ ਹੋਰ ਠੁਕਦਾਰ ਬਣਾਇਆ ਜਾ ਸਕਦਾ ਹੈ। ਮੀਡੀਆ 'ਚ ਕਿਸੇ ਭਾਸ਼ਣ ਜਾਂ ਪੱਤਰਕਾਰ ਸੰਮੇਲਨ (Press Conference) ਨੂੰ ਸੰਖੇਪ ਜਾਣਕਾਰੀ ਦਿੰਦਿਆਂ ਕਈ ਵਾਰ ਅਰਥਾਂ ਦਾ ਅਨਰਥ ਹੋ ਜਾਂਦਾ ਹੈ। ਅਜਿਹਾ ਕਰਦੇ ਸਮੇਂ ਭਾਸ਼ਿਕ ਸ਼ਬਦਾਵਲੀ ਦਾ ਯੋਗ ਇਸਤੇਮਾਲ ਹੀ ਸਹਾਈ ਹੁੰਦਾ ਹੈ। ਪਾਠਕ, ਸਰੋਤੇ ਜਾਂ ਦਰਸ਼ਕ, ਅਨਪੜ੍ਹ ਜਾਂ ਪੜ੍ਹੇ ਲਿਖੇ ਦੋਵੇਂ ਕਿਸਮ ਦੇ ਹੋ ਸਕਦੇ ਹਨ। ਇਸ ਲਈ ਸਮਾਜ ਦੇ ਹਰ ਵਿਅਕਤੀ ਦੀ ਮਾਨਸਿਕਤਾ ਨੂੰ ਧਿਆਨ 'ਚ ਰੱਖ ਕੇ ਹੀ ਲੇਖਣ-ਕਾਰਜ ਸਿਰੇ ਚਾੜ੍ਹਨਾ ਚਾਹੀਦਾ ਹੈ। ਵਾਕ ਛੋਟੇ, ਸਰਲ ਤੇ ਸਪਸ਼ਟ ਹੋਣ ਤਾਂ ਪੜ੍ਹਨ/ਸੁਣਨ ਵਾਲੇ ਨੂੰ ਛੇਤੀ ਸਮਝ ਆ ਜਾਂਦੇ ਹਨ।

ਮੀਡੀਆ ਦੇ ਵਿਦਿਆਰਥੀ ਨੂੰ ਇਹ ਗੱਲ ਧਿਆਨ 'ਚ ਰੱਖਣੀ ਚਾਹੀਦੀ ਹੈ ਕਿ ਮੀਡੀਆ ਦੀ ਆਪਣੀ ਵਿਲੱਖਣ ਬੋਲ-ਬਾਣੀ ਹੈ। ਇਸ ਦੀ ਸ਼ਬਦਾਵਲੀ 'ਚ ਅਸੀਂ ਕਿਸੇ ਹੋਰ ਸ਼ਬਦਾਵਲੀ ਨੂੰ ਰਲਗਡ ਨਹੀਂ ਕਰ ਸਕਦੇ। ਅਸੀਂ ਮਨਮਰਜ਼ੀ ਦੀ ਸ਼ਬਦਾਵਲੀ ਪਾਠਕਾਂ, ਸਰੋਤਿਆਂ ਜਾਂ ਦਰਸ਼ਕਾਂ ਉੱਪਰ ਨਹੀਂ ਥੋਪ ਸਕਦੇ। ਇਸ ਦੇ ਨਾਲ-ਨਾਲ ਸਭਿਅਕ ਭਾਸ਼ਾ ਵੀ ਲੋਕਾਂ ਨੂੰ ਵਧੇਰੇ ਪ੍ਰਭਾਵਿਤ ਤੇ ਆਕਰਸ਼ਤ ਕਰਦੀ ਹੈ। ਸਪਸ਼ਟ ਸ਼ਬਦਾਂ ਦਾ ਪ੍ਰਯੋਗ ਕਰਨ

ਸਮੇਂ ਪੰਜਾਬੀ ਭਾਸ਼ਾ ਦੇ ਵਿਆਕਰਣਕ ਨੇਮਾਂ ’ਤੇ ਗੌਰ ਕਰਨਾ ਜ਼ਰੂਰੀ ਹੈ। ਮਿਸਾਲ ਦੇ ਤੌਰ ’ਤੇ ਸਮਾਸੀ ਸ਼ਬਦਾਂ ’ਚ (–) ਜੋੜਨੀ (Hyphen) ਦੀ ਵਰਤੋਂ ਯੋਗ ਤਰੀਕੇ ਨਾਲ ਹੋਣੀ ਚਾਹੀਦੀ ਹੈ। ਜਿਵੇਂ – ਦੇਸ਼ ਨਿਕਾਲਾ, ਰਾਤ ਦਿਨ, ਹੁਸਨ ਏ ਮਲਿਕਾ ਗ਼ਲਤ ਹਨ। ਇਹਨਾਂ ਨੂੰ ਜੋੜਨੀ ਲਗਾ ਕੇ ਦੇਸ਼–ਨਿਕਾਲਾ, ਰਾਤ–ਦਿਨ, ਹੁਸਨ–ਏ–ਮਲਕਾ ਲਿਖਣਾ ਸ਼ੁਧ ਹੋਵੇਗਾ। ਸ਼ਬਦਾਂ ਦੇ ਪ੍ਰਯੋਗ ਸਮੇਂ ਪ੍ਰਿੰਟ ਮੀਡੀਆ ਜਾਂ ਬਿਜਲਈ ਮੀਡੀਆ ਦੇ ਵੱਖੋ–ਵੱਖਰੇ ਅਦਾਰਿਆਂ ਦੀ ਪਰੰਪਰਾ ਨੂੰ ਅਪਣਾਉਣਾ ਜ਼ਰੂਰੀ ਹੁੰਦਾ ਹੈ। ਇਕੋ ਅਰਥ ਵਾਲੇ ਸ਼ਬਦਾਂ ਨੂੰ ਵੱਖੋ–ਵੱਖਰੇ ਅਦਾਰੇ ਵੱਖ–ਵੱਖ ਸ਼ਬਦਾਂ ’ਚ ਪੇਸ਼ ਕਰਦੇ ਹਨ। ਜਿਵੇਂ ‘ਅਜੀਤ ਅਖ਼ਬਾਰ’ ‘ਪਿਛਲੇ ਐਤਵਾਰ’ ਨੂੰ ‘ਬੀਤੇ ਐਤਵਾਰ’ ਲਿਖਦਾ ਹੈ ਅਤੇ ਪੰਜਾਬੀ ਟ੍ਰਿਬਿਊਨ ਉਸ ਨੂੰ ‘ਲੰਘੇ ਐਤਵਾਰ’ ਲਿਖਦਾ ਹੈ। ਇਹਨਾਂ ਸ਼ਬਦਾਂ ਦਾ ਪ੍ਰਯੋਗ ਉਪਰੋਕਤ ਅਖ਼ਬਾਰਾਂ ’ਚ ਇਸੇ ਰੂਪ ਵਿੱਚ ਹੀ ਹੋਵੇਗਾ।

***ਅਨੁਵਾਦ :***

ਅਨੁਵਾਦ ਨੇ ਪੂਰੀ ਦੁਨੀਆ ਨੂੰ ਇਕ ਵਿਸ਼ਵੀ ਪਿੰਡ ਵਿਚ ਤਬਦੀਲ ਕਰ ਦਿੱਤਾ ਹੈ। ਅਨੁਵਾਦ ਸਦਕਾ ਹੀ ਅਸੀਂ ਦੂਜੇ ਸਭਿਆਚਾਰਾਂ ਨਾਲ ਸੰਵਾਦ ਰਚਾ ਸਕਦੇ ਹਾਂ। ਇਹ ਅਨੁਵਾਦ ਹੀ ਹੈ ਜਿਸ ਰਾਹੀਂ ਦੂਜੀਆਂ ਭਾਸ਼ਾਵਾਂ ਦੇ ਗਿਆਨ –ਵਿਗਿਆਨ ਅਤੇ ਵਰਤੋਂ –ਵਿਹਾਰ ਨੂੰ ਸਮਝਿਆ ਜਾ ਸਕਦਾ ਹੈ। ਪੂਰੇ ਭਾਰਤ ਦੀ ਪਾਰਲੀਮੈਂਟ ਇਕ ਹੈ। ਇਸ ਵਿਚ ਹਰ ਸੂਬੇ ਤੋਂ ਵੱਖੋ–ਵੱਖਰੀਆਂ ਭਾਸ਼ਾਵਾਂ ਦੇ ਪਾਰਲੀਮੈਂਟ ਮੈਂਬਰ



ਹਿੱਸਾ ਲੈਂਦੇ ਹਨ। ਹਿੰਦੀ ਅੰਗ੍ਰੇਜ਼ੀ ਨਾ ਬੋਲਣ ਵਾਲੇ ਨਾਲ ਅਨੁਵਾਦ ਰਾਹੀਂ ਰਾਬਤਾ ਕਾਇਮ ਕੀਤਾ ਜਾਂਦਾ ਹੈ। ਇਸ ਤਰ੍ਹਾਂ ਅਨੁਵਾਦ ਰਾਸ਼ਟਰੀ ਏਕਤਾ ਲਈ ਵੀ ਇਕ ਸਾਧਨ ਵਜੋਂ ਕੰਮ ਕਰਦਾ ਹੈ। ਅਖ਼ਬਾਰਾਂ, ਰੇਡੀਓ, ਦੂਰਦਰਸ਼ਨ ਆਦਿ ਸਭ ਖ਼ਬਰਾਂ ਦਾ ਅਨੁਵਾਦ ਕਰਦੇ ਹਨ। ਹੁਣ ਪੰਜਾਬ ਵਿਚ ਕੇਂਦਰ ਤੋਂ ਹਰ ਹਿੰਦੀ–ਅੰਗ੍ਰੇਜ਼ੀ ਵਾਲੀ ਚੀਜ਼ ਨੂੰ ਪੰਜਾਬੀ ਰਾਹੀਂ ਅਨੁਵਾਦ ਕਰਕੇ ਲੋਕਾਂ ਤੱਕ ਪਹੁੰਚਾਇਆ ਜਾਂਦਾ ਹੈ। ਪੰਜਾਬੀ ਸਾਹਿਤ ਵਿਚ ਅਨੁਵਾਦ ਮਹੱਤਵਪੂਰਨ ਥਾਂ ਗ੍ਰਹਿਣ ਕਰ ਚੁੱਕਿਆ ਹੈ। ਦੂਜੀਆਂ ਜ਼ੁਬਾਨਾਂ ਦਾ ਸਾਹਿਤ ਪੰਜਾਬੀ ਵਿਚ ਅਨੁਵਾਦ ਹੋ ਰਿਹਾ ਹੈ। ਏਸੇ ਤਰ੍ਹਾਂ ਪੰਜਾਬੀ ਸਾਹਿਤ ਦੇ ਦੂਜੀਆਂ ਜ਼ੁਬਾਨਾਂ ’ਚ ਅਨੁਵਾਦ ਹੋਣ ਨਾਲ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਅਮੀਰ ਬਣਾਇਆ ਜਾ ਰਿਹਾ ਹੈ। ਅਨੁਵਾਦ ਹੁਣ ਸਿਰਫ਼ ਇਕ ਕਲਾ ਨਹੀਂ ਬਲਕਿ ਪੇਸ਼ੇ ਦਾ ਰੂਪ ਧਾਰਨ ਕਰ ਚੁੱਕਿਆ ਹੈ। ਮੀਡੀਆ ਦਾ ਸਾਰਾ ਦਾਰੋ–ਮਦਾਰ ਹੀ ਅਨੁਵਾਦ ਉੱਪਰ ਟਿਕਿਆ ਹੋਇਆ ਹੈ। ਪੱਤਰਕਾਰੀ ਵਿਚ ਇਸ ਦਾ

**ਔਖੇ ਸ਼ਬਦਾਂ ਦੇ ਅਰਥ**

ਸੂਬੇ : ਰਾਜ, ਪ੍ਰਾਂਤ, ਪ੍ਰਦੇਸ

ਰਾਬਤਾ : ਸੰਪਰਕ

ਪੇਸ਼ੇ : ਰੁਜ਼ਗਾਰ

ਦਾਰੋ–ਮਦਾਰ : ਕੰਮਕਾਜ, ਕਾਰ–ਵਿਹਾਰ

ਉਲਥਾਇਆ : ਅਨੁਵਾਦ

ਵਿਸ਼ੇਸ਼ ਮਹੱਤਵ ਹੈ। ਯੂਨੀਵਰਸਿਟੀਆਂ ਵਿਚ ਇਸ ਦੀ ਬਾਕਾਇਦਾ ਸਿੱਖਿਆ ਦਿੱਤੀ ਜਾਂਦੀ ਹੈ। ਏਸੇ ਕਰਕੇ ਅਨੁਵਾਦ ਹੁਣ ਰੁਜ਼ਗਾਰ ਦਾ ਰੂਪ ਵੀ ਧਾਰਨ ਕਰ ਗਿਆ ਹੈ।

***ਅਨੁਵਾਦ ਦਾ ਅਰਥ ਅਤੇ ਪਰਿਭਾਸ਼ਾ :***

ਅਨੁਵਾਦ ਸ਼ਬਦ ਵਦ ਧਾਤੂ ਨਾਲ ਅਨੁ ਅਗੇਤਰ ਲਾ ਕੇ ਬਣਿਆ ਹੈ। ਇਸ ਦਾ ਅਰਥ ਮੁੜ ਤੋਂ ਕਹਿਣ ਜਾਂ ਕਿਸੇ ਦੇ ਕਹਿਣ ਤੋਂ ਮਗਰੋਂ ਕਹਿਣ ਤੋਂ ਲਿਆ ਜਾਂਦਾ ਹੈ। ਅਨੁਵਾਦ ਲਿਖਤ ਜਾਂ ਬੋਲ-ਬਾਣੀ ਦੋਵਾਂ ਦਾ ਕੀਤਾ ਜਾਂਦਾ ਹੈ। ਇਕ ਭਾਸ਼ਾ ਦੇ ਪਾਠ (Text) ਨੂੰ ਜਦੋਂ ਦੂਜੀ ਭਾਸ਼ਾ ਵਿਚ ਉਲਥਾਇਆ ਜਾਂਦਾ ਹੈ, ਉਸ ਨੂੰ ਅਨੁਵਾਦ ਕਿਹਾ ਜਾਂਦਾ ਹੈ। ਅਨੁਵਾਦ ਦਾ ਕੰਮ ਪਾਠ ਦਾ ਅਰਥ ਪਰਿਵਰਤਣ ਨਾ ਕਰਕੇ ਉਸ ਦਾ ਭਾਸ਼ਾਈ ਰੂਪ ਬਦਲਣਾ ਹੁੰਦਾ ਹੈ। ਮਿਸਾਲ ਦੇ ਤੌਰ ’ਤੇ ਜਦੋਂ ਅਸੀਂ ਅੰਗਰੇਜ਼ੀ ਦੇ ਕਿਸੇ ਪਾਠ ਦਾ ਪੰਜਾਬੀ ਭਾਸ਼ਾ ’ਚ ਅਨੁਵਾਦ ਕਰਦੇ ਹਾਂ ਤਾਂ ਇਸ ਦੌਰਾਨ ਰੋਮਨ ਲਿੱਪੀ ਨੂੰ ਗੁਰਮੁਖੀ ਲਿੱਪੀ ਵਿਚ ਉਲਥਾਇਆ ਜਾਵੇਗਾ। ਭਾਵ ਮੂਲ ਰਚਨਾ ਦੇ ਵਿਸ਼ੇ ਜਾਂ ਅਰਥਾਂ ਨਾਲ ਕੋਈ ਛੇੜ-ਛਾੜ ਨਹੀਂ ਕੀਤੀ ਜਾਵੇਗੀ। ਜਿਵੇਂ ਹੇਠ ਲਿਖੀ ਅੰਗ੍ਰੇਜ਼ੀ ਦੀ ਖ਼ਬਰ ਨੂੰ ਪੰਜਾਬੀ ’ਚ ਅਨੁਵਾਦ ਕਰਨ ਦੀ ਉਦਾਹਰਣ ਵੇਖ ਸਕਦੇ ਹਾਂ :

> "The Uniteed States and Russia signed a landmark disarmament treaty." *(ਅੰਗਰੇਜ਼ੀ ਰੂਪ)*
>
> ਅਮਰੀਕਾ ਅਤੇ ਰੂਸ ਨੇ ਹਥਿਆਰਾਂ ਦੀ ਕਟੌਤੀ ਦੀ ਇਤਿਹਾਸਕ ਸੰਧੀ ਉੱਪਰ ਦਸਤਖ਼ਤ ਕੀਤੇ। *(ਪੰਜਾਬੀ ਰੂਪ)*

ਉਪਰੋਕਤ ਖ਼ਬਰ ਦਾ ਅਰਥ ਦੂਜੀ ਭਾਸ਼ਾ ਵਿਚ ਵੀ ਬਰਕਰਾਰ ਰਿਹਾ ਹੈ। ਅਨੁਵਾਦ ਨਾਲ ਕੇਵਲ ਭਾਸ਼ਾ ਦਾ ਰੂਪ ਬਦਲਿਆ ਹੈ।

ਵਿਦਵਾਨ ‘ਵਾਤਸਿਆਯਾਨ ਮਾਸ਼ਿਆ’ ਅਨੁਸਾਰ,

> “ਕਿਸੇ ਇਕ ਭਾਸ਼ਾ ਦੀ ਪਾਠ ਸਾਮੱਗਰੀ ਨੂੰ ਕਿਸੇ ਦੂਜੀ ਭਾਸ਼ਾ ’ਚ ਉਸੇ ਰੂਪ ’ਚ ਰੂਪਾਂਤਰਤ ਕਰਨ ਨੂੰ ਅਨੁਵਾਦ ਕਿਹਾ ਜਾਂਦਾ ਹੈ।”

ਪਲੈਟੋ ਨੇ ਅਨੁਵਾਦ ਦੇ ਅਮਲ ਨੂੰ ‘ਨਕਲ ਦੀ ਦੁਬਾਰਾ ਨਕਲ’ ਦਾ ਨਾਂ ਦਿੱਤਾ ਹੈ। ਉਸ ਅਨੁਸਾਰ ਇਹ ਕਿਸੇ ਹੋਰ ਤਰ੍ਹਾਂ ਦੇ ਦਰਦ ਦਾ ਅਨੁਭਵ ਹੈ। ਅਨੁਵਾਦ ਦਾ ਮਕਸਦ ਦੂਜੀ ਭਾਸ਼ਾ ਦੇ ਵਿਚਾਰਾਂ ਨੂੰ ਆਪਣੀ ਭਾਸ਼ਾ ਦੇ ਆਚਾਰ-ਵਿਹਾਰ ਅਨੁਸਾਰ ਢਾਲ ਕੇ ਪੇਸ਼ ਕਰਨਾ ਹੁੰਦਾ ਹੈ। ਸਾਹਿਤ ਵਿਚ ਅਨੁਵਾਦ ਰਾਹੀਂ ਭਾਸ਼ਾਵਾਂ ਦਾ ਅਧਿਐਨ ਤੁਲਨਾਤਮਕ ਅਧਿਐਨ ਦਾ ਰੂਪ ਧਾਰਨ ਕਰ ਲੈਂਦਾ ਹੈ। ਜਦੋਂ ਇਕ ਭਾਸ਼ਾ ਨੂੰ ਦੂਜੀ ਭਾਸ਼ਾ ਵਿਚ ਬਦਲਿਆ ਜਾਂਦਾ ਹੈ ਤਾਂ ਇਹ ਭਾਸ਼ਾ ਵਿਗਿਆਨ ਦੀ ਸ਼੍ਰੇਣੀ ’ਚ ਆ ਜਾਂਦਾ ਹੈ। ਅਜੋਕੇ ਵਿਸ਼ਵੀਕਰਨ ਦੇ ਯੁਗ ’ਚ ਅਨੁਵਾਦ ਦਾ ਮਹੱਤਵ ਹੋਰ ਵਧ ਗਿਆ ਹੈ।

***ਅਨੁਵਾਦ ਦੀਆਂ ਸਮੱਸਿਆਵਾਂ :***

ਅਨੁਵਾਦ ਕਰਨ ਦੀ ਸਮੱਸਿਆ ਇਕ ਗੰਭੀਰ ਚੁਣੌਤੀ ਹੈ। ਲਗਭਗ ਸਾਰੀਆਂ ਖ਼ਬਰੀ ਏਜੰਸੀਆਂ ਅੰਗ੍ਰੇਜ਼ੀ ਜਾਂ ਹਿੰਦੀ ਭਾਸ਼ਾ ’ਚ ਖ਼ਬਰਾਂ ਦਾ ਆਦਾਨ-ਪ੍ਰਦਾਨ ਕਰਦੀਆਂ ਹਨ। ਇਸ

ਲਈ ਏਜੰਸੀਆਂ ਤੋਂ ਮਿਲੀ ਖ਼ਬਰ ਨੂੰ ਅੰਗ੍ਰੇਜ਼ੀ ਜਾਂ ਹਿੰਦੀ ਭਾਸ਼ਾ ਤੋਂ ਪੰਜਾਬੀ ਵਿਚ ਅਨੁਵਾਦ ਕਰਨਾ ਹੁੰਦਾ ਹੈ। ਇਸ ਵਾਸਤੇ ਸਭ ਤੋਂ ਪਹਿਲੀ ਸ਼ਰਤ ਤਾਂ ਇਹ ਹੈ ਕਿ ਖ਼ਬਰ ਦਾ ਮੂਲ ਰੂਪ ਜਿਉਂ ਦਾ ਤਿਉਂ ਰਹਿਣਾ ਚਾਹੀਦਾ ਹੈ। ਇਹ ਵੀ ਨਹੀਂ ਹੋ ਸਕਦਾ ਕਿ ਮੱਖੀ 'ਤੇ ਮੱਖੀ ਮਾਰੀ ਜਾਵੇ। ਵਾਕ ਦਾ ਭਾਵ ਕੱਢ ਕੇ ਉਸ ਦੀ ਰੂਹ ਅਨੁਸਾਰ ਹੀ ਅਨੁਵਾਦ ਕਰਨਾ ਚਾਹੀਦਾ ਹੈ। ਭਾਸ਼ਾ ਦਾ ਅਧੂਰਾ ਗਿਆਨ ਹੋਣ ਕਾਰਨ ਅੰਗਰੇਜ਼ੀ-ਹਿੰਦੀ ਦੇ ਬਹੁਤੇ ਸ਼ਬਦ ਜਿਉਂ ਦੇ ਤਿਉਂ ਵਰਤ ਲੈਣ ਨਾਲ ਪੰਜਾਬੀ ਭਾਸ਼ਾ ਦਾ ਮੁਹਾਂਦਰਾ ਵਿਗੜਦਾ ਹੈ। ਇਸ ਦਾ ਕਾਰਨ ਇਹ ਹੈ ਕਿ ਸਾਡੇ ਮਨ ਮਸਤਕ ਉੱਪਰ ਅੰਗਰੇਜ਼ੀ ਤੇ ਹਿੰਦੀ ਭਾਸ਼ਾਵਾਂ ਦਾ ਪ੍ਰਭਾਵ ਵਧ ਚੁੱਕਿਆ ਹੈ। ਕਈ ਵਾਰ ਅਸੀਂ ਇਨ੍ਹਾਂ ਭਾਸ਼ਾਵਾਂ ਵਿਚ ਹੀ ਸੋਚਣ ਲਗਦੇ ਹਾਂ। ਜ਼ਾਹਿਰ ਹੈ ਕਿ ਜਿਸ ਭਾਸ਼ਾ ਵਿਚ ਸੋਚਾਂਗੇ ਉਸੇ ਵਿਚ ਹੀ ਲਿਖਾਂਗੇ। ਇਸ ਦੇ ਨਾਲ-ਨਾਲ ਖੇਤਰੀ ਭਾਸ਼ਾਵਾਂ ਦੇ ਆਪਸੀ ਆਦਾਨ-ਪ੍ਰਦਾਨ ਸਮੇਂ ਵੀ ਇਸੇ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

***ਨਾਂ ਦਾ ਅਨੁਵਾਦ ਕਰਨ ਦੀ ਸਮੱਸਿਆ :***

ਅੰਗਰੇਜ਼ੀ ਹਿੰਦੀ ਜਾਂ ਕਿਸੇ ਹੋਰ ਭਾਸ਼ਾ ਤੋਂ ਪੰਜਾਬੀ 'ਚ ਅਨੁਵਾਦ ਕਰਨ ਸਮੇਂ ਨਾਂ ਨੂੰ ਲਿਖਣ ਦੀ ਬਹੁਤ ਵੱਡੀ ਸਮੱਸਿਆ ਹੈ। ਇਹ ਆਮ ਵੇਖਣ ਵਿਚ ਆਉਂਦਾ ਹੈ ਕਿ ਮੀਡੀਆ 'ਚ ਨਾਂ ਆਪਣੇ ਸ਼ੁਧ ਰੂਪ ਵਿਚ ਅਨੁਵਾਦ ਨਹੀਂ ਹੋ ਸਕਦੇ। ਇਸ ਤਰ੍ਹਾਂ ਉਹਨਾਂ ਨੂੰ ਗ਼ਲਤ ਤਰੀਕੇ ਨਾਲ ਪੇਸ਼ ਕਰਨ ਨਾਲ ਲੋਕਾਂ ਵਿਚ ਉਹ ਗ਼ਲਤ ਰੂਪ 'ਚ ਹੀ ਪ੍ਰਚਲਤ ਹੋ ਜਾਂਦੇ ਹਨ। ਅਖ਼ਬਾਰਾਂ ਦੇ ਨਾਲ-ਨਾਲ ਬਿਜਲਈ ਮੀਡੀਆ 'ਚ ਇਹ ਸਮੱਸਿਆ ਹੋਰ ਵੀ ਗੰਭੀਰ ਹੈ। ਰੇਡੀਓ ਅਤੇ ਟੀ.ਵੀ. 'ਤੇ ਖ਼ਬਰਾਂ ਬੋਲਦੇ ਐਂਕਰ ਅਕਸਰ ਗ਼ਲਤ ਨਾਂ ਦਾ ਉਚਾਰਨ ਕਰਦੇ ਹਨ। ਖ਼ਾਸ ਕਰਕੇ ਚੀਨੀ, ਜਾਪਾਨੀ ਜਾਂ ਅਫਰੀਕਨ ਆਦਿ ਲੋਕਾਂ ਦੇ ਨਾਂ ਅੰਗਰੇਜ਼ੀ ਰਾਹੀਂ ਜਦੋਂ ਪੰਜਾਬੀ 'ਚ ਅਨੁਵਾਦ ਹੋ ਕੇ ਪਹੁੰਚਦੇ ਹਨ ਤਾਂ ਉਹਨਾਂ ਦਾ ਰੂਪ ਵਿਗੜ ਚੁੱਕਿਆ ਹੁੰਦਾ ਹੈ। ਮਿਸਾਲ ਦੇ ਤੌਰ 'ਤੇ ਚੀਨ ਦੇ ਰਾਸ਼ਟਰਪਤੀ ਦਾ ਨਾਂ ਅੰਗਰੇਜ਼ੀ ਭਾਸ਼ਾ 'ਚ Wen Jia Bao ਲਿਖਿਆ ਜਾਂਦਾ ਹੈ। ਪੰਜਾਬੀ ਵਿਚ ਜੇਕਰ ਇਸ ਨੂੰ ਏਸੇ ਤਰ੍ਹਾਂ ਲਿਖਣਾ ਹੋਵੇ ਤਾਂ 'ਵੈਨ ਜੀਆ ਬਾਉ' ਬਣਦਾ ਹੈ। ਪਰ ਇਸ ਦਾ ਸ਼ੁਧ ਉਚਾਰਣ 'ਵੈਨ ਚੀਆ ਪਾਓ' ਹੈ। ਦੇਸ਼ਾਂ ਜਾਂ ਥਾਵਾਂ ਦੇ ਅਨੁਵਾਦ ਸਮੇਂ ਵੀ ਇਸ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜਿਵੇਂ ਸੀਰੀਆ ਦੀ ਰਾਜਧਾਨੀ ਰੋਮਨ 'ਚ Damascus ਲਿਖੀ ਜਾਂਦੀ ਹੈ ਪਰ ਇਸ ਦਾ ਸਹੀ ਉਚਾਰਨ ਦਮਿਸ਼ਕ ਹੈ। ਇਸ ਲਈ ਪੰਜਾਬੀ ਵਿਚ ਇਸ ਦਾ ਅਨੁਵਾਦ ਦਮਿਸ਼ਕ ਕੀਤਾ ਜਾਂਦਾ ਹੈ। Reuter ਨੂੰ ਪੰਜਾਬੀ ਵਿਚ ਰਾਈਟਰ ਲਿਖਿਆ ਤੇ ਬੋਲਿਆ ਜਾਂਦਾ ਹੈ। ਇਹ ਇਸ ਦਾ ਸ਼ੁੱਧ ਰੂਪ ਹੈ।



### ਨਾਂ ਦਾ ਸੰਖੇਪ ਰੂਪ :

ਅਨੁਵਾਦ ਕਰਦੇ ਸਮੇਂ ਨਾਂ ਦਾ ਸੰਖੇਪ ਰੂਪ ਕਈ ਵਾਰ ਹਾਸੋ-ਹੀਣਾ ਲਗਦਾ ਹੈ। ਖ਼ਬਰ ਲਿਖਣ ਸਮੇਂ ਬਾਰ-ਬਾਰ ਲੰਮਾ ਨਾਂ ਲਿਖਣ ਤੋਂ ਬਚਣ ਲਈ ਉਸ ਦਾ ਸੰਖੇਪ ਰੂਪ ਵਰਤ ਲਿਆ ਜਾਂਦਾ ਹੈ। ਮਿਸਾਲ ਵਜੋਂ ਅਦਾਕਾਰ ਭਗਵੰਤ ਮਾਨ ਦਾ ਖ਼ਬਰ ਦੇ ਸ਼ੁਰੂ 'ਚ ਪੂਰਾ ਨਾਂ ਲਿਖ ਕੇ ਮਗਰੋਂ ਇਕੱਲੇ ਸ੍ਰੀ ਮਾਨ ਨਾਲ ਵਾਕ ਲਿਖੇ ਜਾ ਸਕਦੇ ਹਨ। ਏਸੇ ਤਰ੍ਹਾਂ ਕਿਸੇ ਨਾਲ ਜਾਤ ਲਿਖਣ ਵਾਲੇ ਦਾ ਸੰਖੇਪ ਨਾਂ ਜਾਤੀ ਅਧਾਰਿਤ ਵੀ ਹੋ ਸਕਦਾ ਹੈ। ਜਿਵੇਂ ਸ੍ਰੀਮਤੀ ਕਲਪਨਾ ਚਾਵਲਾ ਦਾ ਸੰਖੇਪ ਰੂਪ ਸ੍ਰੀਮਤੀ ਚਾਵਲਾ ਬਣਦਾ ਹੈ। ਪਰ ਧਿਆਨ ਰਹੇ ਕਿ ਨਾਂ ਦਾ ਸੰਖੇਪ ਰੂਪ ਕਰਨ ਸਮੇਂ ਇਕੱਲੇ ਨਾਂ ਦੇ ਟੁੱਕੜੇ ਨਹੀਂ ਕੀਤੇ ਜਾ ਸਕਦੇ। ਗੁਜਰਾਤ, ਬਿਹਾਰ, ਦੱਖਣੀ ਭਾਰਤ ਦੇ ਨਾਂ ਦਾ ਸੰਖੇਪ ਰੂਪ ਬਣਾਉਣ ਲੱਗਿਆਂ ਨੇਮ ਦਾ ਖ਼ਾਸ ਧਿਆਨ ਰੱਖਣਾ ਹੁੰਦਾ ਹੈ।

### ਸੁਝਾਅ :

ਭਾਸ਼ਾ ਦੇ ਅਨੁਵਾਦ ਦਾ ਮੀਡੀਆ ਵਿਚ ਖ਼ਾਸ ਯੋਗਦਾਨ ਹੈ। ਮੀਡੀਆ ਰਾਹੀਂ ਭਾਸ਼ਾ ਬੋਲ ਕੇ ਜਾਂ ਲਿਖ ਕੇ ਪੇਸ਼ ਕੀਤੀ ਜਾਂਦੀ ਹੈ। ਇਸ ਲਈ ਅਨੁਵਾਦਕ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਸ ਦੇ ਅਨੁਵਾਦ ਵਿਚ ਤਿੰਨ ਸੱਸਿਆਂ ਭਾਵ ਸੰਜਮ, ਸਰਲਤਾ ਤੇ ਸੰਚਾਰ ਦਾ ਮਿਸ਼ਰਣ ਜ਼ਰੂਰ ਹੋਵੇ।

### ਅਭਿਆਸ :

Language – ਭਾਸ਼ਾ, Literature – ਸਾਹਿਤ, Play – ਨਾਟਕ, Brief – ਸੰਖੇਪ, Translation – ਅਨੁਵਾਦ, Example – ਉਦਾਹਰਨ, News – ਖ਼ਬਰ, Newspaper – ਅਖ਼ਬਾਰ, Magazine – ਰਸਾਲਾ, Pronounce – ਉਚਾਰਨਾ, Speak – ਬੋਲਣਾ, Publish – ਛਾਪਣਾ, Audiance – ਦਰਸ਼ਕ, Source – ਸਾਧਨ, Journalist – ਪੱਤਰਕਾਰ, Problem – ਸਮੱਸਿਆ, Headline – ਮੁੱਖ ਖ਼ਬਰ, Broadcast – ਪ੍ਰਸਾਰਨ, Live – ਸਿੱਧਾ, ਨਾਲੋ-ਨਾਲ Handbill – ਪਰਚਾ, All India Radio – ਆਕਾਸ਼ਵਾਣੀ, Audio Video – ਸ਼੍ਰਵ ਤੇ ਦ੍ਰਿਸ਼, Enternaiment – ਮਨੋਰੰਜਨ, Edit – ਸੰਪਾਦਨ, Medium – ਮਾਧਿਅਮ

## ਟਿੱਪਣੀ

ਉਪਰੋਕਤ ਪਾਠ ਵਿੱਚ ਪੰਜਾਬੀ ਭਾਸ਼ਾ, ਅਨੁਵਾਦ ਤੇ ਮੀਡੀਆ ਬਾਰੇ ਮੁੱਢਲੀ ਜਾਣਕਾਰੀ ਦਿੱਤੀ ਗਈ ਹੈ। ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਵਿੱਚ ਮੀਡੀਆ ਦੇ ਯੋਗਦਾਨ ਨੂੰ ਚਰਚਾ ਦਾ ਵਿਸ਼ਾ ਬਣਾਇਆ ਗਿਆ ਹੈ। ਅਨੁਵਾਦ ਦੀ ਪਰਿਭਾਸ਼ਾ ਤੇ ਵਿਧੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਅਨੁਵਾਦ ਕਰਨ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਤਰੀਕੇ ਵੀ ਦਰਸਾਏ ਗਏ ਹਨ। ਅਨੁਵਾਦ ਲਈ ਲੋੜੀਂਦੀ ਸ਼ਬਦਾਵਲੀ ਦੇ ਅਭਿਆਸ ਲਈ ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ ਵਾਲੀ ਸ਼ਬਦਾਵਲੀ ਦਿੱਤੀ ਗਈ ਹੈ।

## ਅਭਿਆਸ

### 1. ਦੱਸੋ ਖਾਂ ਭਲਾ :

(i) ਪੰਜਾਬੀ ਦੀਆਂ ਦੋ ਪ੍ਰਸਿੱਧ ਅਖ਼ਬਾਰਾਂ ਦੇ ਨਾਂ ਦੱਸੋ।

(ii) ਸਮਾਸੀ-ਸ਼ਬਦ ਕੀ ਹੁੰਦੇ ਹਨ ? ਉਦਾਹਰਨਾਂ ਸਹਿਤ ਸਮਝਾਉ।

(iii) ਅਨੁਵਾਦ ਦੀ ਪਰਿਭਾਸ਼ਾ ਦਿਉ।

(iv) ਅਨੁਵਾਦ ਦੀਆਂ ਸਮੱਸਿਆਵਾਂ ਉੱਪਰ ਰੌਸ਼ਨੀ ਪਾਉ।

(v) ਨਾਂ ਦਾ ਅਨੁਵਾਦ ਕਰਨ ਦੀ ਵਿਧੀ ਦੱਸੋ।

(vi) ਹੇਠਾਂ ਦਿੱਤੇ ਹੋਏ ਅੰਗਰੇਜ਼ੀ ਸ਼ਬਦਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੋ :
Language, Newspaper, Magazine, Translation, Speak

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ :

(i) ਪੰਜਾਬੀ ਦੀ ਕੋਈ ਅਖ਼ਬਾਰ ਪੜ੍ਹ ਕੇ ਸਕੂਲ ਦੀ ਅਸੈਂਬਲੀ ਵਿੱਚ ਬੋਲਣ ਲਈ ਮੁੱਖ ਖ਼ਬਰਾਂ ਤਿਆਰ ਕਰੋ।

(ii) ਅੰਗਰੇਜ਼ੀ, ਪੰਜਾਬੀ ਤੇ ਹਿੰਦੀ ਭਾਸ਼ਾ ਦੇ ਟੀ.ਵੀ. ਜਾਂ ਰੇਡੀਉ ਉੱਪਰ ਖ਼ਬਰਾਂ ਦੇ ਬੁਲੇਟਿਨ ਦੇਖ-ਸੁਣ ਕੇ ਉਨ੍ਹਾਂ ਵਿੱਚ ਵਰਤੇ ਗਏ ਮਹੱਤਵਪੂਰਨ ਸ਼ਬਦਾਂ ਦਾ ਦੂਜੇ ਵਿਦਿਆਰਥੀਆਂ ਨਾਲ ਮਿਲ ਕੇ ਅਨੁਵਾਦ ਕਰਨ ਦਾ ਅਭਿਆਸ ਕਰੋ।

(iii) ਕੀ ਤੁਹਾਨੂੰ ਪੰਜਾਬੀ ਭਾਸ਼ਾ ਦੀ ਮੁੱਢਲੀ ਜਾਣਕਾਰੀ ਹਾਸਲ ਹੈ। ਇਸ ਦੀ ਵਿਆਕਰਨ ਦਾ ਇੱਕ ਚਾਰਟ ਤਿਆਰ ਕਰੋ।

(iv) ਦੋ ਦੋਸਤਾਂ ਵਿਚਕਾਰ ਅੰਗਰੇਜ਼ੀ ਵਿੱਚ ਹੋਈ ਗੱਲਬਾਤ ਨੂੰ ਪੰਜਾਬੀ ਵਿੱਚ ਲਿਖੋ।

(v) ਸਕੂਲ ਵਿੱਚ ਹੋਏ ਸਾਲਾਨਾ ਸਮਾਰੋਹ ਦੀ ਰਿਪੋਰਟ ਨੂੰ ਪੰਜਾਬੀ ਤੇ ਅੰਗਰੇਜ਼ੀ ਵਿੱਚ ਲਿਖੋ।

### ਅ. ਪਾਠ ਦੇ ਆਧਾਰ 'ਤੇ ਠੀਕ ( ✔ ) ਜਾਂ ਗ਼ਲਤ ( ✖ ) ਦਾ ਨਿਸ਼ਾਨ ਬਣਾਉ :

(i) ਅਨੁਵਾਦ ਕਰਨ ਦੀ ਸਮੱਸਿਆ ਕੋਈ ਗੰਭੀਰ ਮਸਲਾ ਨਹੀਂ ਹੈ। ☐

(ii) ਅਨੁਵਾਦ ਦਾ ਕੰਮ ਪਾਠ ਦਾ ਅਰਥ ਪਰਿਵਰਤਨ ਹੁੰਦਾ ਹੈ। ☐

(iii) ਅੰਗਰੇਜ਼ੀ ਤੇ ਹਿੰਦੀ ਭਾਸ਼ਾਵਾਂ ਦਾ ਪ੍ਰਭਾਵ ਵਧ ਚੁੱਕਿਆ ਹੈ। ☐

(iv) 'ਨਾਂ' ਇਕ ਵਾਰੀ ਪੂਰਾ ਲਿਖਣ ਮਗਰੋਂ ਸੰਖੇਪ ਵਿੱਚ ਲਿਖਿਆ ਜਾ ਸਕਦਾ ਹੈ। ☐

(v) ਅਨੁਵਾਦ ਸਮੇਂ ਅਯੋਗ ਸ਼ਬਦਾਵਲੀ ਦੀ ਵਰਤੋਂ ਕਰਨੀ ਚਾਹੀਦੀ ਹੈ। ☐

**ੲ. ਖਾਲੀ ਥਾਵਾਂ ਭਰੋ :**

| | |
|---|---|
| ਗੰਭੀਰ | ਐਂਕਰ |
| ਰੁਜ਼ਗਾਰ | |
| ਅਨੁਵਾਦ | ਸੰਖੇਪ |

(i) ਇਕ ਭਾਸ਼ਾ ਤੋਂ ਦੂਜੀ ਭਾਸ਼ਾ ਵਿਚ ਉਲਥਾਉਣ ਨੂੰ ... ਆਖਦੇ ਹਨ।

(ii) ਅਨੁਵਾਦ ਨੇ ... ਦਾ ਰੂਪ ਧਾਰ ਲਿਆ ਹੈ।

(iii) ਅਨੁਵਾਦ ਦੀ ਸਮੱਸਿਆ ਇਕ ... ਚੁਣੌਤੀ ਹੈ।

(iv) ਖ਼ਬਰਾਂ ਬੋਲਣ ਵਾਲੇ ... ਅਕਸਰ ਗਲਤੀ ਕਰ ਜਾਂਦੇ ਹਨ।

(v) ਨਾਂ ਦੇ ਅਨੁਵਾਦ ਸਮੇਂ ਉਸ ਦਾ ... ਰੂਪ ਵੀ ਵਰਤ ਲਿਆ ਜਾਂਦਾ ਹੈ।

**ਸ. ਜੋੜੇ ਬਣਾਉ :**

| | | |
|---|---|---|
| (i) | ਮੁੱਖ ਖ਼ਬਰ | Translation |
| (ii) | ਰਸਾਲਾ | Handbill |
| (iii) | ਅਨੁਵਾਦ | Head Line |
| (iv) | ਪਰਚਾ | Magazine |

**ਹ. 'ਅਖ਼ਬਾਰ' ਪ੍ਰਿੰਟ ਮੀਡੀਆ ਦਾ ਹਿੱਸਾ ਹੈ। ਪ੍ਰਿੰਟ ਮੀਡੀਆ ਵਿਚ ਹੋਰ ਕੀ-ਕੀ ਆਉਂਦਾ ਹੈ?**

... ... ... ... ... ... ... ...

**ਕ. ਜਿਵੇਂ 'ਟੀ.ਵੀ. ਨੂੰ ਵੇਖਿਆ ਜਾਂਦਾ ਹਾਂ' ਬੋਲਿਆ ਜਾਂਦਾ ਹੈ। ਹੇਠ ਲਿਖਿਆਂ ਨੂੰ ਕੀ ਬੋਲਾਂਗੇ ?**

(i) ਰੇਡੀਓ ...

(ii) ਅਖ਼ਬਾਰ ...

**ਖ. ਅੰਗਰੇਜ਼ੀ ਵਿਚ ਅਨੁਵਾਦ ਕਰੋ :**

(i) ਅਮਰੀਕੀ ਰਾਸ਼ਟਰਪਤੀ ਨੇ ਭਾਰਤ ਦੀ ਹਮਾਇਤ ਕੀਤੀ ਹੈ।

... ... ... ... ... ... ... ...

(ii) ਸਚਿਨ ਤੇਂਦੁਲਕਰ ਭਾਰਤੀ ਕ੍ਰਿਕਟ ਦਾ ਸਿਰਤਾਜ ਹੈ।

... ... ... ... ... ... ... ...

(iii) ਪੰਜਾਬ ਪੰਜ ਦਰਿਆਵਾਂ ਦੀ ਧਰਤੀ ਹੈ।

... ... ... ... ... ... ... ...

(iv) ਹਰੇਕ ਵਿਅਕਤੀ ਨੂੰ ਆਪਣੀ ਮਾਂ-ਬੋਲੀ ਵਿਚ ਗੱਲ ਕਰਨੀ ਚਾਹੀਦੀ ਹੈ।

... ... ... ... ... ... ... ...

(v) ਵਿਦਿਆਰਥੀਆਂ ਨੇ ਰਲ ਕੇ ਖੇਡ ਖੇਡੀ।

... ... ... ... ... ... ... ...

# ਗੱਪ ਬਾਜ਼

## ਪਿਆਰਾ ਸਿੰਘ ਦਾਤਾ

### ਸ਼ਖ਼ਸੀਅਤ ਤੇ ਰਚਨਾ



ਪਿਆਰਾ ਸਿੰਘ ਦਾਤਾ ਦਾ ਜਨਮ 15 ਜੁਲਾਈ, 1910 ਨੂੰ ਪਿੰਡ ਦਾਤਾਭੱਟ, ਜ਼ਿਲ੍ਹਾ ਰਾਵਲਪਿੰਡੀ (ਹੁਣ ਪਾਕਿਸਤਾਨ ਵਿਚ) ਵਿਖੇ ਪਿਤਾ ਰਾਮ ਸਿੰਘ ਦੇ ਘਰ ਮਾਤਾ ਆਤਮ ਕੌਰ ਦੀ ਕੁੱਖੋਂ ਹੋਇਆ। ਉਨ੍ਹਾਂ ਨੂੰ ਹਾਸ-ਵਿਅੰਗ ਦਾ ਬਾਦਸ਼ਾਹ ਕਿਹਾ ਜਾਂਦਾ ਹੈ। ਜਿੱਥੇ ਉਨ੍ਹਾਂ ਦਾ ਵਿਅੰਗ ਕੁਤ-ਕੁਤਾਰੀਆਂ ਕੱਢਦਾ ਹੈ, ਢਿੱਡੀਂ ਪੀੜਾਂ ਪਾਉਂਦਾ ਹੈ, ਉੱਥੇ ਗੁਰਬਤ, ਵਗਾਰ, ਮਜ਼ਬੂਰੀ ਅਤੇ ਸਮਾਜ ਦੀ ਸੱਚੀ ਤਸਵੀਰ ਖਿੱਚ ਕੇ ਸੋਚਣ ਲਈ ਮਜ਼ਬੂਰ ਵੀ ਕਰਦਾ ਹੈ। ਉਨ੍ਹਾਂ ਦੀਆਂ ਰਚਨਾਵਾਂ ਹਨ—ਹਾਸ-ਵਿਅੰਗ, ਜੀਵਨੀਆਂ, ਇਤਿਹਾਸ, ਸਫ਼ਰਨਾਮਾ ਸਾਹਿਤ, ਅਨੁਵਾਦ ਅਤੇ ਬਾਲ ਸਾਹਿਤ ਆਦਿ। ਉਨ੍ਹਾਂ ਨੇ 'ਸਫਲਤਾ' ਅਤੇ 'ਨਵਾਂ ਸਾਹਿਤ' ਰਸਾਲਿਆਂ ਦੇ ਸੰਪਾਦਕ ਦੀ ਭੂਮਿਕਾ ਵੀ ਨਿਭਾਈ। ਇਸ ਤੋਂ ਇਲਾਵਾ ਉਨ੍ਹਾਂ ਨੇ ਅਨੇਕਾਂ ਪੁਸਤਕਾ ਦੀ ਸੰਪਾਦਨਾ ਵੀ ਕੀਤੀ ਹੈ।

### ਗੱਪ ਬਾਜ਼

ਬਟੇਰ ਬਾਜ਼, ਮੁਰਗ ਬਾਜ਼, ਕਬੂਤਰ ਬਾਜ਼ ਤੇ ਪਤੰਗ ਬਾਜ਼ ਵਾਂਗ, ਗੱਪ ਬਾਜ਼ ਵੀ ਸਾਡੇ ਸਮਾਜ ਵਿਚ ਆਪਣੀ ਵਿਸ਼ੇਸ਼ ਥਾਂ ਰਖਦਾ ਹੈ।

ਗੱਪ ਬਾਜ਼ ਹਰ ਘੜੀ ਸਾਡੇ ਅੱਗੇ ਪਿੱਛੇ ਮੰਡਲਾਂਦਾ ਰਹਿੰਦਾ ਹੈ। ਉਹ ਹਰ ਗਲੀ ਮਹੱਲੇ, ਪਿੰਡ-ਪਿੰਡ, ਸ਼ਹਿਰ, ਮਸਜਦ ਮੰਦਰ ਤੇ ਸਭਾ ਸੋਸਾਇਟੀਆਂ ਵਿਚ ਮੌਜੂਦ ਰਹਿੰਦਾ ਹੈ। ਅੱਜ ਵੀਹਵੀਂ ਸਦੀ ਵਿਚ ਤਾਂ ਕੋਈ ਬਸ਼ਰ ਵੀ ਇਹ ਕਹਿਣ ਦੀ ਦਲੇਰੀ ਨਹੀਂ ਕਰ ਸਕਦਾ ਕਿ ਗੱਪ ਬਾਜ਼ ਦੇ ਉਸ ਨੂੰ ਕਦੀ ਦਰਸ਼ਨ ਨਹੀਂ ਹੋਏ।

ਗੱਪ ਬਾਜ਼ ਲਗਭਗ ਆਪ ਬੇਕਾਰ ਰਹਿੰਦਾ ਹੈ, ਪਰ ਗੱਲਾਂ ਉਹ ਤਕੜੇ ਕਾਰੋਬਾਰੀਆਂ ਤੇ ਸੇਠਾਂ ਵਾਲੀਆਂ ਕਰਦਾ ਹੈ। ਆਪ ਉਸ ਕਦੀ ਬਿੱਲੀ ਵੀ ਨਹੀਂ ਮਾਰੀ ਹੁੰਦੀ, ਪਰ ਉਹ

**ਔਖੇ ਸ਼ਬਦਾਂ ਦੇ ਅਰਥ**

ਮੰਡਲਾਂਦਾ :ਘੁੰਮਦਾ
ਬਸ਼ਰ :ਆਦਮੀ, ਬੰਦਾ
ਦਲੇਰੀ :ਬਹਾਦਰੀ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਸ਼ੇਖਚਿੱਲੀ | :ਗੱਪਾਂ ਮਾਰਨ ਵਾਲਾ |
| ਮਸ਼ਵਰਾ | :ਸਲਾਹ |
| ਬੋਹੜਾਂ | :ਦਰਖ਼ਤ |
| ਚੇਤੰਨ | :ਸੁਚੇਤ ਹੋਣਾ |
| ਥਾਂ ਰੱਖਿਆ | :ਢੇਰ ਕਰ ਦਿੱਤਾ |



ਆਪਣੇ ਆਪ ਨੂੰ ਸ਼ੇਰਾਂ ਦਾ ਸ਼ਿਕਾਰੀ ਦਰਸਾਂਦਾ ਹੈ। ਜ਼ਮੀਨ ਅਸਮਾਨ ਦੇ ਕਲਾਵੇ ਮਿਲਾਣ ਵਿਚ ਉਹ ਸ਼ੇਖਚਿੱਲੀ ਦਾ ਬਾਪ ਹੈ। ਗੱਲ-ਗੱਲ ਵਿਚ ਉਹ ਬੜੀਆਂ ਵੱਡੀਆਂ ਹਸਤੀਆਂ ਦੇ ਹਵਾਲੇ ਦੇਵੇਗਾ। ਆਪਣੇ ਪਿੰਡੋਂ, ਸ਼ਹਿਰੋਂ ਜਾਂ ਦੇਸ਼ ਤੋਂ ਕਦੀ ਉਹ ਬਾਹਰ ਨਿਕਲਿਆ ਨਹੀਂ ਹੁੰਦਾ, ਪਰ ਗੱਲਾਂ ਬਾਤਾਂ ਵਿਚ ਉਹ ਜ਼ਿਕਰ ਜਰਮਨੀ, ਰੂਸ ਤੇ ਅਮਰੀਕਾ ਦਾ ਕਰੇਗਾ। ਮਿਲਿਆ ਕਦੀ ਉਹ ਆਪਣੇ ਦੇਸ਼ ਦੇ ਛੋਟੇ-ਮੋਟੇ ਲੀਡਰ ਨੂੰ ਵੀ ਨਹੀਂ ਹੁੰਦਾ, ਪਰ ਜ਼ਾਹਿਰ ਕਰੇਗਾ, ਕਿ "ਫਲਾਣੇ ਸਮੇਂ ਮੈਥੋਂ ਪ੍ਰਧਾਨ ਮੰਤਰੀ ਨੇ ਮਸ਼ਵਰਾ ਮੰਗਿਆ ਸੀ। ਸਟਾਲਿਨ ਨੂੰ ਮਿਲਣ ਸਮੇਂ ਮੈਂ ਉਸ ਨੂੰ ਯੋਗਤਾ ਨਾਲ ਹਕੂਮਤ ਚਲਾਉਣ ਦੀਆਂ ਕਈ ਤਜਵੀਜ਼ਾਂ ਦੱਸੀਆਂ ਹਨ। ਰਾਸ਼ਟਰਪਤੀ ਨਾਲ ਚਾਹ ਪੀਣ ਸਮੇਂ ਮੈਂ ਉਨ੍ਹਾਂ ਨੂੰ ਉਪਨਿਸ਼ਦਾਂ ਬਾਰੇ ਆਪਣੀ ਵਾਕਫ਼ੀ ਦੱਸੀ, ਤਾਂ ਉਹ ਝੂਮ ਉੱਠੇ।"

ਲੇਖਕ ਨੂੰ ਪਹਿਲੀ ਵਾਰ ਗੱਪ ਬਾਜ਼ ਦੇ ਦਰਸ਼ਨ ਇਕ ਪਿੰਡ ਦੀ ਮਹਿਫ਼ਲ ਵਿਚ ਹੋਏ ਸਨ। ਪਿੰਡਾਂ ਵਿਚ ਆਮ ਕਰਕੇ ਖਾਣ ਪੀਣ ਤੋਂ ਵਿਹਲਿਆਂ ਹੋ ਕੇ ਲੋਕੀ ਬੋਹੜਾਂ ਦੀ ਛਾਵੇਂ ਆ ਬੈਠਦੇ ਹਨ। ਉੱਥੇ ਹੀ ਉਹ ਤਾਸ਼, ਚੌਪਟ, ਸ਼ਤਰੰਜ ਆਦਿ ਖੇਡਦੇ ਜਾਂ ਪਿੰਡ, ਸ਼ਹਿਰ, ਸੂਬੇ ਅਰ ਮੁਲਕ ਬਾਰੇ ਇਕ ਦੂਜੇ ਤੋਂ ਵਾਕਫ਼ੀ ਪ੍ਰਾਪਤ ਕਰਦੇ ਹਨ। ਗੱਪ ਬਾਜ਼ ਇਨ੍ਹਾਂ ਮਹਿਫ਼ਲਾਂ ਵਿਚ ਬੜੀ ਸ਼ਾਨ ਨਾਲ ਬਿਰਾਜਮਾਨ ਹੁੰਦਾ ਹੈ। ਵਿਚਾਰੇ ਅਨਪੜ੍ਹ ਪੇਂਡੂ ਕਿਸਾਨ ਉਸ ਦੀਆਂ ਗੱਲਾਂ ਬੜੇ ਧਿਆਨ ਨਾਲ ਸੁਣਦੇ ਹਨ।

ਉਸ ਮਹਿਫ਼ਲ ਵਿਚ ਉਹ ਕਹਿ ਰਿਹਾ ਸੀ, "ਪਿਛਲੇ ਸਾਲ ਮੈਂ ਸ਼ਿਮਲੇ ਦੇ ਘਣੇ ਜੰਗਲਾਂ ਵਿਚ ਇਕ ਪਹਾੜੀ ਦੀ ਚੋਟੀ 'ਤੇ ਬੈਠਾ ਸਾਂ, ਕਿ ਇਕ ਪਾਸਿਉਂ ਮੈਨੂੰ ਕਿਸੇ ਜੰਗਲੀ ਜਾਨਵਰ ਦੇ ਗੁਰਾਣ ਦੀ ਆਵਾਜ਼ ਆਈ। ਮੈਂ ਆਪਣੀ ਲਾਠੀ ਸੰਭਾਲ ਕੇ ਚੇਤੰਨ ਹੋ ਖੜੋ ਗਿਆ। ਦੂਰ ਨੀਝ ਲਾ ਕੇ ਵੇਖਿਆ, ਤਾਂ ਇਕ ਜੰਗਲੀ ਸ਼ੇਰ ਤੇ ਸ਼ੇਰਨੀ ਦਾ ਜੋੜਾ ਨਜ਼ਰ ਆਇਆ। ਉਹ ਆਪੋ ਵਿਚ ਪੈਲਾਂ ਪਾਉਂਦੇ ਨੱਚਦੇ-ਟੱਪਦੇ ਮੇਰੇ ਵੱਲ ਚਲੇ ਆ ਰਹੇ ਸਨ। ਸਰੀਰ ਉਨ੍ਹਾਂ ਦੇ ਇੰਨੇਂ ਮਜ਼ਬੂਤ ਤੇ ਕੱਦ ਦੇ ਇੰਨੇਂ ਉੱਚੇ ਕਿ ਦੂਰੋਂ ਉਹ ਹਾਥੀ ਨਜ਼ਰ ਆਉਂਦੇ ਸਨ। ਉਹ ਮੇਰੇ ਨੇੜੇ ਆ ਕੇ ਖੜੋ ਗਏ ਪਰ ਮੈਂ ਬਿਲਕੁਲ ਨਾ ਡਰਿਆ। ਮੈਨੂੰ ਵੇਖਦਿਆਂ ਸਾਰ ਉਨ੍ਹਾਂ ਮੇਰੇ 'ਤੇ ਇਕ ਮਿਲਵਾਂ ਹੱਲਾ ਬੋਲਿਆ। ਮੈਂ ਇਕ ਵੱਡੇ ਸਾਰੇ ਦਰੱਖ਼ਤ ਦੇ ਪਿੱਛੇ ਪੁਜ਼ੀਸ਼ਨ ਸੰਭਾਲ ਲਈ। ਦੋ ਗਜ਼ ਲੰਬੀ ਡਾਂਗ ਮੇਰੇ ਹੱਥ ਵਿਚ ਸੀ, ਜਿਉਂ ਹੀ ਸੂਤ ਕੇ ਮਾਰੀ ਕਿ ਪਹਿਲੇ ਵਾਰ ਨਾਲ ਹੀ ਸ਼ੇਰ ਦੂਰ ਜਾ ਪਿਆ। ਆਪਣੇ ਪ੍ਰੀਤਮ ਦੀ ਇਹ ਗਤ ਵੇਖ ਸ਼ੇਰਨੀ ਗੁੱਸਾ ਖਾ ਕੇ ਅੱਗੇ ਵਧੀ, ਪਰ ਉਸ ਨੂੰ ਵੀ ਮੈਂ ਇਕੋ ਵਾਰ ਨਾਲ ਥਾਂ ਰੱਖਿਆ। ਬਸ ਘੜੀਆਂ ਪਲਾਂ ਵਿਚ ਦੋ ਲਾਸ਼ਾਂ ਇਕ ਦੂਜੇ 'ਤੇ ਡਿਗੀਆਂ ਮੇਰੇ ਸਾਹਮਣੇ ਤੜਪ ਰਹੀਆਂ ਸਨ।"

ਮੈਂ ਵੇਖਿਆ, ਕਿ ਜਦੋਂ ਗੱਪ ਬਾਜ਼, ਪੇਂਡੂਆਂ ਦੀ ਮਹਿਫ਼ਲ ਵਿਚ ਆਪਣੀ ਬਹਾਦਰੀ ਦੀਆਂ ਡੀਗਾਂ ਮਾਰ ਰਿਹਾ ਸੀ, ਤਾਂ ਸੁਣਨ ਵਾਲੇ ਅਸ਼-ਅਸ਼ ਕਰ ਰਹੇ ਸਨ। ਉਸ ਸਮੇਂ ਗੱਪੀ ਮਹਾਰਾਜ ਦੀਆਂ ਅੱਖਾਂ ਚਮਕ ਰਹੀਆਂ ਸਨ। ਉਸ ਨੇ ਆਪਣੀ ਕਥਾ ਜਾਰੀ ਰਖੀ :

"ਸ਼ੇਰ ਤੇ ਸ਼ੇਰਨੀ ਦੋਹਾਂ ਨੂੰ ਉੱਥੇ ਹੀ ਛੱਡ ਮੈਂ ਅੱਗੇ ਤੁਰ ਪਿਆ। ਰਾਹ ਵਿਚ ਮੈਂ ਇਕ

ਅਜੀਬ ਜਿਹਾ ਜੰਗਲੀ ਜਾਨਵਰ ਵੇਖਿਆ। ਬਈ ਕੀ ਦੱਸਾਂ ਕਿ ਉਹ ਕਿੰਨਾ ਉੱਚਾ ਸੀ। ਉਸ ਦਾ ਸਿਰ ਅਸਮਾਨ ਨੂੰ ਛੂੰਹਦਾ ਸੀ ਤੇ ਪੈਰ ਉਸ ਦੇ ਧਰਤੀ 'ਤੇ ਸਨ।"



ਮੈਂ ਗੱਪੀ ਦੇ ਪਿੱਛੇ ਬੈਠਾ ਸਾਂ ਤੇ ਉਸ ਦਾ ਚੰਗੀ ਤਰ੍ਹਾਂ ਵਾਕਫ਼ ਸਾਂ। ਉਸ ਦੀ ਪਿੱਠ 'ਤੇ ਮੈਂ ਆਪਣਾ ਹੱਥ ਫੇਰਿਆ, ਜਿਸ ਦਾ ਭਾਵ ਸੀ ਕਿ ਇੰਨੀ ਵੱਡੀ ਗੱਪ ਹੱਕਣੀ ਠੀਕ ਨਹੀਂ। ਉਹ ਮੇਰਾ ਇਸ਼ਾਰਾ ਸਮਝ ਗਿਆ ਤੇ ਆਪਣੇ ਬਿਆਨ ਨੂੰ ਦਰੁੱਸਤ ਕਰਦਿਆਂ ਹੋਇਆਂ ਬੋਲਿਆ, "ਹਾਂ ਸੱਚੀ, ਉਸ ਦੇ ਪੈਰ ਤਾਂ ਧਰਤੀ 'ਤੇ ਸਨ, ਪਰ ਸਿਰ ਉਸ ਦਾ ਅੱਧ ਅਸਮਾਨ 'ਤੇ ਜਾ ਪਹੁੰਚਦਾ ਸੀ।"

ਮੈਂ ਫਿਰ ਇਸ਼ਾਰਾ ਕੀਤਾ, ਤਾਂ ਉਹ ਬੋਲਿਆ, "ਹਾਂ ਬਈ ਪੈਰ ਤਾਂ ਉਸ ਦੇ ਧਰਤੀ ਨਾਲ ਲੱਗਦੇ ਸਨ, ਪਰ ਸਿਰ ਉਸ ਦਾ ਚੌਥਾਈ ਅਸਮਾਨ ਤੀਕ ਪਹੁੰਚਦਾ ਸੀ।" ਮੈਂ ਫਿਰ ਉਸ ਦਾ ਪੈਰ ਦਬਾਇਆ, ਤਾਂ ਉਹ ਮੇਰੇ ਵੱਲ ਮੂੰਹ ਕਰਕੇ ਕਹਿਣ ਲੱਗਾ, "ਰਮਤਿਆ ! ਹੁਣ ਦੱਸ ਇਸ ਤੋਂ ਵੀ ਘੱਟ ਮੈਂ ਕੀ ਉਸ ਦਾ ਕੱਦ ਬਿਆਨ ਕਰਾਂ, ਤੂੰ ਤਾਂ ਮੈਨੂੰ ਖਾ ਹੀ ਲਥਾ ਏਂ।"

ਮੈਂ ਉਸ ਅੱਗੇ ਸਿਰ ਨਿਵਾ ਕੇ ਉੱਥੋਂ ਤੁਰ ਆਇਆ, ਤਾਂ ਪਤਾ ਲੱਗਾ ਕਿ ਮੇਰੇ ਪਿੱਛੋਂ ਬੋਹੜ ਮੁਢ ਬੈਠੇ ਇਕ ਆਦਮੀ ਨੂੰ ਇਕ ਸੱਪ ਦਾ ਬੱਚਾ ਨਜ਼ਰ ਆਇਆ। ਉਸ ਨੇ ਸ਼ੋਰ ਮਚਾਇਆ ਤਾਂ ਸਾਰੇ ਕੱਠੇ ਹੋ ਕੇ ਗਏ ਤੇ ਘੜੀਆਂ ਪਲਾਂ ਵਿਚ ਉਨ੍ਹਾਂ ਨੇ ਸੱਪ ਨੂੰ ਮਾਰ ਕੇ ਬਿੱਲੇ ਲਾ ਦਿੱਤਾ।

ਪਿੱਛੋਂ ਲੋਕਾਂ ਵੇਖਿਆ ਕਿ ਸ਼ੇਰਾਂ ਦੇ ਸ਼ਿਕਾਰੀ ਗੱਪ ਬਾਜ਼ ਦਾ ਸੱਪ ਦਾ ਨਾਂ ਸੁਣ ਕੇ ਹੀ ਲਹੂ ਸੁੱਕ ਗਿਆ ਸੀ ਤੇ ਉਹ ਉਸੇ ਵੇਲੇ ਚੰਪਤ ਹੋ ਗਿਆ ਸੀ।

ਇਹ ਸ਼੍ਰੇਣੀ ਦੂਰ-ਦੂਰ ਤੱਕ ਫੈਲੀ ਹੋਈ ਹੈ। ਕਿਹਾ ਜਾਂਦਾ ਹੈ, ਕਿ ਇਨ੍ਹਾਂ ਦਾ ਵਡੇਰਾ ਭੌਂਦੂ ਮੱਲ ਸੀ। ਭੌਂਦੂ ਬੜਾ ਭਾਰੀ ਗੱਪੀ ਸੀ। ਉਸ ਦੇ ਦੋ ਪੁੱਤਰ ਸਨ—ਨਿਹਾਲਾ ਤੇ ਗੁਪਾਲਾ। ਇਹ ਦੋਵੇਂ ਪਿਉ ਦੇ ਵੀ ਕੰਨ ਕੁਤਰਦੇ ਸਨ।

ਇਕ ਵਾਰੀ ਭਰੀ ਮਹਿਫ਼ਲ ਵਿਚ ਇਹ ਦੋਵੇਂ ਗੱਪਾਂ ਹੱਕ ਰਹੇ ਸਨ। ਨਿਹਾਲਾ ਕਹਿ ਰਿਹਾ ਸੀ, "ਸਾਡੇ ਬਾਪੂ ਪਾਸ ਕਈ ਹਜ਼ਾਰ ਮੱਝਾਂ ਸਨ। ਉਹ ਮੱਝਾਂ ਨੂੰ ਸਵੇਰ ਤੋਂ ਸ਼ਾਮ ਤੀਕ ਇਕ ਵੱਡੇ ਸਾਰੇ ਤਲਾਬ ਵਿਚ ਚੋਂਦਾ ਰਹਿੰਦਾ ਸੀ ਤੇ ਲੋਕੀਂ ਬਾਲਟੀਆਂ ਭਰ-ਭਰ ਸਾਰਾ ਦਿਨ ਦੁੱਧ ਆਪਣੇ ਘਰੀਂ ਲਿਜਾਂਦੇ ਰਹਿੰਦੇ ਸਨ, ਫਿਰ ਵੀ ਤਲਾਬ ਹਰ ਵਕਤ ਭਰਿਆ ਹੀ ਰਹਿੰਦਾ ਸੀ।

"ਸਾਡੇ ਬਾਪੂ ਨੇ ਇਕ ਵੱਡੀ ਸਾਰੀ ਖੁਰਲੀ ਬਣਾਈ ਹੋਈ ਸੀ। ਉਹ ਦਿੱਲੀ ਤੋਂ ਲੈ ਕੇ ਵਾਸ਼ਿੰਗਟਨ (ਅਮਰੀਕਾ) ਤੀਕ ਲੰਬੀ ਸੀ। ਉਸ ਅੱਗੇ ਮੱਝਾਂ ਬੰਨ੍ਹੀਆਂ ਰਹਿੰਦੀਆਂ ਸਨ ਤੇ ਉਹ ਆਪਣਾ ਚਾਰਾ ਖਾਂਦੀਆਂ ਰਹਿੰਦੀਆਂ ਸਨ।"

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਦਰੁੱਸਤ | :ਠੀਕ ਕਰਨਾ |
| ਚੰਪਤ ਹੋ ਗਿਆ | :ਦੌੜ ਗਿਆ |
| ਚੋਂਦਾ | :ਦੁੱਧ ਕੱਢਣਾ |
| ਖੁਰਲੀ | :ਪਸ਼ੂ ਦੇ ਚਾਰਾ ਖਾਣ ਵਾਲੀ ਥਾਂ |

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਨੇਜ਼ਾ | :ਭਾਲਾ |
| ਯਬਲ | :ਮੂਰਖ |
| ਇਤਫ਼ਾਕ | :ਏਕਾ |
| ਲਾਟ | :ਗਵਰਨਰ |



ਗੁਪਾਲਾ ਬੋਲਿਆ, "ਉਏ ਬਸ ਕਰ ਗੱਪੀਆ, ਤੇਰੇ ਬਾਪੂ ਦਾ ਸਾਡੇ ਬਾਪੂ ਨਾਲ ਕੀ ਟਾਕਰਾ ? ਸਾਡੇ ਬਾਪੂ ਕੋਲ ਧਰਤੀ ਤੋਂ ਅਕਾਸ਼ ਤੀਕ ਲੰਮਾ ਨੇਜ਼ਾ ਸੀ। ਜਦੋਂ ਕਦੀ ਦੇਸ਼ ਵਿਚ ਬਾਰਸ਼ ਦੀ ਲੋੜ ਭਾਸਦੀ, ਲੋਕੀਂ ਬਾਪੂ ਦੇ ਚਰਨੀਂ ਆਣ ਡਿਗਦੇ। ਤੇ ਬਾਪੂ ਉਨ੍ਹਾਂ 'ਤੇ ਤਰਸ ਖਾ ਕੇ ਆਪਣਾ ਨੇਜ਼ਾ ਅਸਮਾਨ 'ਤੇ ਬੱਦਲਾਂ ਵਿਚ ਖਭੋ ਦਿੰਦਾ। ਬਸ ਫਿਰ ਕੀ ਹੁੰਦਾ, ਛਿਨਾਂ ਪਲਾਂ ਵਿਚ ਵਰਖਾ ਹੋ ਜਾਂਦੀ ਤੇ ਸੁੱਕੇ ਖੇਤ ਹਰੇ ਭਰੇ ਹੋ ਜਾਂਦੇ।"

ਵਿਚੋਂ ਨਿਹਾਲਾ ਟੋਕਦਾ, "ਬਸ ਕਰ ਓਏ ਯਬਲਾ, ਜੇ ਇਡਾ ਵੱਡਾ ਤੇਰੇ ਪਿਉ ਪਾਸ ਨੇਜ਼ਾ ਸੀ, ਤਾਂ ਉਹ ਰਖਦਾ ਕਿੱਥੇ ਸੀ ?"

ਗੁਪਾਲਾ ਅੱਗੋਂ ਤੁਰੰਤ ਉਤਰ ਦੇਂਦਾ, "ਤੇਰੇ ਪਿਉ ਦੀ ਖੁਰਲੀ ਵਿਚ।"

ਤੇ ਬਸ ਸੁਣਨ ਵਾਲਿਆਂ ਨੂੰ ਦੋਹਾਂ ਦੀਆਂ ਗੱਪਾਂ 'ਤੇ ਇਕਦਮ ਵਿਸ਼ਵਾਸ ਆ ਜਾਂਦਾ।

ਲਾਲ ਕਿਲ੍ਹੇ ਦਿੱਲੀ ਬਾਰੇ ਉਹ ਦੋਵੇਂ ਇਉਂ ਬਿਆਨ ਦੇਂਦੇ :

"ਲਾਲ ਕਿਲ੍ਹਾ ਪਤਾ ਜੇ ਦਿੱਲੀ ਕਿਵੇਂ ਪੁੱਜਾ ? ਅਜ ਤੋਂ ਦੋ ਸੌ ਸਾਲ ਪਹਿਲਾਂ ਇਹ ਕਿਲ੍ਹਾ ਗੋਲ ਕੰਡੇ ਦੀਆਂ ਪਹਾੜੀਆਂ 'ਤੇ ਖੜੋਤਾ ਸੀ। ਸਾਡੇ ਪਿਤਾ ਭੌਂਦੂ ਤੇ ਚਾਚਿਆਂ—ਲੱਛੂ ਰਾਮ, ਮਿਰਜ਼ੇ ਤੇ ਦੀਨੇ ਨੇ ਇਸ ਦੀਆਂ ਚੌਹਾਂ ਨੁੱਕਰਾਂ ਨਾਲ ਚਾਰ ਹਾਥੀ ਕੱਸ ਕੇ ਬੰਨ੍ਹ ਦਿੱਤੇ। ਇਸ ਪਿੱਛੋਂ ਉਨ੍ਹਾਂ ਹਾਥੀਆਂ ਪੁਰ ਚੌਹਾਂ ਪਾਸੇ ਸਾਡੇ ਪਿਤਾ ਜੀ ਤੇ ਚਾਚਿਆਂ ਨੇ ਹੱਲਾ ਬੋਲ ਦਿੱਤਾ। ਅੱਗੇ-ਅੱਗੇ ਇਹ ਹਾਥੀ ਕਿਲ੍ਹੇ ਨੂੰ ਧਰੀਕੀ ਆ ਰਹੇ ਸਨ ਤੇ ਪਿੱਛੇ-ਪਿੱਛੇ ਇਹ ਪੰਜੇ ਭਾਈ ਘੋੜਿਆਂ 'ਤੇ ਚੜ੍ਹੇ ਹੱਲਾ ਕਰ ਰਹੇ ਸਨ। ਬਸ ਉਨ੍ਹਾਂ ਹਾਥੀਆਂ ਨੇ ਜਮਨਾ ਕਿਨਾਰੇ ਕਿਲ੍ਹਾ ਆਣ ਟਿਕਾਇਆ ਤੇ ਆਪ ਅੱਲ੍ਹਾ ਨੂੰ ਪਿਆਰੇ ਹੋ ਗਏ।

"ਪੰਜਾਂ ਭਾਈਆਂ ਨੇ ਹਾਥੀਆਂ ਦੇ ਰੱਸੇ ਖੋਲ੍ਹ ਕੇ ਉਨ੍ਹਾਂ ਨੂੰ ਧਰੀਕ ਕੇ ਜਮਨਾ ਵਿਚ ਸੁੱਟਿਆ, ਇਸ ਤਰ੍ਹਾਂ ਇਹ ਕਿਲ੍ਹਾ ਮੁਗ਼ਲਾਂ ਦੇ ਹਵਾਲੇ ਕੀਤਾ।"

ਦੋਵੇਂ ਗੱਪ ਬਾਜ਼ ਉਪਰ ਦਾ ਕਾਰਨਾਮਾ ਖ਼ਤਮ ਕਰਦੇ, ਤਾਂ ਸਰੋਤਾ ਗਣ ਵਾਹ-ਵਾਹ ਕਰ ਉੱਠਦੇ।

ਕਿਹਾ ਜਾਂਦਾ ਹੈ ਕਿ ਅੱਜ ਦੇ ਗੱਪੀ, ਭੌਂਦੂ ਦੀ ਹੀ ਔਲਾਦ ਹਨ। ਇਨ੍ਹਾਂ ਲੋਕਾਂ ਵਿਚ ਬੜਾ ਭਾਰੀ ਇਤਫ਼ਾਕ ਹੈ, ਤੇ ਵਕਤ ਕੁਵਕਤ ਇਹ ਆਪਣੇ ਭਾਈਬੰਦਾਂ ਦੀ ਬੜੀ ਮਦਦ ਕਰਦੇ ਹਨ। ਵਿਆਹ ਸ਼ਾਦੀਆਂ ਅਰ ਮਰਨੇ ਪਰਨਿਆਂ ਤੇ ਇਨ੍ਹਾਂ ਦਾ ਆਮ ਮੇਲ ਹੁੰਦਾ ਹੈ ਤੇ ਇਨ੍ਹਾਂ ਮਹਾਨ ਸਮਾਗਮਾਂ 'ਤੇ ਉਹ ਆਪਣੀ ਸਿਆਣਪ ਦੇ ਕਰਿਸ਼ਮੇ ਵਿਖਾਉਂਦੇ ਹਨ।

ਵਿਆਹ ਸ਼ਾਦੀਆਂ ਤੇ ਵੀ ਇਹ 'ਭੌਂਦੂ ਦੀ ਔਲਾਦ' ਬੜੀਆਂ ਡੀਂਗਾਂ ਮਾਰਦੀ ਹੈ।

ਕੋਈ ਪੁਰਾਣਾ ਮੁਢ ਗੱਪੀ ਕਹੇਗਾ, "ਸਾਡੇ ਵਕਤਾਂ ਦੀ ਕੀ ਪੁੱਛਦੇ ਹੋ, ਪਾਤਸ਼ਾਹੋ ! ਉਹ ਵੀ ਕੋਈ ਵੇਲੇ ਸਨ। ਸਾਡੇ ਚਾਚੇ ਦੇ ਮਾਮੇ ਦੇ ਸਾਲੇ ਦੀ ਸ਼ਾਦੀ ਸੀ। ਉਸ ਬਰਾਤ ਵਿਚ ਸ਼ਾਮਲ ਹੋਣ ਲਈ ਮਹਾਰਾਜਾ ਸਾਹਿਬ ਕੋਟਗੜ੍ਹ ਆਪ ਹਾਥੀ 'ਤੇ ਚੜ੍ਹ ਕੇ ਆਏ ਸਨ, ਤੇ ਵੈਸਰਾਅ ਨੇ ਆਪਣੇ ਲਾਟ ਨੂੰ ਭੇਜਿਆ ਸੀ। ਬਰਾਤ ਕੀ ਸੀ, ਇਕ ਠਾਠਾਂ ਮਾਰਦਾ ਸਮੁੰਦਰ ਸੀ। ਮਹਾਰਾਜਾ ਸਾਹਿਬ ਦੇ 500 ਫੌਜੀ ਜਵਾਨ ਜ਼ਰਕ ਬਰਕ ਵਰਦੀਆਂ ਪਹਿਨੀਂ

ਬਰਾਤ ਦੀ ਸ਼ਾਨ ਨੂੰ ਚਾਰ ਚੰਨ ਲਾ ਰਹੇ ਸਨ। ਇਕ ਹਜ਼ਾਰ ਤਾਂ ਨਿਰੇ ਘੋੜੇ ਹੀ ਸਨ, ਜੋ ਹਿਣ-ਹਿਣ ਕਰਦੇ ਬਰਾਤ ਦੇ ਦੋਹੀਂ ਪਾਸੀਂ ਮਾਰਚ ਕਰ ਰਹੇ ਸਨ।"

ਉਧਰ ਗੱਪੀ ਮਹਾਰਾਜ ਦੀ ਧਰਮ ਪਤਨੀ ਆਪਣਾ ਭਾਸ਼ਨ ਅਲਾਪ ਰਹੀ ਹੁੰਦੀ, "ਸਾਡਾ ਵੀ ਵਿਆਹ ਕੋਈ ਵਿਆਹ ਸੀ, ਮੇਰੇ ਮਾਪਿਆਂ ਨੇ 500 ਤੋਲੇ ਸੋਨਾ ਤੇ 10 ਮੱਝਾਂ ਦਾਜ ਨਾਲ ਦਿੱਤੀਆਂ ਸਨ। ਦੁੱਧ ਦੀਆਂ ਤਾਂ ਸਾਡੇ ਘਰ ਨਦੀਆਂ ਵਹਿੰਦੀਆਂ ਸਨ, ਭੈਣ ਨਦੀਆਂ। ਸਾਰਾ ਪਿੰਡ ਮੁਫ਼ਤ ਦੁੱਧ ਲੱਸੀ ਲੈ ਕੇ ਜਾਂਦਾ ਸੀ। ਅਨਾਜ ਦੇ ਤਾਂ ਘਰ ਵਿਚ ਕੋਠੇ ਹੀ ਭਰੇ ਰਹਿੰਦੇ ਸਨ। ਬਸ ਜੋ ਸੁੱਖ ਪਾਇਆ, ਉਹ ਆਪਣੇ ਬਾਬਲ ਦੇ ਘਰ ਪਾਇਆ। ਜਦ ਦੀ ਮੈਂ ਇੱਥੇ ਆਈ, ਬਸ ਭੁੱਖਿਆਂ ਨੰਗਿਆਂ ਦੇ ਪੱਲੇ ਬੰਨ੍ਹ ਦਿੱਤੀ ਗਈ, ਨਾ ਚੱਜ ਦਾ ਖਾਣਾ, ਨਾ ਪੀਣਾ, ਨਾ ਮਰਨਾ, ਨਾ ਜੀਣਾ। ਘਰ ਦੇ ਕੰਮ ਕਰਦਿਆਂ ਤੇ ਬੁਹਾਰੀ ਬੋਹਕਰ ਫੇਰਦਿਆਂ ਮਰ ਜਾਈਦਾ ਹੈ। ਪੇਕੇ ਘਰ ਤਾਂ ਨੌਕਰ ਨੌਕਰਾਣੀਆਂ ਕੰਮ ਨੂੰ ਹੱਥ ਨਹੀਂ ਸਨ ਲਾਣ ਦੇਂਦੇ ...।"

ਸ੍ਰੀਮਤੀ ਦਾ ਭਾਸ਼ਨ ਹਾਲੀਂ ਜਾਰੀ ਹੀ ਹੁੰਦਾ ਹੈ, ਕਿ ਪਾਸ ਬੈਠੀ ਉਸ ਦੀ ਗੁਆਂਢਣ ਸੰਤੀ ਆਪਣੇ ਨਾਲ ਬੈਠੀ ਬਸੰਤੀ ਨੂੰ ਕਹਿੰਦੀ ਹੈ, "ਸੱਚ ਕਹਿੰਦੀ ਹੈ ਵਿਚਾਰੀ। ਪਿਉ ਦੇ ਘਰ ਇਸ ਨੂੰ ਖਾਣ ਨੂੰ ਨਹੀਂ ਸੀ ਮਿਲਦਾ। ਇਹ ਟੱਬਰ ਗੁਆਂਢੀਆਂ ਤੋਂ ਲੱਸੀ ਮੰਗ ਕੇ ਗੁਜ਼ਾਰਾ ਕਰਦਾ ਸੀ, ਪਰ ਸਹੁਰਿਆਂ ਦੇ ਘਰ ਵੜਦਿਆਂ ਹੀ ਬਾਬਲ ਦੇ ਵਿਹੜੇ ਬੰਨ੍ਹੀਆਂ ਮੱਝਾਂ ਦੀ ਯਾਦ ਆ ਗਈ ਸੂ।"

ਅੱਲ੍ਹਾ ਬਚਾਵੇ ਇਸ ਕੌਮ ਤੋਂ, ਜਿੰਨਾਂ ਇਨ੍ਹਾਂ ਤੋਂ ਬਚਿਆ ਜਾਵੇ, ਓਨਾ ਹੀ ਥੋੜ੍ਹਾ, ਪਰ ਇਹ ਸਿਰਫ਼ ਰਮਤੇ ਦੀ ਰਾਏ ਹੈ, ਛੁੰਮਣ ਸਿੰਘ ਦਾ ਤਾਂ ਖ਼ਿਆਲ ਹੈ ਕਿ ਇਨ੍ਹਾਂ ਲੋਕਾਂ ਨੂੰ ਸਦਾ ਆਪਣੇ ਸੱਜੇ-ਖੱਬੇ ਮੰਡਲਾਂਦੇ ਰਹਿਣ ਦਿਓ। ਇਹ ਬੰਦੇ ਦਾ ਦਿਲ ਪਰਚਾਈ ਰਖਦੇ ਹਨ ਤੇ ਚਿੰਤਾ ਗ਼ਮ ਜਾਂ ਨਿਰਾਸਤਾ ਉਸ ਦੇ ਨੇੜੇ ਨਹੀਂ ਢੁਕਣ ਦੇਂਦੇ।

## ਟਿੱਪਣੀ

ਗੱਪ ਬਾਜ਼ ਲੇਖ ਵਿੱਚ ਪਿਆਰਾ ਸਿੰਘ ਦਾਤਾ ਨੇ ਸਾਡੇ ਸਮਾਜ ਵਿੱਚ ਵਿਚਰਦੀ ਗੱਪ ਬਾਜ਼ ਦੀ ਕੌਮ 'ਤੇ ਚਾਨਣਾ ਪਾਇਆ ਹੈ। ਇਹ ਤਬਕਾ ਹਰ ਗਲੀ-ਮੁਹੱਲੇ, ਪਿੰਡ, ਸ਼ਹਿਰ ਤੇ ਸਭਾ ਸੋਸਾਇਟੀਆਂ ਵਿੱਚ ਮੌਜੂਦ ਰਹਿੰਦਾ ਹੈ। ਹਰ ਮਹਿਫ਼ਲ ਵਿੱਚ ਇਨ੍ਹਾਂ ਦੀ ਵੱਖਰੀ ਸ਼ਾਨ ਮੌਜੂਦ ਰਹਿੰਦੀ ਹੈ। ਅੱਜ ਦੇ ਸਮੇਂ ਵਿੱਚ ਕੋਈ ਵੀ ਵਿਅਕਤੀ ਅਜਿਹਾ ਨਹੀਂ ਹੈ ਜਿਸ ਨੇ ਗੱਪ ਬਾਜ਼ ਦੇ ਦਰਸ਼ਨ ਨਹੀਂ ਕੀਤੇ। ਗੱਪ ਬਾਜ਼ ਦੀ ਖ਼ੂਬੀ ਇਹ ਹੈ ਕਿ ਉਹ ਗੱਪਾਂ/ਡੀਂਗਾਂ ਤਾਂ ਬਹੁਤ ਵੱਡੀਆਂ-ਵੱਡੀਆਂ ਮਾਰਦਾ ਹੈ, ਪਰ ਸੱਚਾਈ ਨਾਲ ਰੂ-ਬ-ਰੂ ਹੁੰਦੇ ਹੀ ਉਸ ਦਾ ਖ਼ੂਨ ਸੁੱਕ ਜਾਂਦਾ ਹੈ। ਇਨ੍ਹਾਂ ਦੇ ਕਾਰਨਾਮੇ ਸੁਣਦੇ ਹੀ ਸਰੋਤੇ ਵਾਹ-ਵਾਹ ਕਰ ਉੱਠਦੇ ਹਨ। ਵਿਆਹ ਸ਼ਾਦੀ ਹੋਵੇ ਜਾਂ ਸੋਗ ਦਾ ਮੌਕਾ ਹੋਵੇ ਇਹ ਗੱਪ ਬਾਜ਼ ਹਰ ਥਾਂ ਆਪਣੀ ਸਿਆਣਪ ਦੇ ਕਰਿਸ਼ਮੇ ਦਿਖਾਉਂਦੇ ਨਜ਼ਰ ਆਉਂਦੇ ਹਨ। ਇਨ੍ਹਾਂ ਗੱਪ ਬਾਜ਼ਾਂ ਦੀ ਖ਼ਾਸੀਅਤ ਇਹ ਹੈ ਕਿ ਇਹ ਬੰਦੇ ਦਾ ਦਿਲ ਪਰਚਾਈ ਰੱਖਦੇ ਹਨ, ਤੇ ਨਿਰਾਸਤਾ ਨੂੰ ਨੇੜੇ ਨਹੀਂ ਢੁਕਣ ਦਿੰਦੇ।

**ਔਖੇ ਸ਼ਬਦਾਂ ਦੇ ਅਰਥ**

ਬੋਹਕਰ : ਝਾੜੂ

ਗੁਆਂਢਣ : ਨਾਲ ਵਾਲੇ ਘਰ 'ਚ ਰਹਿਣ ਵਾਲੀ ਔਰਤ



## ਅਭਿਆਸ

### 1. ਦੱਸੋ ਖਾਂ ਭਲਾ :

(i) ਗੱਪ ਬਾਜ਼ ਕਿਨ੍ਹਾਂ ਥਾਵਾਂ 'ਤੇ ਮੌਜੂਦ ਹੁੰਦਾ ਹੈ ?

(ii) ਗੱਪ ਬਾਜ਼ ਦਾ ਚਰਿੱਤਰ ਉਜਾਗਰ ਕਰੋ ?

(iii) ਗੱਪ ਬਾਜ਼ ਦੀਆਂ ਗੱਪਾਂ ਦਾ ਸ਼ਿਕਾਰ ਸਮਾਜ ਦਾ ਕਿਹੜਾ ਵਰਗ ਬਣਦਾ ਹੈ ?

(iv) ਗੱਪ ਬਾਜ਼ ਦੀ ਸਮਾਜ ਵਿੱਚ ਕੀ ਥਾਂ ਹੈ ?

(v) ਗੱਪ ਬਾਜ਼ ਨੇ ਇਸ ਲੇਖ ਵਿੱਚ ਕਿਹੜੇ ਜੰਗਲੀ ਜਾਨਵਰ ਨਾਲ ਲੜਨ ਦੀ ਗੱਪ ਮਾਰੀ ਤੇ ਉਸ ਨੇ ਕਿਹੜੀ ਕਹਾਣੀ ਘੜੀ ?

(vi) ਗੱਪ ਬਾਜ਼ ਦੀ ਪਤਨੀ ਦੇ ਆਪਣੇ ਵਿਆਹ ਬਾਰੇ ਕੀ ਵਿਚਾਰ ਸਨ ?

## ਆਓ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ :

(i) ਕੀ ਤੁਸੀਂ ਅਜਿਹੇ ਕਿਸੇ ਹੋਰ ਗੱਪ ਬਾਜ਼ ਨੂੰ ਜਾਣਦੇ ਹੋ। ਜੇ ਹਾਂ ਤਾਂ ਉਸ ਦੇ ਸੁਭਾਅ ਤੇ ਰੁੱਚੀਆਂ ਬਾਰੇ ਜਾਣਕਾਰੀ ਦਿਉ।

(ii) ਕੀ ਤੁਸੀਂ ਕਦੇ ਗੱਪ ਮਾਰੀ ਹੈ ? ਉਸ ਦਾ ਤੁਹਾਨੂੰ ਕੋਈ ਨੁਕਸਾਨ ਹੋਇਆ ਹੈ ? ਅਜਿਹੀ ਘਟਨਾ ਦਾ ਹਾਲ ਬਿਆਨ ਕਰੋ।

(iii) ਗੱਪ ਮਾਰਨੀ ਚੰਗੀ ਗੱਲ ਹੈ ਜਾਂ ਮਾੜੀ। ਇਸ ਦੇ ਪੱਖ ਜਾਂ ਵਿਰੋਧ ਵਿੱਚ ਆਪਣੇ ਵਿਚਾਰ ਪੇਸ਼ ਕਰੋ।

(iv) ਕੀ ਤੁਸੀਂ ਮੰਨਦੇ ਹੋ ਕਿ ਗੱਪ ਬਾਜ਼ਾਂ ਕਾਰਨ ਅਫ਼ਵਾਹਾਂ ਫੈਲਦੀਆਂ ਹਨ ? ਜੇਕਰ ਕਦੇ ਤੁਹਾਡਾ ਅਜਿਹੀ ਕਿਸੇ ਘਟਨਾ ਨਾਲ ਵਾਹ ਪਿਆ ਹੈ ਤਾਂ ਉਸ ਦੇ ਸਿੱਟਿਆਂ ਉੱਪਰ ਰੌਸ਼ਨੀ ਪਾਉ।

(v) ਫ਼ਰਜ਼ ਕਰੋ ਤੁਹਾਡਾ ਕੋਈ ਮਿੱਤਰ ਗੱਪ ਬਾਜ਼ ਹੈ। ਉਸ ਦਾ ਇਸ ਆਦਤ ਤੋਂ ਪਿੱਛਾ ਛੁਡਾਉਣ ਲਈ ਤੁਸੀਂ ਕੀ ਕਰੋਗੇ ?

### ਅ. ਪਾਠ ਦੇ ਆਧਾਰ 'ਤੇ ਠੀਕ ( ✔ ) ਜਾਂ ਗ਼ਲਤ ( ✖ ) ਦਾ ਨਿਸ਼ਾਨ ਬਣਾਉ :

(i) ਗੱਪ ਬਾਜ਼ ਹਰ ਗੱਲ ਵਿੱਚ ਬਹੁਤ ਵੱਡੀਆਂ ਹਸਤੀਆਂ ਦਾ ਹਵਾਲਾ ਦਿੰਦਾ ਹੈ। ☐

(ii) ਅਨਪੜ੍ਹ ਪੇਂਡੂ ਕਿਸਾਨ ਗੱਪ ਬਾਜ਼ ਦੀਆਂ ਗੱਲਾਂ ਦਾ ਸ਼ਿਕਾਰ ਨਹੀਂ ਹੁੰਦੇ। ☐

(iii) ਗੱਪ ਬਾਜ਼ ਸ਼ੇਰ ਤੇ ਸ਼ੇਰਨੀ ਦੇ ਕੋਲ ਹੀ ਬੈਠਾ ਰਹਿੰਦਾ ਹੈ। ☐

(iv) ਗੁਪਾਲਾ ਕਹਿੰਦਾ ਹੈ ਕਿ ਉਸ ਦਾ ਬਾਪੂ ਬੱਦਲਾਂ ਵਿੱਚ ਨੇਜ਼ਾ ਮਾਰ ਕੇ ਵਰਖਾ ਕਰਵਾ ਸਕਦਾ ਸੀ। ☐

(v) ਗੱਪੀ ਮਹਾਰਾਜ ਦੀ ਪਤਨੀ ਆਪਣੇ ਘਰ ਦੁੱਧ ਦੀਆਂ ਨਦੀਆਂ ਵਗਣ ਦੀ ਗੱਪ ਮਾਰਦੀ ਹੈ। ☐

## ੲ. ਖਾਲੀ ਥਾਵਾਂ ਭਰੋ :

| | |
|---|---|
| ਡੀਂਗਾਂ | ਪੱਖ |
| ਹਾਥੀਆਂ | |
| ਗੋਲਕੁੰਡਾ | ਭੌਂਦੂ |

(i) ਲਾਲ ਕਿਲ੍ਹਾ ... ਦੀ ਮਦਦ ਨਾਲ ਜਮਨਾ ਕਿਨਾਰੇ ਲਿਆਂਦਾ ਗਿਆ।

(ii) ਗੱਪ ਬਾਜ਼ ਦੀਆਂ ... ਸੁਣ ਕੇ ਪਿੰਡ ਵਾਲਿਆਂ ਦੀ ਮਹਿਫ਼ਲ ਅਸ਼-ਅਸ਼ ਕਰ ਉੱਠੀ।

(iii) ਅੱਜ ਦੇ ਗੱਪੀ ਨੂੰ ... ਦੀ ਔਲਾਦ ਕਿਹਾ ਜਾਂਦਾ ਹੈ।

(iv) ਫੁੰਮਨ ਸਿੰਘ ਗੱਪੀਆਂ ਦੀ ਕੌਮ ਦਾ ... ਪੂਰਦਾ ਹੈ।

(v) ਦਿੱਲੀ ਦੇ ਲਾਲ ਕਿਲ੍ਹੇ ਨੂੰ ... ਦੀਆਂ ਪਹਾੜੀਆਂ ਤੋਂ ਲਿਆਉਣ ਦੀ ਗੱਪ ਮਾਰੀ ਗਈ ਹੈ।

## ਸ. ਜੋੜੇ ਬਣਾਉ :

| | |
|---|---|
| ਗੋਲ ਕੁੰਡਾ | ਬਾਰਸ਼ |
| ਨੇਜ਼ਾ | ਜਮਨਾ |
| ਗੋਪਾਲਾ | ਪਹਾੜੀਆਂ |
| ਲਾਲ ਕਿਲਾ | ਯੱਬਲ |

## ਹ. ਪਿੱਛੇ ਸ਼ਬਦ ਲਾ ਕੇ ਸਮਾਸੀ ਸ਼ਬਦ ਬਣਾਉ :

(i) ਪਿੰਡ ...

(ii) ਹਿਣ ...

(iii) ਗੱਲ ...

(iv) ਦੂਰ ...

## ਕ. ਲਿੰਗ ਬਦਲੋ :

(i) ਸੇਠ

(ii) ਪਤੀ

(iii) ਹਾਥੀ

(iv) ਹਥਨੀ

## ਖ. ਵਾਕ ਬਣਾਉ :

(i) ਡੀਂਗਾਂ ਮਾਰਨੀਆਂ ... ... ... ...

(ii) ਹੱਲਾ ਬੋਲਣਾ ... ... ... ...

(iii) ਬਿਆਨ ਕਰਨਾ ... ... ... ...

(iv) ਬਿਲੇ ਲਾਉਣਾ ... ... ... ...

# ਸਵੈ-ਰੱਖਿਆ

## ਸਾਧੂ ਸਿੰਘ ਆਂਚਲ



### ਸ਼ਖ਼ਸੀਅਤ ਤੇ ਰਚਨਾ

ਸਾਧੂ ਸਿੰਘ ਆਂਚਲ ਦਾ ਜਨਮ 9 ਅਕਤੂਬਰ, 1932 ਨੂੰ ਪਿੰਡ ਭਧਿਆਣਾ, ਜ਼ਿਲ੍ਹਾ ਜਲੰਧਰ ਵਿਖੇ ਪਿਤਾ ਬਚਿੱਤਰ ਸਿੰਘ ਦੇ ਘਰ ਮਾਤਾ ਕਿਰਪਾਲ ਕੌਰ ਦੀ ਕੁੱਖੋਂ ਹੋਇਆ। ਮੁੱਢਲੀ ਵਿੱਦਿਆ ਪਿੰਡ ਦੇ ਸਰਕਾਰੀ ਸਕੂਲ ਤੋਂ ਹਾਸਲ ਕੀਤੀ ਅਤੇ ਸਕੂਲੀ ਪੜ੍ਹਾਈ ਤੋਂ ਬਾਅਦ ਬੀ.ਏ. ਕਰਕੇ ਦਿੱਲੀ ਪੁਲਿਸ ਵਿੱਚ ਭਰਤੀ ਹੋ ਗਏ। ਸਰਵਿਸ ਕਰਦਿਆਂ ਹੀ ਦਿੱਲੀ ਯੂਨੀਵਰਸਿਟੀ ਤੋਂ ਐੱਮ.ਏ. ਪੰਜਾਬੀ ਪਾਸ ਕੀਤੀ। ਉਹ ਸਹਾਇਕ ਪੁਲਿਸ ਕਮਿਸ਼ਨਰ ਦੇ ਅਹੁਦੇ 'ਤੋਂ ਸੇਵਾ-ਮੁਕਤ ਹੋਏ। ਆਪਣੀ ਨੌਕਰੀ ਦੌਰਾਨ ਵੀ ਉਨ੍ਹਾਂ ਨੇ ਵਰਕਸ਼ਾਪਾਂ ਤੇ ਸੈਮੀਨਾਰਾਂ ਰਾਹੀਂ ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਨੂੰ ਸਵੈ-ਰੱਖਿਆ ਨਾਲ ਸੰਬੰਧਤ ਤਰੀਕੇ ਅਪਨਾਉਣ ਲਈ ਪ੍ਰੇਰਿਤ ਕੀਤਾ। ਉਹ ਮਸ਼ਹੂਰ ਪੰਜਾਬੀ ਸਾਹਿਤਕਾਰ ਹਨ। ਭਾਵੇਂ ਉਨ੍ਹਾਂ ਨੇ ਜ਼ਿਆਦਾਤਰ ਕਵਿਤਾਵਾਂ ਤੇ ਗੀਤਾਂ ਦੀ ਰਚਨਾ ਕੀਤੀ ਹੈ, ਫਿਰ ਵੀ ਵਾਰਤਕ ਦੇ ਖੇਤਰ ਵਿੱਚ ਇਨ੍ਹਾਂ ਦਾ ਵੱਡਮੁੱਲਾ ਯੋਗਦਾਨ ਹੈ। ਉਨ੍ਹਾਂ ਦੇ ਕਾਵਿ-ਸੰਗ੍ਰਹਿ ਮਨੁੱਖੀ ਪ੍ਰੇਰਣਾ ਦੇ ਸਰੋਤ ਹਨ। 'ਸੱਧਰਾਂ ਦੀਆਂ ਲਾਸ਼ਾਂ', 'ਦਿਲ ਦੇ ਦਾਗ', 'ਬਿਰਹੋਂ ਪਿਆ ਸਾਡੇ ਖਿਆਲ' 'ਦਰਦ ਵਿਛੋੜੇ ਦਾ ਹਾਲ', 'ਨਹੀਂ ਰੀਸਾਂ ਪੰਜਾਬ ਦੀਆਂ' 'ਅਲਬੇਲਾ ਪੰਜਾਬ', 'ਆਹਾਂ ਤੇ ਅੱਥਰੂ' ਤੇ 'ਸਿੱਖੀ ਦਾ ਸਫ਼ਰ' ਉਨ੍ਹਾਂ ਦੀਆਂ ਮਸ਼ਹੂਰ ਪੁਸਤਕਾਂ ਹਨ।

### ਔਖੇ ਸ਼ਬਦਾਂ ਦੇ ਅਰਥ

ਸਵੈ-ਰੱਖਿਆ : ਸੁਰੱਖਿਆ
ਆਫ਼ਤਾਂ : ਮੁਸੀਬਤਾਂ
ਕਹਿਰ : ਗੁੱਸਾ
ਕਾਰਗਰ : ਸਹੀ

### ਸਵੈ-ਰੱਖਿਆ

ਮਨੁੱਖੀ ਹੋਂਦ ਦੇ ਨਾਲ ਹੀ ਉਸ ਵਿੱਚ ਸਵੈ-ਰੱਖਿਆ ਦਾ ਧਿਆਨ ਆਇਆ। ਜੰਗਲੀ ਜਾਨਵਰਾਂ ਤੇ ਕੁਦਰਤੀ ਆਫ਼ਤਾਂ ਤੋਂ ਇਲਾਵਾ ਅੱਗ-ਪਾਣੀ ਦਾ ਕਹਿਰ ਮਨੁੱਖ ਲਈ ਸਦਾ ਹੀ ਡਰ ਦਾ ਵਿਸ਼ਾ ਬਣਿਆ ਰਿਹਾ ਹੈ। ਆਦਮੀ ਆਰੰਭ ਤੋਂ ਹੀ ਇਹੋ ਜਿਹੀਆਂ ਆਫ਼ਤਾਂ ਤੋਂ ਬਚਣ ਲਈ ਢੰਗ ਤਰੀਕੇ ਸੋਚਦਾ ਆ ਰਿਹਾ ਹੈ। ਇਸ ਦੇ ਨਾਲ ਹੀ ਦੁਸ਼ਮਣ ਉੱਤੇ

ਹਮਲਾ ਕਰਨ ਦੇ ਢੰਗ ਤਰੀਕੇ ਵੀ ਸੋਚਦਾ ਰਿਹਾ ਹੈ। ਮਨੁੱਖ ਦੀ ਹੱਥੋ-ਹੱਥ ਲੜਾਈ ਵਿੱਚ ਡੰਡਾ, ਲਾਠੀ, ਤਲਵਾਰ ਤੇ ਬਰਛਾ ਮਨੁੱਖੀ ਵਾਰ ਨੂੰ ਰੋਕਣ ਲਈ ਕਾਰਗਰ ਤਰੀਕੇ ਅਪਣਾਏ ਜਾ ਸਕਦੇ ਹਨ। ਬੰਦੂਕ, ਤਲਵਾਰ ਜਾਂ ਹੋਰ ਗੋਲੀ ਸਿੱਕਾ, ਬਾਰੂਦ ਦੀ ਕਾਢ ਤੋਂ ਪਹਿਲਾਂ ਮਨੁੱਖ ਉਪਰ ਦੱਸੇ ਹਥਿਆਰ ਹੀ ਸਵੈ-ਰੱਖਿਆ ਲਈ ਵਰਤਦਾ ਰਿਹਾ ਹੈ। ਗਤਕੇਬਾਜ਼ੀ ਵੀ ਸਵੈ-ਰੱਖਿਆ ਦਾ ਇਕ ਸਾਧਨ ਮੰਨੀ ਜਾਂਦੀ ਹੈ। ਮਨੁੱਖ ਆਪਣੇ ਆਪ ਨੂੰ ਲਾਠੀ, ਤਲਵਾਰ ਆਦਿ ਤੋਂ ਬਚਾਅ ਦੇ ਢੰਗ ਦੱਸਦਾ ਹੈ। ਗਤਕੇਬਾਜ਼ੀ ਵਿੱਚ ਕਮਰ ਤੋਂ ਥੱਲੇ ਦੇ ਹਿੱਸੇ ਦੇ ਬਚਾਅ ਲਈ ਪੈਰੀ ਤਰੀਕੇ ਅਪਣਾਏ ਜਾਂਦੇ ਹਨ। ਪੈਰੀ (ਸਾਈਡ) ਲੱਤਾਂ ਜਾਂ ਕਮਰ ਉੱਤੇ ਕੀਤੇ ਵਾਰ ਨੂੰ ਆਖਦੇ ਹਨ। ਜਿਸ ਨੂੰ ਲਾਠੀ ਨਾਲ ਰੋਕਿਆ ਜਾ ਸਕਦਾ ਹੈ। ਲੇਕਿਨ ਅਸੀਂ ਇਥੇ ਸਵੈ-ਰੱਖਿਆ ਦੇ ਵਿਸ਼ੇ ਵਜੋਂ ਖਾਲੀ ਹੱਥ ਰੱਖਿਆ ਲਈ ਢੰਗ ਤਰੀਕਿਆ ਦਾ ਉਪਾਅ ਜਾਂ ਵਰਤੋਂ ਬਾਰੇ ਗੱਲ ਕਰ ਰਹੇ ਹਾਂ।

ਕਰਾਟੇ ਜਾਪਾਨੀ ਭਾਸ਼ਾ ਵਿਚ ਦੋ ਸ਼ਬਦਾਂ ਦਾ ਜੋੜ ਹੈ—'ਕਰ' ਦਾ ਅਰਥ ਹੈ ਖਾਲੀ ਤੇ 'ਟੇ' ਦਾ ਮਤਲਬ ਹੈ ਹੱਥ, ਭਾਵ ਖਾਲੀ ਹੱਥ। ਆਦਮੀ ਵਲੋਂ ਖਾਲੀ ਹੱਥਾਂ ਨਾਲ ਅਪਣਾਏ ਗਏ ਤੌਰ ਤਰੀਕਿਆਂ ਨੂੰ 'ਕਰਾਟੇ' ਆਖਦੇ ਹਨ। ਕਰਾਟਿਆਂ ਨੂੰ ਜਾਪਾਨੀ ਭਾਸ਼ਾ ਵਿੱਚ ਜੂਡੋ ਅਰਥਾਤ ਕੁਸ਼ਤੀ ਵੀ ਆਖਦੇ ਹਨ। ਜਾਪਾਨੀ ਭਾਸ਼ਾ ਵਿੱਚ ਇਸ ਨੂੰ ਇਉਂ ਬਿਆਨ ਕਰ ਸਕਦੇ ਹਾਂ ਕਿ ਜੇਕਰ ਤੁਸੀਂ ਸਰੀਰਕ ਤੌਰ ਤੇ ਤਾਕਤਵਰ ਨਹੀਂ ਹੋ ਤਾਂ ਵੀ ਤੁਸੀਂ ਆਪਣੀ ਰੱਖਿਆ ਕਰ ਸਕਦੇ ਹੋ। ਜੇਕਰ ਤੁਸੀਂ ਕਰਾਟਿਆਂ ਦੀ ਮੁਹਾਰਤ ਹਾਸਲ ਕਰਕੇ ਆਪਣੇ ਜਿਸਮ ਨੂੰ ਮਜ਼ਬੂਤ ਬਣਾ ਲਿਆ ਹੈ ਤਾਂ ਦੂਜੇ ਉੱਤੇ ਹਮਲਾ ਕਰਨ ਦੀ ਤੁਹਾਨੂੰ ਕੋਈ ਲੋੜ ਨਹੀਂ। ਇੱਕ ਹੋਰ ਕਥਨ ਵੀ ਇਸ ਵਿਸ਼ੇ ਨਾਲ ਜੋੜਿਆ ਜਾ ਸਕਦਾ ਹੈ, ਜਿਸ ਨੂੰ ਅਸੀਂ ਕਹਿੰਦੇ ਹਾਂ ਕਿ ਸਵੈ-ਸੁਰੱਖਿਆ ਤਾਂ ਹੀ ਕਰ ਸਕਦੇ ਹਾਂ ਜੇਕਰ ਸਾਡਾ ਦਿਲ ਤੇ ਦਿਮਾਗ ਇਕੋ ਵੇਲੇ ਸਾਥ ਦੇਣ ਵਿੱਚ ਸਮਰੱਥ ਹੋਣ।

ਕਰਾਟਿਆਂ ਦਾ ਆਰੰਭ ਤਾਂ ਕਿਸੇ ਵੇਲੇ ਪ੍ਰਾਚੀਨ ਕਾਲ ਵਿੱਚ ਦੱਖਣੀ ਸੂਬੇ ਕੇਰਲ ਦੀ ਧਰਤੀ (ਭਾਰਤ) ਉੱਤੇ ਹੋਇਆ, ਪਰ ਇਸ ਦਾ ਵਿਕਾਸ ਜਾਪਾਨ ਵਿੱਚ ਗਿਣਿਆ ਜਾਂਦਾ ਹੈ। ਇਸ ਦਾ ਗੁਰੂ ਮੀਚਨ ਫੋਨਾਕਸ਼ੀ ਪ੍ਰਸਿੱਧ ਵਿਅਕਤੀ ਹੋਇਆ ਹੈ। ਜਿਸ ਨੇ ਸਵੈ-ਰੱਖਿਆ ਲਈ ਬੜੇ ਤੌਰ-ਤਰੀਕੇ ਦੱਸੇ ਹਨ। ਸਭ ਤੋਂ ਪਹਿਲਾਂ ਇਸ ਵਿੱਚ ਹੱਥਾਂ ਤੇ ਬਾਹਵਾਂ ਦਾ ਪ੍ਰਯੋਗ ਹੈ। ਹੱਥਾਂ ਨਾਲ ਅਸੀਂ ਕਿਸੇ ਦੇ ਕੀਤੇ ਹੋਏ ਜਿਸਮਾਨੀ ਹਮਲੇ (ਸਰੀਰਕ ਵਾਰ) ਨੂੰ ਰੋਕ ਸਕਦੇ ਹਾਂ। ਹੱਥਾਂ ਨਾਲ ਆਪਣੇ ਹੱਥ ਦੀਆਂ ਬੰਦ ਕੀਤੀਆਂ ਹੋਈਆਂ ਪੰਜ ਉਂਗਲਾਂ ਦੀ ਮੁੱਠ ਬਣਾ ਕੇ ਪੰਚ ਮਾਰ ਸਕਦੇ ਹਾਂ। ਜਿਸ ਨੂੰ ਪੰਜਾਬੀ ਵਿੱਚ ਠੋਸ ਮੁੱਕਾ ਮਾਰਨਾ ਵੀ ਕਿਹਾ ਜਾ ਸਕਦਾ ਹੈ। ਇਹ ਪੰਚ ਹਮਾਲਾਵਰ ਦੇ ਜਾਂ ਹਮਲਾ ਕਰਨ ਵਾਲੇ ਦੇ ਨੱਕ ਉੱਤੇ, ਮੂੰਹ



### ਔਖੇ ਸ਼ਬਦਾਂ ਦੇ ਅਰਥ

| | |
|---|---|
| ਕਾਢ | : ਖੋਜ |
| ਗਤਕੇਬਾਜ਼ੀ | : ਸ਼ਸਤਰ ਚਲਾਉਣਾ |
| ਪੈਰੀ | : ਕਮਰ ਜਾਂ ਲੱਤਾਂ ਉੱਤੇ ਕੀਤੇ ਜਾਂਦੇ ਹਮਲੇ |
| ਉਪਾਅ | : ਤਰੀਕੇ |
| ਮੁਹਾਰਤ | : ਮਾਹਿਰ |
| ਲੋੜ | : ਜ਼ਰੂਰਤ |
| ਪ੍ਰਾਚੀਨ | : ਪੁਰਾਣੇ ਸਮੇਂ ਵਿੱਚ |
| ਪ੍ਰਸਿੱਧ | : ਮਸ਼ਹੂਰ |
| ਤੌਰ-ਤਰੀਕੇ | : ਢੰਗ |
| ਜਿਸਮਾਨੀ | : ਸਰੀਰਕ |
| ਮੁੱਠ | : ਮੁੱਠੀ |
| ਪੰਚ | : ਮੁੱਕਾ |

### ਔਖੇ ਸ਼ਬਦਾਂ ਦੇ ਅਰਥ

ਸੱਟ : ਚੋਟ
ਠੁੱਡਾ : ਠੋਹਕਰ
ਗੋਡਾ : ਘੁਟਣਾ (ਸਰੀਰ ਦਾ ਅੰਗ)
ਅਖੌਤ : ਕਹਾਵਤ
ਜਿਸਮ : ਸਰੀਰ
ਵਾਚ ਐਂਡ ਵਾਰਡ
ਆਫ਼ੀਸਰ : ਚੌਕੀਦਾਰ
ਹਿੱਕ : ਛਾਤੀ
ਵੱਢ : ਕੱਟ
ਮੰਦ : ਬੁਰੀ





ਉੱਤੇ, ਦੰਦਾਂ ਉੱਤੇ, ਅੱਖਾਂ ਉੱਤੇ ਜਾਂ ਮੱਥੇ ਉੱਤੇ ਮਾਰ ਕੇ ਉਸ ਨੂੰ ਇਕ ਚੰਗੀ ਸੱਟ ਪਹੁੰਚਾ ਸਕਦੇ ਹਾਂ। ਇਸ ਤੋਂ ਬਿਨਾਂ ਇਹ ਮੁੱਕਾ ਦਿਲ ਉੱਤੇ ਜਾਂ ਪੇਟ ਉੱਤੇ ਵੀ ਮਾਰਿਆ ਜਾ ਸਕਦਾ ਹੈ। ਹੱਥ ਨੂੰ ਅਸੀਂ ਥੱਪੜ ਜਾਂ ਚਪੇੜ ਮਾਰਨ ਲਈ ਵੀ ਵਰਤਦੇ ਹਾਂ। ਇਸ ਵਿੱਚ ਹੱਥਾਂ ਦਾ ਸਿੱਧਾ ਜਾਂ ਪੁੱਠਾ ਪਾਸਾ ਦੁਸ਼ਮਣ ਨੂੰ ਕਾਫ਼ੀ ਸੱਟ ਮਾਰ ਸਕਦਾ ਹੈ।

ਇਸ ਤੋਂ ਬਿਨਾਂ ਅਸੀਂ ਆਪਣੀਆਂ ਬਾਹਾਂ ਦੀ ਕੂਹਣੀ ਨੂੰ ਮੌਕੇ ਮੁਤਾਬਕ ਦੁਸ਼ਮਣ ਦੇ ਕਿਸੇ ਹਿੱਸੇ ਉੱਤੇ ਵੀ ਮਾਰ ਸਕਦੇ ਹਾਂ। ਕੂਹਣੀ ਦੀ ਹੱਡੀ ਬੜੀ ਮਜ਼ਬੂਤ ਹੁੰਦੀ ਹੈ। ਇਸ ਲਈ ਕੂਹਣੀ ਮੋੜ ਕੇ ਜੇ ਸੱਟ ਮਾਰੀ ਜਾਏ ਤਾਂ ਹਮਲਾਵਰ ਨੂੰ ਕਾਫੀ ਰੋਕ ਪਾਈ ਜਾ ਸਕਦੀ ਹੈ।

ਲੱਤਾਂ ਤੇ ਪੈਰਾਂ ਦਾ ਪ੍ਰਯੋਗ ਵੀ ਸੈਲਫ ਡਿਫੈਂਸ (ਸਵੈ-ਸੁਰੱਖਿਆ) ਲਈ ਬਹੁਤ ਹੀ ਕਾਰਗਰ ਸਾਬਤ ਹੁੰਦਾ ਹੈ। ਪੈਰ ਦਾ ਠੁੱਡਾ ਮਾਰ ਕੇ ਅਸੀਂ ਦੁਸ਼ਮਣ ਦੀਆਂ ਲੱਤਾਂ ਜਾਂ ਪੈਰਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਾਂ। ਬੜੇ ਜ਼ੋਰ ਨਾਲ ਮਾਰਿਆ ਹੋਇਆ ਠੁੱਡਾ ਦੁਸ਼ਮਣ ਦੀ ਲੱਤ ਦੀ ਹੱਡੀ ਤੋੜ ਸਕਦਾ ਹੈ। ਪੈਰਾਂ ਦੇ ਨਾਲ ਠੁੱਡ ਮਾਰ ਕੇ ਦੁਸ਼ਮਣ ਨੂੰ ਕਾਫੀ ਹੱਦ ਤੱਕ ਜ਼ਖ਼ਮੀ ਕੀਤਾ ਜਾ ਸਕਦਾ ਹੈ। ਥੱਲੇ ਡਿੱਗੇ ਹੋਏ ਦੁਸ਼ਮਣ ਨੂੰ ਅਸੀਂ ਆਪਣੇ ਗੋਡੇ ਮਾਰ ਕੇ ਬੇਹੋਸ਼ ਕਰ ਸਕਦੇ ਹਾਂ। ਗੋਡੇ ਵੀ ਸਾਡੇ ਜਿਸਮ ਵਿੱਚ ਮਜ਼ਬੂਤ ਹੱਡੀਆਂ ਦਾ ਇੱਕ ਜੋੜ ਹੈ। ਆਮ ਅਖੌਤ ਹੈ ਕਿ ਵਕਤ ਦਾ ਇੱਕ ਟਾਂਕਾ ਬੇਵਕਤ ਦੇ ਹਜ਼ਾਰਾਂ ਟਾਂਕਿਆਂ ਨਾਲੋਂ ਚੰਗਾ ਹੈ। ਜਦੋਂ ਕਿਧਰੇ ਵੀ ਸਾਡੇ ਜਿਸਮ ਨੂੰ ਕੋਈ ਖ਼ਤਰਾ ਬਣੇ ਤਾਂ ਘਬਰਾਉਣਾ ਬਿਲਕੁਲ ਵੀ ਨਹੀਂ ਚਾਹੀਦਾ ਬਲਕਿ ਦਿਮਾਗੀ ਸ਼ਕਤੀ ਅਤੇ ਜਿਸਮਾਨੀ ਤਾਕਤ ਦਾ ਮੇਲ ਮਿਲਾ ਕੇ ਹਮਲਾਵਰ ਤੋਂ ਬਚਾਅ ਕੀਤਾ ਜਾ ਸਕਦਾ ਹੈ। ਮੈਂ ਇਥੇ ਤੁਹਾਡੇ ਨਾਲ ਇੱਕ ਅਸਲ ਘਟਨਾ ਬਾਰੇ ਸਾਂਝ ਪਾਉਣਾ ਜ਼ਰੂਰੀ ਸਮਝਦਾ ਹਾਂ—ਭਾਰਤ ਦੇ ਦੱਖਣੀ ਸੂਬੇ ਕਰਨਾਟਕ ਦੇ ਇੱਕ ਪਿੰਡ ਵਿੱਚ ਰਹਿਣ ਵਾਲਾ ਬੰਦਾ ਫ਼ੈਕਟਰੀ ਵਿੱਚ 'ਵਾਚ ਐਂਡ ਵਾਰਡ ਆਫ਼ੀਸਰ' ਆਪਣੀ ਫ਼ੈਕਟਰੀ ਦਾ ਦੌਰਾ ਕਰ ਰਿਹਾ ਸੀ। ਫ਼ੈਕਟਰੀ ਦੇ ਨਾਲ ਲੱਗਦੇ ਜੰਗਲ ਵਿੱਚੋਂ ਅਚਾਨਕ ਇੱਕ ਸ਼ੇਰ ਨਿਕਲ ਆਇਆ। ਸ਼ੇਰ ਨੂੰ ਆਉਂਦਿਆਂ ਵੇਖ ਕੇ ਉਸ ਨੂੰ ਕੁਝ ਨਾ ਸੁੱਝਿਆ ਕਿ ਹੁਣ ਕੀ ਕੀਤਾ ਜਾਵੇ ? ਅਚਾਨਕ ਉਸ ਨੂੰ ਜ਼ਮੀਨ 'ਤੇ ਪਈ ਹੋਈ ਇਕ ਖੱਪਤੀ ਭਾਵ ਲੋਹੇ ਦੀ ਤਲਵਾਰ ਨਜ਼ਰ ਆਈ। ਉਸ ਨੂੰ ਉਹ ਆਪਣੇ ਹੱਥ ਵਿੱਚ ਚੁੱਕ ਕੇ ਸ਼ੇਰ ਦੇ ਮੁਕਾਬਲੇ ਲਈ ਹਿੱਕ ਤਾਣ ਕੇ ਖੜ੍ਹਾ ਹੋ ਗਿਆ ਅਤੇ ਉਸ ਨੇ ਸ਼ੇਰ ਨੂੰ ਬੜੇ ਜ਼ੋਰ ਨਾਲ ਲਲਕਾਰ ਕੇ ਕਿਹਾ, "ਆ ਮੈਂ ਇਸ ਤਲਵਾਰ ਨਾਲ ਵੱਢ ਕੇ ਤੇਰੇ ਟੁਕੜੇ ਕਰ ਦਿਆਂਗਾ।" ਉਸ ਦੀ ਲਲਕਾਰ ਤੇ ਤਲਵਾਰ ਦੇ ਭੈਅ ਤੋਂ ਡਰਦਿਆਂ ਸ਼ੇਰ ਅੱਗੇ ਵਧਣੋਂ ਰੁਕ ਗਿਆ ਅਤੇ ਪਿੱਛੇ ਮੁੜ ਗਿਆ।

ਅੱਜ ਦੇ ਯੁੱਗ ਵਿੱਚ ਅਸੀਂ ਰੋਜ਼ਾਨਾ ਅਖ਼ਬਾਰਾਂ ਵਿੱਚ ਪੜ੍ਹਦੇ ਹਾਂ ਜਾਂ ਟੈਲੀਵਿਜ਼ਨ ਉੱਤੇ ਦੇਖਦੇ ਹਾਂ ਕਿ ਬੱਚਿਆਂ ਜਾਂ ਔਰਤਾਂ ਉੱਤੇ ਮੰਦ ਭਾਵਨਾ ਨਾਲ ਹਮਲੇ ਕੀਤੇ ਜਾਂਦੇ ਹਨ ਜਿਨ੍ਹਾਂ

ਨੂੰ ਆਪਣੇ ਹੱਥਾਂ-ਪੈਰਾਂ ਦੇ ਪ੍ਰਯੋਗ ਕਰਕੇ ਭਾਵ ਕਰਾਟੇ ਦੇ ਵਾਰ ਨਾਲ ਸਫਲਤਾਪੂਰਵਕ ਰੋਕ ਸਕਦੇ ਹਾਂ। ਇਸ ਤੋਂ ਬਿਨਾਂ ਵਡੇਰੀ ਉਮਰ ਦੇ ਬਜ਼ੁਰਗਾਂ ਉੱਤੇ ਲੁੱਟ-ਖੋਹ ਦੇ ਹਮਲੇ ਵੀ ਹੁੰਦੇ ਰਹਿੰਦੇ ਹਨ ਜਿਨ੍ਹਾਂ ਨੂੰ ਜੂਡੋ ਦੇ ਵਾਰ ਨਾਲ ਰੋਕਿਆ ਜਾ ਸਕਦਾ ਹੈ।



ਕਰਾਟਿਆਂ ਦੇ ਗੁਰੂ ਕਹਿੰਦੇ ਹਨ ਕਿ ਰੋਜ਼ਾਨਾ ਦਾ ਅਭਿਆਸ ਆਦਮੀ ਦੇ ਜਿਸਮ ਨੂੰ ਲਚਕਦਾਰ ਬਣਾ ਦਿੰਦਾ ਹੈ ਜੋ ਸਿਹਤ ਲਈ ਬਹੁਤ ਹੀ ਫਾਇਦੇਮੰਦ ਹੈ। ਇਹ ਤਰੀਕੇ ਵਰਤੋਂ ਵਿੱਚ ਲਿਆਂਦਿਆਂ ਸਾਡਾ ਹਾਜਮਾ ਵੀ ਦਰੁੱਸਤ ਰਹਿੰਦਾ ਹੈ ਅਤੇ ਸਾਡੇ ਜਿਸਮ ਦੀ ਖ਼ੂਨੀ ਹਰਕਤ ਵੀ ਠੀਕ ਰਹਿੰਦੀ ਹੈ।

## ਟਿੱਪਣੀ

ਲੇਖਕ ਨੇ ਇਸ ਰਚਨਾ ਵਿੱਚ ਇਹ ਦੱਸਿਆ ਹੈ ਕਿ ਅਸੀਂ ਆਪਣੀ ਸੁਰੱਖਿਆ ਕਿਹੜੇ ਢੰਗ-ਤਰੀਕੇ ਨਾਲ ਕਰ ਸਕਦੇ ਹਾਂ। ਜ਼ਰੂਰੀ ਨਹੀਂ ਕਿ ਅਸੀਂ ਆਪਣੀ ਰੱਖਿਆ ਕਿਸੇ ਹਥਿਆਰ ਦੇ ਨਾਲ ਹੀ ਕਰ ਸਕਦੇ ਹਾਂ। ਜੇਕਰ ਸਾਡੇ 'ਤੇ ਕੋਈ ਹਮਲਾ ਕਰਦਾ ਹੈ ਅਤੇ ਸਾਡੇ ਕੋਲ ਉਸ ਸਮੇਂ ਕੋਈ ਹਥਿਆਰ ਜਾਂ ਫੇਰ ਕੋਈ ਹੋਰ ਸਾਧਨ ਨਹੀਂ ਹੈ ਤਾਂ ਫੇਰ ਅਸੀਂ ਆਪਣੇ ਹੱਥਾਂ-ਪੈਰਾਂ ਦੀ ਵਰਤੋਂ ਕਰਕੇ ਵੀ ਹਮਲਾਵਰ ਨੂੰ ਚਿੱਤ ਕਰ ਸਕਦੇ ਹਾਂ ਤੇ ਆਪਣੀ ਸੁਰੱਖਿਆ ਵੀ ਕਰ ਸਕਦੇ ਹਾਂ। ਲੇਖਕ ਅਨੁਸਾਰ ਅੱਜ ਦੇ ਸਮੇਂ ਵਿੱਚ ਹਰ ਮਨੁੱਖ ਨੂੰ ਆਪਣੀ ਸੁਰੱਖਿਆ ਕਰਨੀ ਸਿੱਖਣੀ ਚਾਹੀਦੀ ਹੈ। ਇਸ ਲਈ ਉਹ ਜੂਡੋ ਜਾਂ ਕਰਾਟੇ ਵਰਗੀਆਂ ਖੇਡਾਂ ਨੂੰ ਅਪਣਾ ਕੇ ਜਿੱਥੇ ਹਮਲੇ ਤੋਂ ਬਚਾਅ ਕਰਦਾ ਹੈ ਉੱਥੇ ਨਾਲ ਹੀ ਸਰੀਰਕ ਤੌਰ ਉੱਤੇ ਤੰਦਰੁਸਤ ਵੀ ਰਹਿ ਸਕਦਾ ਹੈ। ਇਸ ਲੇਖ ਵਿੱਚ ਲੇਖਕ ਨੇ ਬੱਚਿਆਂ ਜਾਂ ਔਰਤਾਂ ਉੱਪਰ ਹਮਲੇ ਨੂੰ ਰੋਕਣ ਲਈ ਆਤਮ-ਰੱਖਿਆ ਦਾ ਆਸਾਨ ਤਰੀਕਾ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਮਨੁੱਖ ਲਈ ਕਿਹੜੀ ਸ਼ੈਅ ਡਰ ਦਾ ਵਿਸ਼ਾ ਬਣੀ ਰਹੀ ਹੈ ?

(ii) ਆਹਮੋ-ਸਾਹਮਣੇ ਦੀ ਲੜਾਈ ਵਿੱਚ ਕਿਹੜੇ ਤਰੀਕੇ ਅਪਣਾ ਕੇ ਅਸੀਂ ਸਵੈ-ਰੱਖਿਆ ਕਰ ਸਕਦੇ ਹਾਂ।

(iii) ਕਮਰ ਦੇ ਹੇਠਲੇ ਹਿੱਸੇ ਦੀ ਰੱਖਿਆ ਕਿਵੇਂ ਕੀਤੀ ਜਾ ਸਕਦੀ ਹੈ ?

(iv) ਕਰਾਟੇ ਦਾ ਕੀ ਅਰਥ ਹੈ ?

(v) ਕਰਾਟੇ ਦਾ ਆਰੰਭ ਪ੍ਰਾਚੀਨ ਸਮੇਂ ਵਿੱਚ ਕਿੱਥੇ ਹੋਇਆ ?



(vi) ਹੱਥਾਂ ਅਤੇ ਪੈਰਾਂ ਨਾਲ ਅਸੀਂ ਆਪਣੀ ਰੱਖਿਆ ਕਿਵੇਂ ਕਰ ਸਕਦੇ ਹਾਂ ?

(vii) ਦੁਸ਼ਮਣ ਨੂੰ ਸਰੀਰਕ ਤੌਰ ਤੇ ਨੁਕਸਾਨ ਪਹੁੰਚਾਉਣ ਲਈ ਕੀ ਕੀਤਾ ਜਾ ਸਕਦਾ ਹੈ ?

## ਆਓ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ :

(i) ਸਵੈ-ਰੱਖਿਆ ਨੂੰ ਪ੍ਰਗਟਾਉਣ ਵਾਲੇ ਤਰੀਕਿਆਂ ਦਾ ਸੁੰਦਰ ਚਾਰਟ ਬਣਾਉ।

(ii) ਭਾਰਤ ਦੇ ਹੋਰ ਸੂਬਿਆਂ ਵਿੱਚ ਸਵੈ-ਰੱਖਿਆ ਲਈ ਅਪਣਾਏ ਜਾਂਦੇ ਸਾਧਨਾਂ ਬਾਰੇ ਤਸਵੀਰਾਂ ਸਹਿਤ ਜਾਣਕਾਰੀ ਦਿਉ।

(iii) ਅਜੋਕੇ ਸਮੇਂ ਵਿੱਚ ਰੱਖਿਆ ਦੇ ਵੱਖੋ-ਵੱਖਰੇ ਤਰੀਕਿਆਂ ਨੂੰ ਸਿੱਖਣਾ ਕਿਉਂ ਜ਼ਰੂਰੀ ਹੈ ?

(iv) ਕੀ ਤੁਸੀਂ ਕਦੇ ਕਿਸੇ ਦੇ ਹਮਲੇ ਦਾ ਸ਼ਿਕਾਰ ਹੋਏ ਹੋ ? ਤੁਸੀਂ ਆਪਣੀ ਰੱਖਿਆ ਕਿਵੇਂ ਕੀਤੀ ? ਵਿਸਤਾਰ ਵਿੱਚ ਸਮਝਾਉ।

(v) ਕੀ ਤੁਹਾਨੂੰ ਕਰਾਟੇ ਸਿੱਖਣ ਵਿੱਚ ਦਿਲਚਸਪੀ ਹੈ ? ਇਸ ਖੇਡ ਦੇ ਗੁਣਾਂ ਉੱਪਰ ਰੌਸ਼ਨੀ ਪਾਉ।

### ਅ. ਪਾਠ ਦੇ ਆਧਾਰ 'ਤੇ ਠੀਕ ( ✔ ) ਤੇ ਗ਼ਲਤ ( ✖ ) ਦਾ ਨਿਸ਼ਾਨ ਬਣਾਉ :

(i) ਕਰਾਟੇ ਦਾ ਅਰੰਭ ਫਰਾਂਸ ਵਿੱਚ ਹੋਇਆ ਸੀ। ☐

(ii) ਲੱਤਾਂ ਜਾਂ ਕਮਰ ਉੱਤੇ ਕੀਤੇ ਵਾਰ ਨੂੰ ਪੈਰੀ ਆਖਦੇ ਹਨ। ☐

(iii) ਗੋਡੇ ਕਮਜ਼ੋਰ ਹੱਡੀਆਂ ਦਾ ਇੱਕ ਜੋੜ ਹੈ। ☐

(iv) ਪੈਰ ਦਾ ਠੁੱਡ ਕੁਝ ਨਹੀਂ ਕਰ ਸਕਦਾ। ☐

(v) ਹੱਥਾਂ ਨਾਲ ਵੀ ਦੁਸ਼ਮਣ ਨੂੰ ਚਿੱਤ ਕੀਤਾ ਜਾ ਸਕਦਾ ਹੈ। ☐

### ੲ. ਖਾਲੀ ਥਾਵਾਂ ਭਰੋ :

(i) ਜਾਪਾਨੀ ਭਾਸ਼ਾ ਵਿਚ 'ਕਰ' ਨੂੰ ... ਆਖਦੇ ਹਨ।

(ii) ਗਤਕੇਬਾਜ਼ੀ ਵਿੱਚ ... ਦੇ ਤਰੀਕੇ ਸਿਖਾਏ ਜਾਂਦੇ ਹਨ।

(iii) ਹੇਠਾਂ ਡਿੱਗੇ ਦੁਸ਼ਮਣ ਨੂੰ ... ਦੀ ਸੱਟ ਨਾਲ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ।

(iv) ਵਾਚਮੈਨ ਨੇ ਫ਼ੈਕਟਰੀ ਵਿੱਚ ... ਦਾ ਸਾਹਮਣਾ ਕੀਤਾ।

(v) ਕਰਾਟਿਆਂ ਦੇ ਅਭਿਆਸ ਨਾਲ ਸਰੀਰ ... ਬਣਦਾ ਹੈ।

| | |
|---|---|
| ਗੋਡੇ | ਪੈਰੀ |
| ਸ਼ੇਰ | |
| ਲਚਕਦਾਰ | ਖਾਲੀ |

### ਸ. ਜੋੜੇ ਬਣਾਉ :

| | |
|---|---|
| ਕਰ | ਸ਼ੇਰ |
| ਵਾਚਮੈਨ | ਖਾਲੀ |
| ਟੇ | ਗੁਰੂ |
| ਮੀਚਨ ਫੋਨਾਕਸ਼ੀ | ਹੱਥ |

### ਹ. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :

(i) ਦੁਸ਼ਮਣ ...

(ii) ਰੱਖਿਆ ...

(iii) ਨਿਹੱਥਾ

(iv) ਤਾਕਤਵਰ

### ਕ. ਸਮਾਨਾਰਥਕ ਸ਼ਬਦ ਲਿਖੋ :

(i) ਉਪਾਅ ...

(ii) ਜਿਸਮਾਨੀ ...

(iii) ਪੰਚ ...

(iv) ਮੁਹਾਰਤ

### ਖ. ਵਾਕ ਬਣਾਉ :

(i) ਸਵੈ-ਰੱਖਿਆ ... ... ... ...

(i) ਨੁਕਸਾਨ ਪਹੁੰਚਾਉਣਾ ... ... ... ...

(i) ਟੁਕੜੇ ਕਰ ਦੇਣਾ ... ... ... ...

(i) ਲਚਕਦਾਰ ... ... ... ...

# ਪੰਜਾਬੀ ਵਿਰਸਾ

## ਹਰਕੇਸ਼ ਸਿੰਘ ਕਹਿਲ



### ਸ਼ਖ਼ਸੀਅਤ ਤੇ ਰਚਨਾ

ਹਰਕੇਸ਼ ਸਿੰਘ ਕਹਿਲ ਦਾ ਜਨਮ ਪੰਜਾਬ ਦੇ ਜ਼ਿਲ੍ਹਾ ਸੰਗਰੂਰ ਦੇ ਸੰਦੋੜ ਪਿੰਡ ਵਿਖੇ ਹੋਇਆ। ਬਤੌਰ ਪੀ.ਸੀ.ਐੱਸ. ਅਧਿਕਾਰੀ ਸੇਵਾ-ਮੁਕਤ ਹੋਏ ਕਹਿਲ ਨੇ ਦਰਜਨਾਂ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। ਇਨ੍ਹਾਂ ਵਿਚ ਸ਼ਾਮਲ ਹਨ— 'ਲੋਕਗੀਤਾਂ ਵਿਚ ਪੰਜਾਬੀ ਜੀਵਨ', 'ਪੰਜਾਬੀ ਲੋਕ ਵਿਰਸਾ', 'ਮੇਰੇ ਪਿੰਡ ਦੀ ਬਦਲੀ ਨੁਹਾਰ', 'ਘੁੱਗੀਮਾਰ ਅਫ਼ਸਰ', 'ਅਲੋਪ ਹੋ ਗਏ ਰਸਮ ਰਿਵਾਜ' ਆਦਿ। ਕਹਿਲ ਨੇ ਸਰਲ ਤੇ ਸਪਸ਼ਟ ਤਰੀਕੇ ਨਾਲ ਪੰਜਾਬੀ ਲੋਕ ਵਿਰਸਾ ਪ੍ਰਸਤੁਤ ਕਰਨ ਦਾ ਜਤਨ ਕੀਤਾ ਹੈ।

### ਸਰ੍ਹੋਂ ਦਾ ਸਾਗ

ਸਰ੍ਹੋਂ ਦੇ ਹਰੇ ਪੱਤੇ/ਗੰਦਲਾਂ ਨੂੰ, ਜੋ ਰਿੰਨ ਕੇ ਸਬਜ਼ੀ ਵਜੋਂ ਖਾਧੇ ਜਾਂਦੇ ਹਨ, ਸਰ੍ਹੋਂ ਦਾ ਸਾਗ ਕਹਿੰਦੇ ਹਨ। ਸਿਆਲ ਦੇ ਮੌਸਮ ਵਿਚ ਸਰ੍ਹੋਂ ਦਾ ਸਾਗ ਖਾਣਾ ਪੰਜਾਬੀਆਂ ਦੀ ਮਨ-ਭਾਉਂਦੀ ਸਬਜ਼ੀ ਹੈ। ਸਾਗ ਲੋਹਾ, ਕੈਲਸ਼ੀਅਮ ਤੇ ਵਿਟਾਮਿਨ ਦਾ ਭੰਡਾਰ ਹੈ। ਪਹਿਲਾਂ ਸਰ੍ਹੋਂ ਦੇ ਪੱਤਿਆਂ ਦਾ ਸਾਗ ਬਣਾਇਆ ਜਾਂਦਾ ਹੈ। ਇਸ ਵਿਚ ਥੋੜ੍ਹਾ ਜਿਹਾ ਬਾਥੂ ਤੇ ਪਾਲਕ ਵੀ ਪਾ ਲੈਂਦੇ ਹਨ। ਜਦ ਸਰ੍ਹੋਂ ਦੀਆਂ ਗੰਦਲਾਂ ਨਿਕਲ ਆਉਂਦੀਆਂ ਹਨ, ਉਸ ਸਮੇਂ ਗੰਦਲਾਂ ਦਾ ਸਾਗ ਬਣਾਉਂਦੇ ਹਨ। ਹੱਥ ਨਾਲ ਸਾਗ ਚੀਰਨ ਵਾਲੀ ਦਾਤੀ ਨਾਲ ਪਹਿਲਾਂ ਸਰ੍ਹੋਂ ਦੇ ਪੱਤਿਆਂ/ਗੰਦਲਾਂ ਨੂੰ ਚੀਰਿਆ ਜਾਂਦਾ ਹੈ। ਵਿਚ ਬਾਥੂ ਤੇ ਪਾਲਕ ਚੀਰ ਲੈਂਦੇ ਹਨ। ਮਿੱਟੀ ਦੀ ਤੌੜੀ ਵਿਚ ਥੋੜ੍ਹਾ ਜਿਹਾ ਪਾਣੀ ਪਾ ਕੇ ਗਰਮ ਕਰਨ ਲਈ ਚੁੱਲ੍ਹੇ ਉੱਪਰ ਰੱਖਿਆ ਜਾਂਦਾ ਹੈ। ਚੁੱਲ੍ਹੇ ਵਿਚ ਲੱਕੜਾਂ, ਪਾਥੀਆਂ ਅਤੇ ਗੁੱਲਾਂ ਨਾਲ ਅੱਗ ਬਾਲੀ ਜਾਂਦੀ ਹੈ। ਜਦ ਪਾਣੀ ਗਰਮ ਹੋ ਜਾਂਦਾ ਹੈ ਤਾਂ ਉਸ ਵਿਚ ਚੀਰੇ ਹੋਏ ਪੱਤੇ/ਗੰਦਲਾਂ, ਪਾਲਕ ਤੇ ਬਾਥੂ ਪਾ ਦਿੰਦੇ ਹਨ।

#### ਔਖੇ ਸ਼ਬਦਾਂ ਦੇ ਅਰਥ

| | |
|---|---|
| ਚੀਰ | : ਕੱਟਣਾ |
| ਗੰਦਲ | : ਸਰ੍ਹੋਂ ਦੇ ਬੂਟੇ ਦੀ ਮੋਟੀ ਡੰਡੀ |
| ਤੌੜੀ | : ਭਾਂਡਾ, ਬਰਤਨ |
| ਗੁੱਲਾਂ | : ਛੱਲੀ ਦੇ ਦਾਣੇ ਕੱਢਣ ਮਗਰੋਂ ਬਚਿਆ ਹਿੱਸਾ |
| ਪਤੀਲਾ | : ਭਾਂਡਾ, ਬਰਤਨ |

ਵਿਚ ਲੂਣ ਮਿਰਚਾਂ ਪਾ ਦਿੰਦੇ ਹਨ। ਆਮ ਤੌਰ 'ਤੇ ਸਾਗ ਵਿਚ ਹਰੀਆਂ ਮਿਰਚਾਂ ਪਾਉਂਦੇ ਹਨ। ਜਦ ਸਾਗ ਪੂਰਾ ਰਿੱਝ ਜਾਂਦਾ ਹੈ ਤਾਂ ਉਸ ਵਿਚ ਮੱਕੀ ਦੇ ਆਟੇ ਦਾ ਆਲਣ ਪਾ ਕੇ ਘੋਟਣੀ ਨਾਲ ਚੰਗੀ ਤਰ੍ਹਾਂ ਘੋਟਿਆ ਜਾਂਦਾ ਹੈ। ਇਕ ਦਿਨ ਦਾ ਧਰਿਆ ਸਾਗ ਤੜਕਾ ਲਾ ਕੇ ਕਈ-ਕਈ ਦਿਨ ਖਾਧਾ ਜਾਂਦਾ ਹੈ। ਸਭ ਤੋਂ ਸੁਆਦ ਸਾਗ ਸਰ੍ਹੋਂ ਦੀਆਂ ਗੰਦਲਾਂ ਦਾ ਬਣਦਾ ਹੈ। ਬਾਥੂ ਦੀ ਥਾਂ ਹੁਣ ਜ਼ਿਆਦਾ ਪਾਲਕ, ਮੇਥੀ/ਮੇਥੇ ਪਾਇਆ ਜਾਂਦਾ ਹੈ।



ਸਾਗ ਹੁਣ ਪਹਿਲਾਂ ਦੇ ਮੁਕਾਬਲੇ ਘੱਟ ਖਾਧਾ ਜਾਂਦਾ ਹੈ। ਹੁਣ ਦੀਆਂ ਬਹੁਤੀਆਂ ਇਸਤਰੀਆਂ ਸਾਗ ਬਣਾਉਣਾ ਵੀ ਨਹੀਂ ਚਾਹੁੰਦੀਆਂ। ਸਾਗ ਹੁਣ ਹੱਥ ਵਾਲੀ ਦਾਤੀ ਨਾਲ ਨਹੀਂ ਚੀਰਿਆ ਜਾਂਦਾ। ਹੁਣ ਸਾਗ ਚੀਰਨ ਵਾਲੀਆਂ ਮਸ਼ੀਨਾਂ ਬਾਜ਼ਾਰ ਵਿੱਚ ਮਿਲ ਜਾਂਦੀਆਂ ਹਨ। ਸਾਗ ਹੁਣ ਮਿੱਟੀ ਦੀ ਤੌੜੀ ਦੀ ਥਾਂ ਦੇਗ ਦੇ ਪਤੀਲਿਆਂ ਜਾਂ ਪ੍ਰੈਸ਼ਰ ਕੁੱਕਰਾਂ ਵਿਚ ਬਣਾਇਆ ਜਾਂਦਾ ਹੈ। ਕਈ ਪਰਿਵਾਰ ਸਾਗ ਨੂੰ ਹੁਣ ਘੋਟਣੀ ਨਾਲ ਘੋਟਣ ਦੀ ਥਾਂ ਮਿਕਸੀ ਵਿਚ ਘੋਟ ਕੇ ਆਲਣ ਪਾ ਲੈਂਦੇ ਹਨ। ਸਾਗ ਦੀ ਹੁਣ ਪਹਿਲੇ ਵਾਲੀ ਚੜ੍ਹਤ ਨਹੀਂ ਰਹੀ।

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਆਲਣ | : ਸਾਗ ਨੂੰ (mix) ਮਿਲਾਉਣ ਲਈ ਆਟਾ ਪਾਉਣਾ |
| ਘੋਟਣੀ | : ਮੱਧਣੀ (ਸਾਗ ਨੂੰ ਘੋਟ ਕੇ ਮਿਲਾਉਣ ਵਾਲਾ ਜੰਤਰ) |



## ਜੰਡ

ਪਹਿਲੇ ਸਮਿਆਂ ਵਿਚ ਜੰਡ ਦੇ ਰੁੱਖ ਪੰਜਾਬ ਵਿਚ ਆਮ ਸਨ। ਏਸੇ ਕਰਕੇ ਜੰਡਾਂ ਦੇ ਰੁੱਖਾਂ ਨਾਲ ਕਈ ਲੋਕ ਵਿਸ਼ਵਾਸ ਵੀ ਜੁੜੇ ਹੋਏ ਹਨ। ਪਹਿਲੇ ਸਮਿਆਂ ਦੇ ਵਿਆਹਾਂ ਵਿਚ ਕਈ ਜਾਤਾਂ ਵਿਚ ਜੰਡ ਕੱਟਣ/ਜੰਡੀ ਵੱਢਣ ਦਾ ਰਿਵਾਜ਼ ਸੀ। ਜੰਡ ਕੱਟਣ ਦੀ ਰਸਮ ਜੰਨ ਚੜ੍ਹਨ ਸਮੇਂ ਲਾੜਾ ਜੰਡ ਦੁਆਲੇ ਸੱਤ ਗੇੜੇ ਦੇ ਕੇ ਕਰਦਾ ਸੀ। ਕਈ ਹਿੰਦੂ, ਬੱਚੇ ਦੇ ਮੁੰਡਣ ਸਮੇਂ ਜੰਡ ਕੱਟਣ ਦੀ ਰਸਮ ਕਰਦੇ ਹਨ। ਹੋਰ ਵੀ ਹਿੰਦੂਆਂ ਦੀਆਂ ਕਈ ਰਸਮਾਂ ਜੰਡ ਨਾਲ ਜੁੜੀਆਂ ਹੋਈਆਂ ਹਨ। ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਨਾਲ ਸੰਬੰਧਿਤ ਗੁਰਦੁਆਰਾ ਜੰਡਸਰ ਤਲਵੰਡੀ ਸਾਬੋ ਵਿਚ ਹੈ। ਇਥੇ ਇਕ ਜੰਡ ਨਾਲ ਗੁਰੂ ਸਾਹਿਬ ਨੇ ਆਪਣਾ ਘੋੜਾ ਬੰਨ੍ਹਿਆ ਸੀ। ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਕੇ ਗੁਰੂ ਗੋਬਿੰਦ ਸਿੰਘ ਜੀ ਕੁਝ ਸਮੇਂ ਇਕ ਜੰਡ ਥੱਲੇ ਠਹਿਰੇ ਸਨ। ਏਥੇ ਵੀ ਜੰਡ ਸਾਹਿਬ ਗੁਰਦੁਆਰਾ ਹੈ। ਪਿੰਡ ਦਾ ਨਾਂ ਵੀ ਜੰਡ ਸਾਹਿਬ ਹੈ। ਏਸੇ ਤਰ੍ਹਾਂ ਹੀ ਹੁਸ਼ਿਆਰਪੁਰ, ਮੁਕਤਸਰ ਤੇ ਫਰੀਦਕੋਟ ਜ਼ਿਲ੍ਹਿਆਂ ਦੇ ਪਿੰਡਾਂ ਵਿਚ ਜਿਥੇ ਗੁਰੂ ਸਾਹਿਬਾਨ ਜੰਡ ਹੇਠ ਆਪ ਠਹਿਰੇ ਜਾਂ ਘੋੜਾ ਬੰਨ੍ਹਿਆਂ, ਉਥੇ ਵੀ ਗੁਰਦੁਆਰੇ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਗੇੜੇ | : ਚੱਕਰ |
| ਭਰਮਾਰ | : ਬਹੁਤ ਜ਼ਿਆਦਾ, ਬਹੁਲਤਾ |
| ਖੋਲ | : ਸੁਰਾਖ਼ |
| ਏਰੀਏ | : ਇਲਾਕੇ |



ਬਣੇ ਹੋਏ ਹਨ। ਮਿਰਜ਼ਾ ਸਾਹਿਬਾਂ ਦੀ ਪ੍ਰੇਮ ਕਹਾਣੀ ਦਾ ਅੰਤ ਵੀ ਮਿਰਜ਼ੇ ਦਾ ਕਤਲ ਸਾਹਿਬਾਂ ਦੇ ਭਰਾਵਾਂ ਵੱਲੋਂ ਜੰਡ ਦੇ ਰੁੱਖ ਥੱਲੇ ਕਰ ਕੇ ਕੀਤਾ ਗਿਆ ਸੀ। ਬ੍ਰਾਹਮਣ, ਖੱਤਰੀ ਤੇ ਬਿਸ਼ਨੋਈ ਜਾਤੀ ਵਾਲੇ ਜੰਡ ਦੀ ਪੂਜਾ ਕਰਦੇ ਹਨ। ਇਸ ਤੋਂ ਸਾਫ਼ ਜ਼ਾਹਿਰ ਹੋ ਜਾਂਦਾ ਹੈ ਕਿ ਪੰਜਾਬ ਵਿਚ ਪਹਿਲੇ ਸਮਿਆਂ ਵਿਚ ਜੰਡਾਂ ਦੇ ਰੁੱਖਾਂ ਦੀ ਭਰਮਾਰ ਸੀ।

ਜੰਡ ਜੰਗਲੀ ਰੁੱਖ ਹੈ। ਰੇਤਲੀਆਂ ਅਤੇ ਖੁਸ਼ਕ ਜ਼ਮੀਨਾਂ ਵਿਚ ਹੁੰਦਾ ਹੈ। ਇਸ ਨੂੰ ਫੁੱਲ ਅਪ੍ਰੈਲ-ਮਈ ਵਿਚ ਪੈਂਦੇ ਹਨ। ਫਲੀਆਂ ਜੂਨ ਵਿਚ ਬਣਦੀਆਂ ਹਨ। ਕੱਚੀਆਂ ਫਲੀਆਂ ਨੂੰ ਛੋਟੀਆਂ-ਛੋਟੀਆਂ ਕੱਟ ਕੇ ਲੱਸੀ ਦੇ ਪਨੀਰ ਵਿਚ ਪਾ ਕੇ ਖਾਂਦੇ ਸਨ। ਫਲੀਆਂ ਸੁਕਾ ਕੇ ਜਾਂ ਉਬਾਲ ਕੇ ਵੀ ਖਾਧੀਆਂ ਜਾਂਦੀਆਂ ਸਨ। ਫੁੱਲ, ਸੱਕ ਤੇ ਫਲੀਆਂ ਨੂੰ ਕਈ ਦਵਾਈਆਂ ਵਿਚ ਵੀ ਵਰਤਿਆ ਜਾਂਦਾ ਹੈ। ਬੱਕਰੀਆਂ, ਭੇਡਾਂ ਵੀ ਪੱਤੇ, ਫਲੀਆਂ ਖੁਸ਼ ਹੋ ਕੇ ਖਾਂਦੀਆਂ ਸਨ। ਪੱਤੇ ਚਾਰੇ ਵਜੋਂ ਵਰਤੇ ਜਾਂਦੇ ਸਨ। ਲੱਕੜ, ਗੱਡੇ ਦੇ ਪਹੀਏ, ਖੇਤੀਬਾੜੀ ਦੇ ਸੰਦ, ਘਰ ਬਣਾਉਣ ਅਤੇ ਬਾਲਣ ਦੇ ਕੰਮ ਆਉਂਦੀ ਸੀ। ਜੰਡ ਦਾ ਰੁੱਖ ਜਦ ਬਹੁਤ ਪੁਰਾਣਾ ਹੋ ਜਾਂਦਾ ਸੀ ਤਾਂ ਉਸ ਦੇ ਅੰਦਰ ਖੋਲ ਪੈ ਜਾਂਦਾ ਸੀ। ਇਸ ਖੋਲ ਵਿਚ ਸੱਪ ਆਮ ਤੌਰ 'ਤੇ ਆਪਣੀ ਖੁੱਡ ਬਣਾ ਲੈਂਦੇ ਸਨ।



ਹੁਣ ਪੰਜਾਬ ਦੀ ਸਾਰੀ ਨਿੱਜੀ ਜ਼ਮੀਨ ਆਬਾਦ ਹੈ। ਇਸ ਲਈ ਤੁਹਾਨੂੰ ਕਿਸੇ ਵੀ ਨਿੱਜੀ ਜ਼ਮੀਨ ਵਿਚ ਜੰਡ ਦੇ ਰੁੱਖ ਨਹੀਂ ਮਿਲਣਗੇ। ਹਾਂ, ਸਰਕਾਰੀ ਜੰਗਲ ਜਾਂ ਕੰਢੀ ਏਰੀਏ ਵਿਚ ਸ਼ਾਇਦ ਤੁਹਾਨੂੰ ਜੰਡ ਦੇ ਰੁੱਖ ਮਿਲ ਜਾਣ।

## ਸੱਗੀ

ਸੋਨੇ ਦੀ ਇਕ ਟੂਮ ਨੂੰ, ਜਿਸ ਨੂੰ ਇਸਤਰੀਆਂ ਆਪਣੇ ਸਿਰ ਦੇ ਵਾਲਾਂ ਵਿਚ ਗੁੰਦਦੀਆਂ ਹਨ, ਸੱਗੀ ਕਹਿੰਦੇ ਹਨ। ਕਈ ਇਲਾਕਿਆਂ ਵਿਚ ਇਸ ਨੂੰ ਚੌਂਕ ਵੀ ਕਿਹਾ ਜਾਂਦਾ ਹੈ। ਸੱਗੀ ਜ਼ਿਆਦਾ ਫੁੱਲਾਂ ਨਾਲ ਪਾਈ ਜਾਂਦੀ ਹੈ। ਪਰ ਕਈ ਵੇਰ ਇਸਤਰੀਆਂ ਕੱਲੀ ਸੱਗੀ ਵੀ ਪਾ ਲੈਂਦੀਆਂ ਹਨ। ਸੱਗੀ ਵਿਆਹ ਸਮੇਂ ਪਾਉਣ ਵਾਲੀ ਟੂਮ ਹੈ। ਪਹਿਲੇ ਸਮਿਆਂ ਵਿਚ ਜਦ ਲੋਕਾਂ ਦੀ ਆਰਥਿਕ ਹਾਲਤ ਬਹੁਤੀ ਚੰਗੀ ਨਹੀਂ ਸੀ, ਉਸ

**ਔਖੇ ਸ਼ਬਦਾਂ ਦੇ ਅਰਥ**

ਸੱਗੀ : ਗਹਿਣਾ

ਸਮੇਂ ਹਰ ਪਰਿਵਾਰ ਸੱਗੀ ਪਾਉਣ ਤੋਂ ਅਸਮਰਥ ਹੁੰਦਾ ਸੀ।



ਸੱਗੀ ਦੀ ਸ਼ਕਲ ਮੂਧੀ ਮਾਰੀ ਠੂਠੀ ਵਰਗੀ ਹੁੰਦੀ ਹੈ। ਇਸ ਦੇ ਉਪਰ ਇਕ ਨਿੱਕੀ ਜਿਹੀ ਲੂੰਬੀ ਲੱਗੀ ਹੁੰਦੀ ਹੈ, ਜਿਸ ਵਿਚ ਨਗ ਜੜਿਆ ਹੁੰਦਾ ਹੈ। ਸੱਗੀ ਦਾ ਅੰਦਰਲਾ ਹਿੱਸਾ ਚਾਂਦੀ ਦਾ ਹੁੰਦਾ ਹੈ। ਇਸ ਅੰਦਰਲੇ ਹਿੱਸੇ ਉੱਪਰ ਲਾਖ ਲਾ ਕੇ ਉੱਪਰ ਸੋਨੇ ਦੇ ਪੱਤਰੇ ਨੂੰ ਮੀਨਾਕਾਰੀ ਕਰਕੇ ਲਾਇਆ ਜਾਂਦਾ ਹੈ। ਸੱਗੀ ਦੇ ਅੰਦਰਲੇ ਪਾਸੇ ਕੁੰਡਾ ਲੱਗਿਆ ਹੁੰਦਾ ਹੈ। ਇਸ ਕੁੰਡੇ ਵਿਚੋਂ ਦੀ ਹੀ ਪਰਾਂਦਾ ਲੰਘਾ ਕੇ ਮੀਢੀਆਂ ਵਿਚ ਸੱਗੀ ਗੁੰਦੀ ਜਾਂਦੀ ਹੈ।

ਹੁਣ ਸੱਗੀ ਪਾਉਣ ਦਾ ਰਿਵਾਜ਼ ਬਿਲਕੁਲ ਖ਼ਤਮ ਹੋ ਗਿਆ ਹੈ। ਹੁਣ ਤਾਂ ਸਟੇਜ 'ਤੇ ਗਿੱਧਾ ਪਾ ਰਹੀਆਂ ਤੇ ਨੱਚ ਰਹੀਆਂ ਮੁਟਿਆਰਾਂ ਦੇ ਸਿਰਾਂ 'ਤੇ ਹੀ ਸੱਗੀ ਪਾਈ ਨਜ਼ਰ ਆਉਂਦੀ ਹੈ। ਇਹ ਸੱਗੀ ਵੀ ਨਕਲੀ ਹੁੰਦੀ ਹੈ। ਸੋਨੇ ਦੀ ਨਹੀਂ ਹੁੰਦੀ।



## ਟਿੱਪਣੀ

ਉਪਰੋਕਤ ਪਾਠ ਵਿੱਚ ਲੇਖਕ ਹਰਕੇਸ਼ ਸਿੰਘ ਕਹਿਲ ਨੇ ਪੰਜਾਬੀ ਵਿਰਸੇ ਨਾਲ ਸੰਬੰਧਤ ਮਹੱਤਵਪੂਰਨ ਪੱਖਾਂ ਨੂੰ ਉਜਾਗਰ ਕੀਤਾ ਹੈ। ਸਰ੍ਹੋਂ ਦਾ ਸਾਗ, ਜੰਡ ਦਾ ਰੁੱਖ ਤੇ ਸੱਗੀ ਦਾ ਗਹਿਣਾ ਪੰਜਾਬੀ ਰਹਿਣ-ਸਹਿਣ ਦੇ ਅਟੁੱਟ ਅੰਗ ਰਹੇ ਹਨ। ਪਰ ਸਮੇਂ ਦੇ ਬਦਲਣ ਨਾਲ ਹੁਣ ਇਨ੍ਹਾਂ ਦੀ ਹੋਂਦ ਸੰਕਟ ਵਿੱਚ ਹੈ। ਲੇਖਕ ਨੇ ਇਨ੍ਹਾਂ ਦੇ ਇਤਿਹਾਸਕ, ਸਮਾਜਕ ਮਹੱਤਵ ਅਤੇ ਗੁਣਾਂ ਦੀ ਜਾਣਕਾਰੀ ਦੇ ਕੇ ਇਨ੍ਹਾਂ ਦੀ ਅਹਿਮੀਅਤ ਦਾ ਅਹਿਸਾਸ ਕਰਾਇਆ ਹੈ। ਉਸ ਦਾ ਮੁੱਖ ਮੰਤਵ ਸਾਨੂੰ ਆਪਣੇ ਵਿਰਸੇ ਨਾਲ ਜੋੜੀ ਰੱਖਣ ਤੋਂ ਹੈ। ਉਪਰੋਕਤ ਸਭ ਵਿਸ਼ਿਆਂ ਦੇ ਅਖ਼ੀਰ 'ਚ ਉਹ ਇਨ੍ਹਾਂ ਦੀ ਘਾਟ ਉਪਰ ਚਿੰਤਾ ਪ੍ਰਗਟਾਉਂਦਾ ਹੈ। ਉਹ ਸਾਨੂੰ ਸੁਚੇਤ ਕਰਦਾ ਹੈ ਕਿ ਹੁਣ ਅਸੀਂ ਸਾਗ ਖਾਣਾ ਛੱਡਦੇ ਜਾ ਰਹੇ ਹਾਂ। ਜੰਡ ਦਾ ਰੁੱਖ ਲਗਭਗ ਖ਼ਤਮ ਹੋਣ ਵਾਲਾ ਹੈ। ਸੱਗੀ ਦਾ ਗਹਿਣਾ ਅੱਜਕੱਲ੍ਹ ਕੋਈ ਨਹੀਂ ਪਾਉਂਦਾ। ਇਹ ਸਿਰਫ਼ ਗਿੱਧਾ ਪਾਉਣ ਵਾਲੀਆਂ ਮੁਟਿਆਰਾਂ ਤੱਕ ਹੀ ਸੀਮਿਤ ਰਹਿ ਗਿਆ ਹੈ। ਇਸ ਲਈ ਉਹ ਸਾਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਜਤਨਸ਼ੀਲ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਸਰ੍ਹੋਂ ਦਾ ਸਾਗ ਖਾਣ ਨਾਲ ਕੀ ਫ਼ਾਇਦਾ ਹੁੰਦਾ ਹੈ ?

(ii) ਜੰਡ ਕਿਉਂ ਮਹੱਤਵਪੂਰਨ ਹੈ ?

(iii) ਸੱਗੀ ਕਿਸ ਨੂੰ ਆਖਦੇ ਹਨ ?

(iv) ਸੱਗੀ ਦੀ ਬਣਤਰ ਉਪਰ ਰੌਸ਼ਨੀ ਪਾਉ ?

(v) ਜੰਡ ਕਿੱਥੇ ਹੁੰਦਾ ਹੈ ?

(vi) ਸਰ੍ਹੋਂ ਦੇ ਸਾਗ ਦੀ ਪਕਵਾਨ ਵਿਧੀ ਸਮਝਾਉ।

## ਆਉ ਕੁਝ ਹੋਰ ਕਰੀਏ

**ੳ. ਪਾਠ ਤੋਂ ਅੱਗੇ :**

(i) ਕੀ ਤੁਸੀਂ ਕਦੇ ਸਾਗ ਨਾ ਖਾਣ ਦੀ ਜ਼ਿੱਦ ਕੀਤੀ ਹੈ ? ਇਸ ਲਈ ਤੁਹਾਨੂੰ ਘਰ ਵਾਲਿਆਂ ਜਾਂ ਬਾਹਰ ਵਾਲਿਆਂ ਦੇ ਵਿਰੋਧ ਦਾ ਸਾਹਮਣਾ ਤਾਂ ਨਹੀਂ ਕਰਨਾ ਪਿਆ, ਅਜਿਹੀ ਘਟਨਾ ਦੀ ਵਿਸਤਾਰ ਵਿੱਚ ਜਾਣਕਾਰੀ ਦਿਉ।

(ii) ਗਹਿਣੇ ਪਾਉਣ ਨਾਲ ਲੁੱਟ-ਖੋਹ ਦਾ ਖ਼ਤਰਾ ਬਣਿਆ ਰਹਿੰਦਾ ਹੈ। ਤੁਸੀਂ ਇਸ ਬਾਰੇ ਕੀ ਸੋਚਦੇ ਹੋ ? ਆਪਣੇ ਵਿਚਾਰ ਪੇਸ਼ ਕਰੋ।

(iii) ਕਿਸੇ ਅਜਿਹੇ ਰੁੱਖ ਦਾ ਹਵਾਲਾ ਦਿਉ ਜਿਸ ਦੀ ਲੋਕ ਸਦੀਆਂ ਤੋਂ ਪੂਜਾ ਕਰਦੇ ਆ ਰਹੇ ਹਨ। ਉਸ ਦਾ ਸਮਾਜਕ ਮਹੱਤਵ ਵੀ ਦੱਸੋ।

(iv) ਭਾਰਤੀ ਪਰੰਪਰਾ ਵਿੱਚ ਇਤਿਹਾਸਕ ਰੁੱਖਾਂ ਦੀਆਂ ਤਸਵੀਰਾਂ ਵਾਲਾ ਇੱਕ ਚਾਰਟ ਤਿਆਰ ਕਰੋ।

(v) 'ਰੁੱਖ ਲਾਉ ਸੁਖ ਪਾਉ' ਨਾਹਰੇ ਦੀ ਤਰਜ 'ਤੇ ਰੁੱਖਾਂ ਦੀ ਸਾਂਭ-ਸੰਭਾਲ ਦੀ ਪ੍ਰੇਰਣਾ ਵਾਸਤੇ ਰੁੱਖ ਲਾਉਣ ਬਾਰੇ ਸਕੂਲ ਦੇ ਨੋਟਿਸ ਬੋਰਡ ਲਈ ਪੰਜਾਬੀ ਵਿੱਚ ਇੱਕ ਨੋਟਿਸ ਤਿਆਰ ਕਰੋ।

**ਅ. ਪਾਠ ਦੇ ਆਧਾਰ 'ਤੇ ਠੀਕ ( ✔ ) ਜਾਂ ਗ਼ਲਤ ( ✖ ) ਦਾ ਨਿਸ਼ਾਨ ਬਣਾਉ :**

(i) ਸੱਗੀ ਗਲ ਵਿੱਚ ਪਾਉਣ ਵਾਲਾ ਗਹਿਣਾ ਹੈ। ☐

(ii) ਸਾਗ ਬਣਾਉਣ ਲਈ ਕੋਲਿਆਂ ਦੀ ਅੱਗ ਬਾਲੀ ਜਾਂਦੀ ਹੈ। ☐

(iii) ਪੰਜਾਬੀਆਂ ਵਿੱਚ ਜੰਡੀ ਕੱਟਣ ਦੀ ਕੋਈ ਰਸਮ ਨਹੀਂ ਹੈ। ☐

(iv) ਸਾਗ ਹੁਣ ਪਹਿਲਾਂ ਦੇ ਮੁਕਾਬਲੇ ਵੱਧ ਖਾਧਾ ਜਾਂਦਾ ਹੈ। ☐

(v) ਸੱਗੀ ਵਿਆਹ ਸਮੇਂ ਪਾਉਣ ਵਾਲਾ ਗਹਿਣਾ ਹੈ। ☐

**ੲ. ਖਾਲੀ ਥਾਵਾਂ ਭਰੋ :**

(i) ਸਰ੍ਹੋਂ ਦਾ ਸਾਗ ਪੱਤਿਆਂ ਅਤੇ ... ਦਾ ਬਣਦਾ ਹੈ।

(ii) ਜੰਡ ਦੀ ਲੱਕੜੀ ... ਬਣਾਉਣ ਦੇ ਕੰਮ ਆਉਂਦੀ ਹੈ।

(iii) ਸੱਗੀ ਮੂਧੀ ਮਾਰੀ ... ਵਰਗੀ ਹੁੰਦੀ ਹੈ।

(iv) ਸਾਗ ਨੂੰ ਘੋਟਣ ਲਈ ਇਸ ਵਿੱਚ ਮੱਕੀ ਦਾ ... ਪਾਇਆ ਜਾਂਦਾ ਹੈ।

(v) ਪੰਜਾਬ ਦੀ ਜ਼ਮੀਨ ... ਹੋਣ ਕਰਕੇ ਜੰਡ ਦੇ ਰੁੱਖ ਦੀ ਗਿਣਤੀ ਘਟਦੀ ਜਾ ਰਹੀ ਹੈ।

| | |
|---|---|
| ਠੂਠੀ | ਸੰਦ |
| ਆਟਾ | |
| ਗੰਦਲਾਂ | ਆਬਾਦ |

**ਸ. ਜੋੜੇ ਬਣਾਉ :**

| | |
|---|---|
| ਜੰਡ | ਸਾਗ |
| ਸਰ੍ਹੋਂ | ਗਹਿਣਾ |
| ਸੱਗੀ | ਗੁਰਦੁਆਰਾ |
| ਜੰਡਸਰ | ਲੱਕੜੀ |

# ਗੋਲੀ ਵਾਂਗ ਚਲਦੀ ਬੁਲੇਟ ਟਰੇਨ

## ਡਾ. ਕੁਲਦੀਪ ਸਿੰਘ ਧੀਰ



### ਸ਼ਖ਼ਸੀਅਤ ਤੇ ਰਚਨਾ

ਡਾ. ਕੁਲਦੀਪ ਸਿੰਘ ਧੀਰ ਪੰਜਾਬੀ ਦੇ ਸਰਬਾਂਗੀ ਲੇਖਕ ਹਨ। ਉਨ੍ਹਾਂ ਦਾ ਜਨਮ 15 ਨਵੰਬਰ, 1943 ਨੂੰ ਪਾਕਿਸਤਾਨ ਦੇ ਗੁਜਰਾਤ ਜ਼ਿਲ੍ਹੇ ਦੇ ਮੰਡੀ ਬਹਾਉਦੀਨ ਵਿਖੇ ਪਿਤਾ ਮਾਸਟਰ ਪ੍ਰੇਮ ਸਿੰਘ ਧੀਰ ਦੇ ਘਰ ਮਾਤਾ ਕੁਲਵੰਤ ਕੌਰ ਦੀ ਕੁੱਖੋਂ ਹੋਇਆ। ਡਾ. ਧੀਰ ਨੇ ਪੰਜਾਬੀ ਸਾਹਿਤ ਨੂੰ 62 ਦੇ ਕਰੀਬ ਪੁਸਤਕਾਂ ਪ੍ਰਦਾਨ ਕੀਤੀਆਂ ਹਨ। ਇਨ੍ਹਾਂ ਵਿੱਚ ਆਲੋਚਨਾ, ਰੇਖਾ-ਚਿੱਤਰ, ਤੁਲਨਾਤਮਕ ਸਾਹਿਤ, ਵਿਗਿਆਨ ਵਾਰਤਕ ਆਦਿ ਨਾਲ ਸੰਬੰਧਤ ਪੁਸਤਕਾਂ ਸ਼ਾਮਲ ਹਨ। ਪੇਸ਼ੇ ਤੋਂ ਡਾ. ਧੀਰ ਪੰਜਾਬੀ ਯੂਨੀਵਰਸਿਟੀ ਤੋਂ ਬਤੌਰ ਪ੍ਰੋਫ਼ੈਸਰ ਸੇਵਾ-ਮੁਕਤ ਹੋਏ। ਪੰਜਾਬੀ ਅਖ਼ਬਾਰਾਂ-ਰਸਾਲਿਆਂ ਵਿੱਚ ਵੀ ਡਾ. ਧੀਰ ਦਾ ਬਹੁਤ ਸਾਰਾ ਸਾਹਿਤ ਪ੍ਰਕਾਸ਼ਿਤ ਹੋਇਆ ਹੈ।

### ਗੋਲੀ ਵਾਂਗ ਚਲਦੀ ਬੁਲੇਟ ਟਰੇਨ

ਤੇਜ਼ ਰਫ਼ਤਾਰ ਨਾਲ ਚੱਲਣ ਵਾਲੀ ਰੇਲਗੱਡੀ ਨੂੰ ਆਮ ਕਰਕੇ ਬੁਲੇਟ ਟਰੇਨ ਕਿਹਾ ਜਾਂਦਾ ਹੈ। ਇਹ ਕੋਈ ਤਕਨੀਕੀ ਸ਼ਬਦ ਜਾਂ ਸੰਕੇਤ ਨਹੀਂ ਹੈ। ਗੋਲੀ ਵਾਂਗ ਜਾਂਦੀ ਗੱਡੀ ਨੂੰ, ਹੋਰ ਕੋਈ ਆਖੇ ਵੀ ਕੀ ? ਇਸੇ ਲਈ ਜਾਪਾਨ ਵਿੱਚ ਜਦੋਂ ਪਹਿਲੀ ਤੇਜ਼ ਰਫ਼ਤਾਰ ਵਾਲੀ ਰੇਲਗੱਡੀ ਸ਼ਿੰਕਨਸੇਨ ਚੱਲੀ ਤਾਂ ਲੋਕਾਂ ਨੇ ਗ਼ੈਰ-ਸਰਕਾਰੀ ਤੌਰ 'ਤੇ ਇਸ ਨੂੰ ਬੁਲੇਟ ਟਰੇਨ ਦਾ ਨਿੱਕਾ ਨਾਂ ਦਿੱਤਾ। ਤੇਜ਼ ਰਫ਼ਤਾਰੀ ਦੇ ਇਸ ਯੁੱਗ ਵਿੱਚ ਤੇਜ਼ ਰਫ਼ਤਾਰੀ ਕਿਸ ਨੂੰ ਕਿਹਾ ਜਾਵੇ ? ਮਾਲ, ਪੈਸੰਜਰ, ਐਕਸਪ੍ਰੈਸ, ਮੇਲ, ਸੁਪਰ-ਫਾਸਟ ਗੱਡੀਆਂ ਕ੍ਰਮਵਾਰ ਇੱਕ-ਦੂਜੀ ਤੋਂ ਵੱਧ ਤੇਜ਼ ਚਲਦੀਆਂ ਹਨ। ਯੂਰਪੀਅਨ ਯੂਨੀਅਨ ਨੇ ਇਸ ਸਿਲਸਿਲੇ ਵਿੱਚ ਹਾਈ ਜਾਂ ਉੱਚੀ ਸਪੀਡ ਦਾ ਵਿਸ਼ੇਸ਼ਣ ਉਨ੍ਹਾਂ ਗੱਡੀਆਂ ਲਈ ਵਰਤਣ ਦਾ ਫ਼ੈਸਲਾ ਕੀਤਾ ਹੈ ਜੋ ਉੱਚੇ ਵੇਗ ਉੱਤੇ ਸਫ਼ਰ ਲਈ ਬਣੇ ਵਿਸ਼ੇਸ਼ ਕਿਸਮ ਦੇ ਟਰੈਕ ਉੱਤੇ ਘੱਟੋ-ਘੱਟ

**ਔਖੇ ਸ਼ਬਦਾਂ ਦੇ ਅਰਥ**

ਰਫ਼ਤਾਰੀ : ਤੇਜ਼ ਗਤੀ
ਵੇਗ : ਗਤੀ

ਦੋ ਸੌ ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਉੱਤੇ ਚੱਲਣ। ਰੇਲਵੇ ਦੀ ਅੰਤਰਰਾਸ਼ਟਰੀ ਯੂਨੀਅਨ ਉੱਚ ਸਪੀਡ ਰੇਲਵੇ ਨੂੰ ਗੱਡੀ ਦੀ ਸਪੀਡ ਤਕ ਸੀਮਤ ਕਰਕੇ ਨਹੀਂ ਵੇਖਦੀ, ਇਸ ਦਾ ਸਬੰਧ ਰੇਲ ਟਰੈਕ, ਸੰਚਾਰ, ਬਰੇਕਾਂ ਤੇ ਤਕਨਾਲੋਜੀ ਦੇ ਪੂਰੇ ਤਾਣੇ-ਬਾਣੇ ਨਾਲ ਜੋੜਦੀ ਹੈ।

ਭਾਰਤ ਦੁਨੀਆਂ ਦੇ ਵੱਡੇ ਰੇਲ ਸੰਚਾਰ ਪ੍ਰਬੰਧਾਂ ਵਾਲੇ ਮੁਲਕਾਂ ਵਿੱਚੋਂ ਇੱਕ ਹੈ। ਇੱਥੋਂ ਦੀਆਂ ਰੇਲਾਂ ਬਹੁਤ ਪੁਰਾਣੀਆਂ ਹਨ। ਮੂਲ ਰੂਪ ਵਿੱਚ ਇਨ੍ਹਾਂ ਕੋਲ ਦੋ ਸੌ ਕਿਲੋਮੀਟਰ ਪ੍ਰਤੀ ਘੰਟਾ ਤੋਂ ਵੱਧ ਰਫ਼ਤਾਰ ਵਾਲੀਆਂ ਗੱਡੀਆਂ ਨੂੰ ਸੰਭਾਲਣ ਦੀ ਸਮਰੱਥਾ ਨਹੀਂ ਹੈ। ਜ਼ਮਾਨੇ ਦੇ ਬਦਲਣ ਨਾਲ ਉੱਚ ਸਪੀਡ ਗੱਡੀਆਂ ਬਾਰੇ ਗੱਲ ਤੁਰੀ ਤਾਂ ਸਾਡੀ ਸਰਕਾਰ ਨੇ ਸਾਬਕਾ ਰਾਸ਼ਟਰਪਤੀ ਏ.ਪੀ.ਜੇ. ਅਬਦੁਲ ਕਲਾਮ ਦੇ ਸੁਝਾਅ ਮੁਤਾਬਕ ਰੇਲਵੇ ਲਈ ਵਿਜ਼ਨ-2020 ਤਿਆਰ ਕੀਤਾ। ਇਸ ਦੀ ਰੂਪ-ਰੇਖਾ ਇੱਕ ਵ੍ਹਾਈਟ ਪੇਪਰ ਦੇ ਰੂਪ ਵਿੱਚ 18 ਦਸੰਬਰ, 2009 ਨੂੰ ਪਾਰਲੀਮੈਂਟ ਵਿੱਚ ਪੇਸ਼ ਕੀਤੀ ਗਈ। ਰੇਲ ਮੰਤਰਾਲੇ ਨੇ ਪਰੰਪਰਾਗਤ ਤਕਨਾਲੋਜੀ ਅਤੇ ਰੇਲ ਪ੍ਰਬੰਧਾਂ ਨਾਲ ਹੀ ਰਫ਼ਤਾਰ 130 ਕਿਲੋਮੀਟਰ ਤੋਂ ਵਧਾ ਕੇ 160 ਤੇ 200 ਕਿਲੋਮੀਟਰ ਪ੍ਰਤੀ ਘੰਟਾ ਤਕ ਕਰਨ ਦਾ ਨਿਰਣਾ ਰੇਲਵੇ ਕ੍ਰਾਂਤੀ ਵੱਲ ਪਹਿਲਾ ਕਦਮ ਮੰਨਿਆ। ਇਸ ਦੇ ਨਾਲ ਹੀ 200 ਤੋਂ 300 ਜਾਂ 350 ਕਿਲੋਮੀਟਰ ਪ੍ਰਤੀ ਘੰਟਾ ਰਫ਼ਤਾਰ ਵਾਲੇ ਰੂਟ ਚੁਣੇ ਗਏ। ਇਨ੍ਹਾਂ ਨੂੰ ਹਾਈ ਸਪੀਡ ਕੌਰੀਡੋਰ ਦਾ ਨਾਂ ਦਿੱਤਾ ਗਿਆ। ਇਹ ਸਭ ਕੌਰੀਡੋਰ ਸਨ : ਦਿੱਲੀ-ਚੰਡੀਗੜ੍ਹ-ਅੰਮ੍ਰਿਤਸਰ (450 ਕਿਲੋਮੀਟਰ), ਪੁਣੇ-ਮੁੰਬਈ-ਅਹਿਮਦਾਬਾਦ (650 ਕਿਲੋਮੀਟਰ), ਹੈਦਰਾਬਾਦ-ਵਿਜੇਵਾੜਾ-ਚੇਨੱਈ (864 ਕਿਲੋਮੀਟਰ), ਹਾਵੜਾ-ਹਲਦੀਆ (135 ਕਿਲੋਮੀਟਰ), ਚੇਨੱਈ-ਬੰਗਲੌਰ-ਕੋਇੰਬਟੂਰ-ਅਰਨਾਕੁਲਮ (1850 ਕਿਲੋਮੀਟਰ), ਦਿੱਲੀ-ਆਗਰਾ-ਲਖਲਊ-ਵਾਰਾਨਸੀ-ਪਟਨਾ (991 ਕਿਲੋਮੀਟਰ) ਅਤੇ ਅਰਨਾਕੁਲਮ-ਤਿਰਵਿੰਦਰਮ (194 ਕਿਲੋਮੀਟਰ)। ਅਕਤੂਬਰ 2013 ਵਿੱਚ ਹਾਈ ਸਪੀਡ ਰੇਲ ਕਾਰਪੋਰੇਸ਼ਨ ਬਣਾ ਕੇ ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਅਗਵਾਈ ਹੇਠ ਸਰਕਾਰ ਨੇ ਬੁਲੇਟ ਟਰੇਨਾਂ ਦਾ ਭਾਰਤੀਆਂ ਦਾ ਸੁਫ਼ਨਾ ਛੇਤੀ ਪੂਰਾ ਕਰਨ ਵੱਲ ਇੱਕ ਹੋਰ ਹੰਭਲਾ ਮਾਰਿਆ।

ਡਾ. ਮਨਮੋਹਨ ਸਿੰਘ ਆਪਣੇ ਯਤਨਾਂ ਦਾ ਸਾਕਾਰ ਰੂਪ ਪ੍ਰਧਾਨ ਮੰਤਰੀ ਵਜੋਂ ਨਹੀਂ ਦੇਖ ਸਕੇ। ਉਨ੍ਹਾਂ ਦਾ ਕਾਰਜ ਕਾਲ ਪੂਰਾ ਹੋ ਗਿਆ। ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਨਵੀਂ ਸਰਕਾਰ ਬਣੀ। ਤਿੰਨ ਜੁਲਾਈ 2014 ਨੂੰ ਦਿੱਲੀ-ਆਗਰਾ ਵਿਚਾਲੇ ਪਹਿਲੀ ਤੇਜ਼ ਟਰੇਨ ਚੱਲੀ। ਕੁੱਲ 100 ਮਿੰਟ ਵਿੱਚ ਇਸ ਨੇ ਇਹ ਦੂਰੀ ਤੈਅ ਕਰ ਲਈ। ਰੇਲ ਅਧਿਕਾਰੀਆਂ



### ਔਖੇ ਸ਼ਬਦਾਂ ਦੇ ਅਰਥ

ਕਾਂਬੇ :ਕੰਪਕੰਪਾਹਟ
ਕਲਾਵੇ :ਪਕੜ ਵਿੱਚ
ਖ਼ਲਾਅ :ਪੁਲਾੜ, ਆਕਾਸ਼
ਮੁਲਕਾਂ :ਦੇਸ਼ਾਂ
ਮੁਤਾਬਕ :ਅਨੁਸਾਰ
ਨਿਰਣਾ :ਫ਼ੈਸਲਾ
ਤਤਕਾਲੀ :ਉਸ ਸਮੇਂ ਦੇ
ਹੰਭਲਾ :ਉਪਰਾਲਾ, ਕੋਸ਼ਿਸ਼
ਵ੍ਹਾਈਟ ਪੇਪਰ :ਜਾਣਕਾਰੀ ਲਈ ਛਾਪੀ ਸਰਕਾਰੀ ਰਿਪੋਰਟ
ਸਾਕਾਰ :ਪ੍ਰਤੱਖ, ਅਸਲ, ਆਕਾਰ ਵਾਲਾ
ਕਾਰਜਕਾਲ :ਅਹੁਦੇ ਦਾ ਸਮਾਂ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਮੁਕਾਇਆ | :ਖ਼ਤਮ, ਪੂਰਾ |
| ਅਸਫਾਲਟ | :ਲੁੱਕ ਬੱਜਰੀ ਦਾ ਮਸਾਲਾ, ਪੱਕੀ ਸੜਕ |
| ਵਿੱਥ | :ਵਕਫ਼ਾ |
| ਪਰੰਪਰਾਗਾਤ | :ਰਵਾਇਤੀ, ਪੁਰਾਣਾ |
| ਭਾਰ | :ਵਜ਼ਨ |
| ਝੰਜਟ | :ਤਕਲੀਫ਼, ਸਮੱਸਿਆ, ਬਖੇੜਾ |
| ਧਾਰਾ | :ਵਹਾਅ, ਪਰਵਾਹ |
| ਨੋਕ | :ਤਿੱਖਾ |
| ਖੋਖਲੇ | :ਖਾਲੀ, ਪੋਲੇ |
| ਰੋਧਕ | :ਰੋਕਥਾਮ |
| ਸ਼ੈਅ | :ਚੀਜ਼, ਵਸਤ |
| ਵਿਛੀ | :ਪਾਈ ਹੋਈ, ਵਿਛਾਈ ਹੋਈ |
| ਪੁਨਰ | :ਦੁਬਾਰਾ, ਮੁੜ ਤੋਂ |
| ਊਰਜਾ | :ਸ਼ਕਤੀ, ਤਾਕਤ |
| ਯਾਂਤਰਿਕ | :ਯੰਤਰ ਸੰਬੰਧੀ, ਮਕੈਨੀਕਲ |
| ਬਿਜਲਈ ਊਰਜਾ | :ਬਿਜਲੀ ਦੀ ਸ਼ਕਤੀ |
| ਮੁੜ | :ਦੁਬਾਰਾ, ਫਿਰ ਤੋਂ |
| ਰੇਸ਼ਿਆਂ | :ਤੰਦਾਂ, ਤਾਰਾਂ, ਤੰਤਾਂ |
| ਪ੍ਰਤੀਰੋਧੀ | :ਵਿਰੋਧੀ, ਟਾਕਰਾ ਕਰਨ ਵਾਲਾ |

ਨੇ ਕਿਹਾ ਕਿ ਕੁਝ ਹੀ ਦਿਨਾਂ ਵਿੱਚ ਇਹ ਗੱਡੀ ਹੋਰ ਤੇਜ਼ ਕਰਕੇ ਸਫ਼ਰ ਨੱਬੇ ਮਿੰਟ ਵਿੱਚ ਮੁਕਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਇਹ ਬੁਲੇਟ ਟਰੇਨ ਨਹੀਂ, ਸੈਮੀ ਬੁਲੇਟ ਟਰੇਨ ਹੀ ਹੈ। ਅਸਲੀ ਬੁਲੇਟ ਟਰੇਨਾਂ ਲਈ ਟਰੈਕ ਬਣ ਰਹੇ ਹਨ। ਅਜੇ ਇਹ ਟਰੈਕ ਤਿੱਖੇ ਮੋੜ ਨਹੀਂ ਮੁੜਦੇ ਤਾਂ ਕਿ ਮੋੜਾਂ ਉੱਤੇ ਰਫ਼ਤਾਰ ਘਟਾਉਣੀ ਨਾ ਪਵੇ। ਇਨ੍ਹਾਂ ਦੇ ਟਰੈਕਾਂ ਉੱਤੇ ਪੱਥਰ ਦੀ ਬੱਜਰੀ ਦੀ ਥਾਂ ਕੰਕਰੀਟ/ਅਸਫਾਲਟ ਦੀਆਂ ਸਲੈਬਾਂ ਹੁੰਦੀਆਂ ਹਨ, ਜਿਨ੍ਹਾਂ ਨਾਲ ਟਰੈਕ ਦੀ ਸਮਰੱਥਾ ਵਧਦੀ ਹੈ। ਰੇਲਾਂ ਵਿੱਚ ਥਾਂ-ਥਾਂ ਰੇਲਾਂ ਨੂੰ ਵਿੱਥ ਰੱਖ ਕੇ ਨਟਾਂ-ਬੋਲਟਾਂ ਨਾਲ ਜੋੜਨ ਦੀ ਬਜਾਇ ਲੰਮੀ ਦੂਰੀ ਤਕ ਵੈਲਡ ਕਰਕੇ ਸਿਰੇ ਓਵਰਲੈਪ ਕਰਾਏ ਜਾਂਦੇ ਹਨ। ਇੱਕ-ਦੂਜੀ ਉੱਤੇ ਰੱਖੇ ਜਾਂਦੇ ਹਨ। ਇਸ ਨਾਲ ਤੇਜ਼ ਰਫ਼ਤਾਰ ਉੱਤੇ ਝਟਕੇ ਨਹੀਂ ਪੈਂਦੇ। ਸ਼ੋਰ ਨਹੀਂ ਹੁੰਦਾ। ਟਰੈਕ ਦੀ ਗੋਲਾਈ ਲਈ ਸਾਢੇ ਚਾਰ ਕਿਲੋਮੀਟਰ ਜਾਂ ਇਸ ਤੋਂ ਵੀ ਵੱਡਾ ਅਰਧ-ਵਿਆਸ ਵਰਤਣ ਦਾ ਜਤਨ ਕੀਤਾ ਜਾਂਦਾ ਹੈ। ਅਕਸਰ ਹੀ ਰੇਲਾਂ ਵਿੱਚ ਗੇਜ-ਵਿੱਥ 1435 ਮਿਲੀਮੀਟਰ ਰੱਖੀ ਜਾਂਦੀ ਹੈ।

ਬੁਲੇਟ ਟਰੇਨਾਂ ਦੇ ਇੰਜਣ, ਡੱਬੇ, ਚਾਲਣ, ਬਰੇਕ ਤੇ ਕੰਟਰੋਲ ਦਾ ਸਾਰਾ ਪ੍ਰਬੰਧ ਹੀ ਪਰੰਪਰਾਗਤ ਗੱਡੀਆਂ ਤੋਂ ਰਤਾ ਵੱਖਰਾ ਹੁੰਦਾ ਹੈ। ਕਦਮ-ਕਦਮ ਉੱਤੇ ਭਾਰ ਘਟਾਉਣ ਦੀ ਸੋਚੀ ਜਾਂਦੀ ਹੈ। ਛੇਤੀ ਬਰੇਕ ਲਾਉਣ ਦਾ ਪ੍ਰਬੰਧ ਕਰਨਾ ਪੈਂਦਾ ਹੈ। ਫਾਟਕਾਂ ਨੂੰ ਬੰਦ ਕਰਨ ਦੇ ਝੰਜਟਾਂ ਉੱਤੇ ਕਾਬੂ ਪਾਉਣਾ ਪੈਂਦਾ ਹੈ। ਹਵਾ ਦੀ ਰਗੜ ਘਟਾਉਣ ਲਈ ਇੰਜਣ/ਡੱਬਿਆਂ ਦੀ ਸ਼ਕਲ ਨੂੰ ਜਹਾਜ਼ ਵਾਂਗ ਸਟਰੀਮ-ਲਾਈਨ ਕੀਤਾ ਜਾਂਦਾ ਹੈ। ਹਵਾ ਦੀ ਧਾਰਾ ਵਿੱਚ ਗੱਡੀ ਤੈਰਨ ਵਾਂਗ ਚਲਦੀ ਹੈ। ਅਗਲਾ ਹਿੱਸਾ ਜਾਂ ਗੱਡੀ ਦਾ ਨੱਕ/ਮੂੰਹ ਲੰਬਾ, ਮੁਲਾਇਮ ਤੇ ਗੋਲ ਨੋਕ ਵਾਲਾ ਬਣਾਇਆ ਜਾਂਦਾ ਹੈ। ਡੱਬਿਆਂ ਅਤੇ ਇੰਜਣ ਦਾ ਹੇਠਲਾ ਪਾਸਾ ਟਰੈਕ ਦੇ ਵਧੇਰੇ ਨੇੜੇ ਰੱਖ ਕੇ ਹਵਾ ਦੀ ਰਗੜ ਦਾ ਅਸਰ ਘਟਾਇਆ ਜਾਂਦਾ ਹੈ। ਗੱਡੀ ਦੇ ਡੱਬੇ ਬਣਾਉਣ ਲਈ ਐਲੂਮੀਨੀਅਮ ਦੀ ਮਿਸ਼ਰਤ ਧਾਤ ਦੇ ਖੋਖਲੇ ਪੈਟਰਨ ਵਰਤੇ ਜਾਂਦੇ ਹਨ। ਇਹ ਮਿਸ਼ਰਤ ਧਾਤ ਮਜ਼ਬੂਤ, ਜੰਗ-ਰੋਧਕ ਅਤੇ ਕਾਂਬੇ ਉੱਤੇ ਕਾਬੂ ਪਾਉਣ ਪੱਖੋਂ ਬਹੁਤ ਲਾਹੇਵੰਦ ਸ਼ੈਅ ਹੈ।

ਉੱਚੀ ਰਫ਼ਤਾਰ ਵਾਲੀਆਂ ਗੱਡੀਆਂ ਭਾਫ਼ ਜਾਂ ਤੇਲ ਦੀ ਥਾਂ ਬਿਜਲੀ ਨਾਲ ਚਲਦੀਆਂ ਹਨ। ਇਨ੍ਹਾਂ ਨਾਲ ਕਾਰਜਕੁਸ਼ਲਤਾ ਵਧਦੀ ਅਤੇ ਵਾਤਾਵਰਨ ਪ੍ਰਦੂਸ਼ਣ ਘੱਟ ਹੁੰਦਾ ਹੈ। ਗੱਡੀ ਦੀ ਛੱਤ ਉਪਰ ਰਤਾ ਉੱਚੀ ਵਿਛੀ ਬਿਜਲੀ ਦੀ ਤਾਰ ਤੋਂ ਪੈਟੋਗਰਾਫ ਨਾਲ ਬਿਜਲੀ ਲਈ ਜਾਂਦੀ ਹੈ। ਸਾਧਾਰਨ ਰੇਲਗੱਡੀ ਵਿੱਚ ਬਰੇਕ ਲਾਉਣ ਵੇਲੇ ਊਰਜਾ ਗਰਮੀ ਵਜੋਂ ਖ਼ਤਮ ਹੁੰਦੀ ਹੈ। ਕਿਸੇ ਕੰਮ ਨਹੀਂ ਆ ਸਕਦੀ। ਉੱਚ ਰਫ਼ਤਾਰ ਰੇਲਗੱਡੀਆਂ ਵਿੱਚ ਰੀਜੈਨਰੇਟਿਵ ਬਰੇਕ ਪ੍ਰਬੰਧ ਹੁੰਦਾ ਹੈ। ਇਸ ਪੁਨਰ-ਉਤਪਾਦਕ ਪ੍ਰਬੰਧ ਵਿੱਚ ਚੱਲ ਰਹੀ ਰੇਲਗੱਡੀ ਦੀ ਯਾਂਤਰਿਕ ਊਰਜਾ ਬਰੇਕ ਲਾਉਣ ਵੇਲੇ ਬਿਜਲਈ ਊਰਜਾ ਵਿੱਚ ਬਦਲ ਜਾਂਦੀ ਹੈ ਜੋ ਮੁੜ ਵਰਤੀ ਜਾ ਸਕਦੀ ਹੈ। ਇਹੀ ਨਹੀਂ ਬਰੇਕਾਂ ਲਈ ਇਨ੍ਹਾਂ ਵਿੱਚ ਗਰੇਫਾਈਟ ਮੈਟਲ ਪਾਊਡਰ ਜਾਂ ਸਾਧਾਰਨ ਧਾਤ ਰੇਸ਼ਿਆਂ ਦੀ ਥਾਂ ਕਾਰਬਨ-ਫਾਈਬਰ ਕੰਪੋਜ਼ਿਟ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਮਜ਼ਬੂਤ, ਹਲਕਾ ਤੇ ਸੇਕ-ਪ੍ਰਤੀਰੋਧੀ ਹੁੰਦਾ ਹੈ।

ਸੁਰੱਖਿਆ ਵਧਾਉਣ ਲਈ ਬੁਲੇਟ ਟਰੇਨ ਵਿੱਚ ਕੈਬ ਸਿਗਨਲ ਪ੍ਰਬੰਧ ਦੀ ਵਰਤੋਂ ਕੀਤੀ ਜਾਂਦੀ ਹੈ। ਰੇਲਗੱਡੀ ਦੇ ਅੰਦਰੋਂ ਹੀ ਸਿਗਨਲ ਪ੍ਰਬੰਧ ਨਾਲ ਕੰਟਰੋਲ ਕੀਤੇ ਜਾਂਦੇ ਹਨ। ਫਾਟਕ/ ਸਿਗਨਲ ਦੀ ਰੁਕਾਵਟ ਸਮੇਂ ਇਹ ਗੱਡੀਆਂ ਆਟੋਮੈਟਿਕ ਰੂਪ ਵਿੱਚ ਹੀ ਹੌਲੀ ਹੋ ਜਾਂਦੀਆਂ ਹਨ ਅਤੇ ਰੁਕ ਵੀ ਜਾਂਦੀਆਂ ਹਨ ਤਾਂ ਕਿ ਹਾਦਸਿਆਂ ਤੋਂ ਬਚਾਅ ਹੋ ਸਕੇ। ਪਰ ਹਾਦਸੇ ਫਿਰ ਵੀ ਵਾਪਰ ਜਾਂਦੇ ਹਨ। ਤੇਜ਼ ਗਤੀ ਕਾਰਨ ਇਨ੍ਹਾਂ ਵਿੱਚ ਜਾਨੀ ਨੁਕਸਾਨ ਕੁਦਰਤੀ ਹੀ ਜ਼ਿਆਦਾ ਹੁੰਦਾ ਹੈ। 3 ਜੂਨ, 1998 ਨੂੰ ਜਰਮਨੀ ਵਿੱਚ ਇੰਟਰਸਿਟੀ ਐਕਸਪ੍ਰੈਸ ਦੇ ਹਾਦਸੇ ਵਿੱਚ 101 ਵਿਅਕਤੀ ਮਾਰੇ ਗਏ ਅਤੇ ਇੰਨੇ ਹੀ ਜ਼ਖ਼ਮੀ ਵੀ ਹੋਏ। ਰੇਲਗੱਡੀ ਦਾ ਇੱਕ ਪਹੀਆ ਚੱਲ-ਚੱਲ ਕੇ ਕਰੈਕ ਹੋ ਚੁੱਕਾ ਸੀ। ਉਸ ਕਾਰਨ ਇਸ ਬੁਲੇਟ ਟਰੇਨ ਦਾ ਇਹ ਹਾਦਸਾ ਹੋਇਆ। 24 ਜੁਲਾਈ, 2003 ਨੂੰ ਸਪੇਨ ਵਿੱਚ ਹੋਏ ਬੁਲੇਟ ਟਰੇਨ ਹਾਦਸੇ ਵਿੱਚ 79 ਵਿਅਕਤੀ ਮੌਤ ਦੇ ਮੂੰਹ ਵਿੱਚ ਜਾ ਪਏ ਅਤੇ 140 ਬੁਰੀ ਤਰ੍ਹਾਂ ਜ਼ਖ਼ਮੀ ਹੋਏ ਸਨ। ਕਾਰਨ ਇੱਕ ਮੋੜ ਉੱਤੇ ਲੋੜ ਤੋਂ ਵੱਧ ਰਫ਼ਤਾਰ ਸੀ। 23 ਜੁਲਾਈ, 2011 ਨੂੰ ਚੀਨ ਵਿੱਚ ਬੁਲੇਟ ਟਰੇਨਾਂ ਸਿਗਨਲ ਦੀ ਗਲਤੀ ਕਾਰਨ ਟਕਰਾ ਗਈਆਂ। ਇਸ ਵਿੱਚ 40 ਵਿਅਕਤੀ ਮਾਰੇ ਅਤੇ 200 ਦੇ ਕਰੀਬ ਜ਼ਖ਼ਮੀ ਹੋਏ। ਇੰਜ ਹੀ 17 ਜੁਲਾਈ, 2014 ਨੂੰ ਫਰਾਂਸ ਵਿੱਚ ਇੱਕ ਬੁਲੇਟ ਟਰੇਨ ਨੂੰ ਪਿੱਛੋਂ ਪਸੈਂਜਰ ਗੱਡੀ ਨੇ ਆ ਟੱਕਰ ਮਾਰੀ ਅਤੇ 40 ਵਿਅਕਤੀ ਮਾਰੇ ਗਏ।



ਬੁਲੇਟ ਟਰੇਨ ਨੂੰ ਚਲਾਉਣ ਵਾਲੇ ਪ੍ਰਬੰਧ ਵੀ ਸਾਧਾਰਨ ਰੇਲਗੱਡੀ ਤੋਂ ਰਤਾ ਵੱਖਰੇ ਹੁੰਦੇ ਹਨ। ਆਮ ਰੇਲਗੱਡੀ ਵਿੱਚ ਟਰੈਕਸ਼ਨ ਮੋਟਰਾਂ ਇੰਜਣ ਦੇ ਐਕਸਲ ਨਾਲ ਜੋੜੀਆਂ ਜਾਂਦੀਆਂ ਹਨ। ਕਿਸੇ ਹੋਰ ਡੱਬੇ ਨਾਲ ਕੋਈ ਟਰੈਕਸ਼ਨ ਮੋਟਰ ਨਹੀਂ ਹੁੰਦੀ। ਸਾਰੇ ਡੱਬੇ ਇੰਜਣ ਹੀ ਖਿੱਚਦਾ ਹੈ। ਬੁਲੇਟ ਟਰੇਨਾਂ ਵਿੱਚ ਵੱਡੀਆਂ ਇਕ-ਦੋ ਟਰੈਕਸ਼ਨ ਮੋਟਰਾਂ ਇੰਜਣ ਨਾਲ ਲਾਉਣ ਦੀ ਥਾਂ ਹਰ ਡੱਬੇ ਦੀ ਐਕਸਲ ਨਾਲ ਛੋਟੀ ਟਰੈਕਸ਼ਨ ਮੋਟਰ ਲਾਈ ਜਾਂਦੀ ਹੈ। ਇਸ ਕਰਕੇ ਬੁਲੇਟ ਟਰੇਨ ਦੇ ਡੱਬੇ ਜਾਂ ਇੰਜਣ ਵੱਖ ਕਰ ਕੇ ਹੋਰ ਰੇਲਗੱਡੀਆਂ ਨਾਲ ਜੋੜਨੇ ਸੰਭਵ ਨਹੀਂ ਹੁੰਦੇ। ਰਵਾਇਤੀ ਇੰਜਣ ਦੀ ਥਾਂ ਸਾਰੇ ਡੱਬੇ ਆਪਣੇ ਚੱਲਣ ਦਾ ਪ੍ਰਬੰਧ ਆਪੇ ਕਰਦੇ ਹਨ। ਇੰਜ ਕਰਨਾ ਚੰਗਾ ਸਮਝਿਆ ਜਾਂਦਾ ਹੈ ਪਰ ਹਰ ਬੁਲੇਟ ਟਰੇਨ ਦਾ ਲਾਜ਼ਮੀ ਰੂਪ ਵਿੱਚ ਅਜਿਹਾ ਪ੍ਰਬੰਧ ਹੋਣਾ ਜ਼ਰੂਰੀ ਨਹੀਂ ਹੈ। ਇੰਜਣ ਅਤੇ ਕੁਝ ਹੋਰ ਡੱਬਿਆਂ ਵਿੱਚ ਟਰੈਕਸ਼ਨ ਮੋਟਰਾਂ ਲੱਗ ਸਕਦੀਆਂ ਹਨ। ਕਈ ਵਾਰ ਰੇਲਗੱਡੀ ਦੇ ਅਗਲੇ ਤੋਂ ਆਖ਼ਰੀ ਡੱਬਿਆਂ ਨਾਲ ਟਰੈਕਸ਼ਨ ਮੋਟਰ ਲਾ ਦਿੱਤੀ ਜਾਂਦੀ ਹੈ। ਡਿਜ਼ਾਈਨਰ ਆਪਣੀ ਇੱਛਾ ਤੇ ਸਹੂਲਤ ਮੁਤਾਬਕ ਇਸ ਪ੍ਰਬੰਧ ਦੀ ਵਿਉਂਤ ਕਰਦੇ ਹਨ। ਬੁਲੇਟ ਟਰੇਨ ਦਾ ਇੱਕ ਹੋਰ ਰੂਪ ਚੁੰਬਕੀ ਚਾਲਣ ਪ੍ਰਬੰਧ ਦੀ ਵਰਤੋਂ ਕਰਦਾ ਹੈ। ਇਸ ਪ੍ਰਬੰਧ ਨੂੰ ਮੈਗਨੈਟਿਕ ਲੈਵੀਟੇਸ਼ਨ ਕਹਿੰਦੇ ਹਨ ਅਤੇ ਵਿਧੀ ਨੂੰ ਸੰਖੇਪ ਵਿੱਚ ਮੈਗਲੈਵ। ਅਜਿਹੀਆਂ ਰੇਲਗੱਡੀਆਂ ਵਿੱਚ ਆਮ ਗੱਡੀਆਂ ਵਰਗੇ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਹਾਦਸਿਆਂ | :ਦੁਰਘਟਨਾਵਾਂ |
| ਜਾਨੀ | :ਜਾਨ ਨਾਲ ਸਬੰਧਤ |
| ਕੁਦਰਤੀ | :ਆਮ ਤੌਰ 'ਤੇ, ਸੁਭਾਵਕ |
| ਲੋੜ | :ਜ਼ਰੂਰਤ |
| ਰਤਾ | :ਥੋੜ੍ਹਾ ਜਿਹਾ, ਮਾਮੂਲੀ ਜਿਹਾ |
| ਟਰੈਕਸ਼ਨ | :ਮੋਟਰ ਆਦਿ ਦੀ ਖਿਚਾਈ, ਜਕੜ |
| ਲਾਜ਼ਮੀ | :ਜ਼ਰੂਰੀ |
| ਵਿਉਂਤ | :ਸਕੀਮ, ਯੋਜਨਾ |

### ਔਖੇ ਸ਼ਬਦਾਂ ਦੇ ਅਰਥ

ਮੁਢਲੇ : ਪਹਿਲੇ, ਸ਼ੁਰੂਆਤੀ
ਕਲਾਵੇ : ਪਕੜ, ਘੇਰੇ
ਵਿਧੀ : ਤਰੀਕਾ, ਕੰਮ, ਢੰਗ, ਜੁਗਤ
ਕਾਰਨਾਮਾ : ਕਰਤੱਵ, ਚੰਗਾ ਕੰਮ
ਔਸਤ : ਤਕਰੀਬਨ, ਆਮ ਤੌਰ 'ਤੇ
ਪਰ੍ਹਾਂ : ਦੂਰ
ਹਵਾ ਵਿੱਚ ਤਾਰੀ : ਹਵਾ ਵਿੱਚ ਉਡਣਾ

ਪਹੀਏ ਹੁੰਦੇ ਹੀ ਨਹੀਂ। ਬਿਨਾਂ ਪਹੀਆਂ ਦੀ ਗੱਡੀ ਟਰੈਕ ਉੱਤੇ ਚੁੰਬਕੀ ਸ਼ਕਤੀ ਨਾਲ ਜਿਵੇਂ ਤੈਰਦੀ ਹੈ। ਤੈਰਦੀ ਵੀ 300 ਕਿਲੋਮੀਟਰ ਪ੍ਰਤੀ ਘੰਟਾ ਦੀ ਉੱਚੀ ਰਫ਼ਤਾਰ ਉੱਤੇ ਹੈ। ਟਰੈਕ ਨਾਲ ਪਹੀਆਂ ਦੀ ਰਗੜ ਨਾ ਹੋਣ ਕਰਕੇ ਮੈਗਲੈਵ ਗੱਡੀਆਂ ਵਿੱਚ ਨਾ ਸ਼ੋਰ, ਨਾ ਰਗੜ/ਸੇਕ ਕਾਰਨ ਊਰਜਾ ਦਾ ਨੁਕਸਾਨ, ਨਾ ਘਸਾਈ ਜਾਂ ਟੁੱਟ-ਭੱਜ। ਇਸ ਲਈ ਮੁੱਢਲੇ ਖ਼ਰਚਿਆਂ ਪਿੱਛੋਂ ਚਲਾਉਣ ਅਤੇ ਮੁਰੰਮਤ ਤੇ ਸਾਂਭ-ਸੰਭਾਲ ਦੇ ਖ਼ਰਚੇ ਘਟ ਜਾਂਦੇ ਹਨ। ਸਾਧਾਰਨ ਰੇਲ ਟਰੈਕ ਦੀ ਥਾਂ ਮੈਗਲੈਵ ਦੇ ਟਰੈਕ ਗੱਡੀ ਦੇ ਹੇਠਲੇ ਪਾਸਿਆਂ ਨੂੰ ਕਲਾਵੇ ਵਿੱਚ ਲੈਣ ਵਾਲੇ ਗਾਈਡ-ਵੇਜ਼ ਦੇ ਰੂਪ ਵਿੱਚ ਵਿਛਾਏ ਜਾਂਦੇ ਹਨ।

ਮੈਗਲੈਵ ਵਿਧੀ ਨਾਲ ਪਹਿਲੀ ਰੇਲ 1984 ਵਿੱਚ ਇੰਗਲੈਂਡ ਵਿੱਚ ਚਲਾਈ ਗਈ। ਬਰਮਿੰਘਮ ਹਵਾਈ ਅੱਡੇ ਅਤੇ ਬਰਮਿੰਘਮ ਸਟੇਸ਼ਨ ਦੇ ਛੋਟੇ ਜਿਹੇ ਰਾਹ ਉੱਤੇ ਬੜੀ ਘੱਟ ਰਫ਼ਤਾਰ ਉੱਤੇ ਇਹ ਤਜ਼ਰਬਾ ਕੀਤਾ ਗਿਆ। ਰਫ਼ਤਾਰ ਸਿਰਫ਼ 40 ਕਿਲੋਮੀਟਰ ਪ੍ਰਤੀ ਘੰਟਾ ਸੀ। ਇਸ ਉਪਰੰਤ ਜਾਪਾਨ ਵਿੱਚ ਸੁਪਰਕੰਡਕਟਿੰਗ ਮੈਗਲੈਵ ਨਾਲ 581 ਕਿਲੋਮੀਟਰ ਤਕ ਦੀ ਹੈਰਾਨੀਜਨਕ ਰਫ਼ਤਾਰ ਸਾਲ 2003 ਵਿੱਚ ਹਾਸਲ ਕਰਨ ਦਾ ਕਾਰਨਾਮਾ ਕੀਤਾ ਗਿਆ। ਅਪ੍ਰੈਲ, 2004 ਤੋਂ ਚੀਨ ਵਿੱਚ ਲਾਂਗਯੈਗੋ ਰੋਡ ਸਟੇਸ਼ਨ ਤੋਂ ਪੂਡਾਂਗ ਹਵਾਈ ਅੱਡੇ ਤਕ ਜਰਮਨੀ ਵਿੱਚ ਬਣੀ ਟਰਾਂਸ-ਰੈਪਿਡ ਮੈਗਲੈਵ ਚੱਲ ਰਹੀ ਹੈ। ਇਸ ਨੂੰ ਨਵੰਬਰ, 2003 ਦੀ ਟੈਸਨ-ਰਨ ਵਿੱਚ ਪੰਜ ਸੌ ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਉੱਤੇ ਪਰਖਿਆ ਗਿਆ। ਸਾਧਾਰਨ ਹਾਲਤਾਂ ਵਿੱਚ ਇਸ ਦੀ ਔਸਤ ਰਫ਼ਤਾਰ 266 ਕਿਲੋਮੀਟਰ ਪ੍ਰਤੀ ਘੰਟਾ ਤਕ ਵੀ ਪਹੁੰਚ ਜਾਂਦੀ ਹੈ।

ਤਕਨਾਲੋਜੀ ਦੇ ਇਸ ਕਮਾਲ ਦਾ ਵਿਗਿਆਨਕ ਆਧਾਰ ਜਾਣਨ ਦੀ ਉਤਸੁਕਤਾ ਹੋਣੀ ਕੁਦਰਤੀ ਹੈ। ਅਸਲ ਵਿੱਚ ਮੈਗਲੈਵ ਗੱਡੀ ਚੁੰਬਕਾਂ ਦੇ ਇਸ ਸਰਲ ਸਿਧਾਂਤ ਉੱਤੇ ਆਧਾਰਿਤ ਹੈ ਕਿ ਇਹੋ ਜਿਹੇ ਚੁੰਬਕੀ ਧਰੁਵ (ਪੋਲ) ਇੱਕ-ਦੂਜੇ ਨੂੰ ਪਰ੍ਹਾਂ ਧੱਕਦੇ ਹਨ ਅਤੇ ਵਿਰੋਧੀ ਧਰੁਵ ਖਿੱਚਦੇ ਹਨ। ਗੱਡੀ ਅਤੇ ਟਰੈਕ ਦੇ ਚੁੰਬਕ ਚਾਹੇ ਇੱਕੋ ਜਿਹੇ ਧਰੁਵਾਂ ਮੁਤਾਬਕ ਸਾਹਮਣੇ ਆਉਣ ਅਤੇ ਚਾਹੇ ਵਿਰੋਧੀ ਧਰੁਵਾਂ ਵਜੋਂ, ਉਹ ਜੜੇ ਇੰਜ ਜਾਂਦੇ ਹਨ ਕਿ ਦੋਵੇਂ ਇੱਕ-ਦੂਜੇ ਨਾਲ ਚਿੰਬੜ ਨਾ ਜਾਣ। ਦੋਵਾਂ ਵਿੱਚ ਨਿਸ਼ਚਿਤ ਵਿੱਥ ਨਿਰੰਤਰ ਰਹੇ ਅਤੇ ਟਰੈਕ ਦੇ ਕਲਾਵੇ ਵਿੱਚ ਰੇਲਗੱਡੀ ਸੁਰੱਖਿਅਤ ਦੌੜੀ ਜਾਵੇ। ਚੱਲਦੀ/ਖੜ੍ਹੀ ਗੱਡੀ ਵਿੱਚ ਟਰੈਕ ਤੇ ਗੱਡੀ ਦੀ ਦੂਰੀ ਇੱਕ ਸੈਂਟੀਮੀਟਰ ਰਹਿੰਦੀ ਹੈ। ਬਿਜਲ-ਚੁੰਬਕੀ ਸਸਪੈਨਸ਼ਨ ਤਕਨਾਲੋਜੀ ਨਾਲ ਇਹ ਪ੍ਰਬੰਧ ਕੀਤਾ ਜਾਂਦਾ ਹੈ। ਗੱਡੀ ਦੇ ਹੇਠਲੇ ਪਾਸੇ ਦੇ ਗਾਈਡੈਂਸ ਚੁੰਬਕ ਟਰੈਕ ਦੇ ਗਾਈਡ-ਵੇ ਦੇ ਕਲਾਵੇ ਵਿੱਚ ਰਹਿੰਦੇ ਹਨ ਪਰ ਵਿੱਥ ਬਣਾ ਕੇ। ਜਰਮਨੀ ਦੀ ਇਲੈਕਟ੍ਰੋਮੈਗਨੈਟਿਕ ਸਸਪੈਨਸ਼ਨ ਤਕਨਾਲੋਜੀ ਚੁੰਬਕਾਂ ਦੇ ਵਿਰੋਧੀ ਧਰੁਵਾਂ ਨੂੰ ਵਰਤਦੀ ਹੈ। ਜਾਪਾਨ ਦੀ ਇਲੈਕਟ੍ਰੋਡਾਇਨੈਮਿਕ ਸੁਪਰ ਕੂਲਡ ਸੁਪਰ ਕੰਡਕਟਿੰਗ ਬਿਜਲੀ ਚੁੰਬਕ ਵਰਤ ਕੇ ਮੈਗਲੋਵ ਨੂੰ ਚਲਾਉਂਦੀ ਹੈ। ਇਸ ਪ੍ਰਬੰਧ ਵਿੱਚ ਰੇਲਗੱਡੀ ਅਤੇ ਟਰੈਕ ਵਿੱਚ ਵਿੱਥ ਦਸ ਸੈਂਟੀਮੀਟਰ ਹੁੰਦੀ ਹੈ। ਪੂਰੀ ਰਫ਼ਤਾਰ ਫੜਨ ਤੋਂ ਪਹਿਲਾਂ ਗੱਡੀ ਰਬੜ ਦੇ ਟਾਇਰਾਂ ਨਾਲ ਉਸੇ ਟਰੈਕ ਉੱਤੇ ਦੌੜਦੀ ਹੋਈ 100 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ

ਫੜਦੀ ਹੈ। ਇਸ ਪਿੱਛੋਂ ਇਸ ਦਾ ਮੈਗਲੈਵ ਪ੍ਰਬੰਧ ਇਸ ਨੂੰ ਹਵਾ ਵਿੱਚ ਤਾਰੀ ਲਾਉਣ ਲਾ ਦਿੰਦਾ ਹੈ।

ਤਕਨਾਲੋਜੀ ਦੇ ਖੇਤਰ ਵਿੱਚ ਕਮਾਲ ਦੀ ਸੀਮਾ ਨਹੀਂ। ਅਮਰੀਕਾ ਦਾ ਇੱਕ ਇੰਜੀਨੀਅਰ ਡੈਰਾਈਲ ਓਸਟਰ ਰਾਕੇਟ ਵਰਗੀ ਰਫ਼ਤਾਰ ਨਾਲ ਕਾਰ ਚਲਾਉਣ ਲਈ ਈ.ਟੀ. ਥਰੀ ਟੈਕਨਾਲੋਜੀ ਉੱਤੇ ਕੰਮ ਕਰ ਰਿਹਾ ਹੈ ਅਤੇ ਕਹਿੰਦਾ ਹੈ ਕਿ ਛੇਤੀ ਹੀ ਅਜਿਹੀ ਮੈਗਲੈਵ ਕਾਰ ਬਣਾ ਲਵਾਂਗਾ ਜੋ ਖ਼ਲਾਅ (ਵੈਕਿਊਮ) ਵਰਗੀ ਟਿਊਬ ਵਿੱਚ ਪੰਜ-ਸੱਤ ਹਜ਼ਾਰ ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਦੌੜੇਗੀ। ਯਾਨੀ ਇੱਕ ਘੰਟੇ ਵਿੱਚ ਲੰਡਨ ਤੋਂ ਨਿਊਯਾਰਕ ਅਤੇ ਦੋ ਘੰਟੇ ਵਿੱਚ ਨਿਊਯਾਰਕ ਤੋਂ ਪੇਇਚਿੰਗ ਪਹੁੰਚਾ ਦੇਵੇਗੀ।

## ਟਿੱਪਣੀ

ਲੇਖਕ ਨੇ ਉਪਰੋਕਤ ਲੇਖ ਵਿੱਚ ਬੁਲੇਟ ਟਰੇਨ ਦੀ ਤਕਨਾਲੋਜੀ ਤੇ ਉਸ ਦੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਦਿੱਤੀ ਹੈ। ਇਸ ਵਿਚ ਬੁਲੇਟ ਟਰੇਨ ਦੇ ਸਮੁੱਚੇ ਇਤਿਹਾਸ ਉੱਪਰ ਰੌਸ਼ਨੀ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਦੇ ਨਾਲ-ਨਾਲ ਵੱਖੋ-ਵੱਖਰੇ ਦੇਸ਼ਾਂ ਵਿੱਚ ਇਸ ਬਾਰੇ ਹੁੰਦੇ ਤਜ਼ਰਬੇ ਵੀ ਸਾਂਝੇ ਕੀਤੇ ਗਏ ਹਨ। ਖ਼ਾਸ ਤੌਰ 'ਤੇ ਬੁਲੇਟ ਟਰੇਨ ਦੀ ਗਤੀ ਜਾਂ ਰਫ਼ਤਾਰ ਬਾਰੇ ਜਾਣਕਾਰੀ ਦਿੱਤੀ ਗਈ ਹੈ। ਵਿਗਿਆਨ ਵਾਰਤਕ ਹੋਣ ਕਰਕੇ ਇਸ ਲੇਖ ਵਿੱਚ ਲੋੜ ਤੋਂ ਵੱਧ ਅੰਗਰੇਜ਼ੀ ਸ਼ਬਦਾਵਲੀ ਦੀ ਵਰਤੋਂ ਹੋਈ ਹੈ।

## ਅਭਿਆਸ

### 1. ਦੱਸੋ ਖਾਂ ਭਲਾ :

(i) ਬੁਲੇਟ ਟਰੇਨ ਸਭ ਤੋਂ ਪਹਿਲਾਂ ਕਿੱਥੇ ਸ਼ੁਰੂ ਹੋਈ ?
(ii) ਭਾਰਤ ਵਿੱਚ ਬੁਲੇਟ ਟਰੇਨ ਦੀ ਸੋਚ ਕਦੋਂ ਸ਼ੁਰੂ ਹੋਈ ?
(iii) ਬੁਲੇਟ ਟਰੇਨ ਦੀ ਰਫ਼ਤਾਰ ਬਾਰੇ ਤੁਸੀਂ ਕੀ ਜਾਣਦੇ ਹੋ ?
(iv) ਬੁਲੇਟ ਟਰੇਨ ਦੀ ਸੁਰੱਖਿਆ ਦੇ ਕੀ ਤਰੀਕੇ ਹਨ ?
(v) ਬੁਲੇਟ ਟਰੇਨ ਦੀ ਦੁਰਘਟਨਾ ਦੇ ਸਿੱਟਿਆਂ ਬਾਰੇ ਲਿਖੋ।

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ

(i) ਕੀ ਤੁਸੀਂ ਕਦੇ ਤੇਜ਼-ਰਫ਼ਤਾਰ ਰੇਲਗੱਡੀ ਵਿੱਚ ਸਫ਼ਰ ਕੀਤਾ ਹੈ ? ਉਸ ਸਫ਼ਰ ਦੇ ਅਨੁਭਵ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।
(ii) ਕੀ ਤੁਸੀਂ ਆਪ ਕੋਈ ਤਜ਼ਰਬਾ/ਪ੍ਰਯੋਗ ਕਰਦੇ ਹੋ ? ਕਿਸੇ ਅਜਿਹੇ ਪ੍ਰਯੋਗ ਦੇ ਸਿੱਟਿਆਂ ਬਾਰੇ ਜਾਣਕਾਰੀ ਦਿਉ।
(iii) ਕੀ ਤੁਸੀਂ ਕਦੇ ਰੇਲਗੱਡੀ ਵਿੱਚ ਸਫ਼ਰ ਕਰਨ ਦੀ ਜ਼ਿੱਦ ਕੀਤੀ ਹੈ ? ਘਰ ਵਿੱਚ ਆਪਣੇ ਮਾਂ-ਬਾਪ ਨਾਲ ਹੋਈ ਬਹਿਸ ਨੂੰ ਗੱਲਬਾਤ ਦੇ ਅੰਦਾਜ਼ ਵਿੱਚ ਲਿਖੋ।

(iv) ਭਾਰਤੀ ਰੇਲਵੇ ਦੀ ਸਮਾਂ-ਸਾਰਣੀ ਅਤੇ ਇਸ ਦੇ ਅਸੂਲਾਂ ਤੇ ਨਿਰਦੇਸ਼ਾਂ ਨੂੰ ਦਰਸਾਉਂਦਾ ਇੱਕ ਪ੍ਰੋਜੈਕਟ ਤਿਆਰ ਕਰੋ।

(v) ਭਾਰਤ ਵਿੱਚ ਬੁਲੇਟ ਟਰੇਨ ਦੇ ਭਵਿੱਖ ਬਾਰੇ ਇਸ ਦੇ ਹੱਕ ਤੇ ਵਿਰੋਧ ਵਿੱਚ ਦਲੀਲਾਂ ਵਾਲਾ ਇੱਕ ਚਾਰਟ ਬਣਾਉ।

### ੲ. ਪਾਠ ਦੇ ਆਧਾਰ 'ਤੇ ਠੀਕ ( ✔ ) ਜਾਂ ਗ਼ਲਤ ( ✖ ) ਦਾ ਨਿਸ਼ਾਨ ਬਣਾਉ :

(i) ਬੁਲੇਟ ਟਰੇਨ ਚਲਾਉਣ ਲਈ ਫਾਟਕਾਂ ਨੂੰ ਬੰਦ ਕਰਨ ਦਾ ਕੋਈ ਝੰਜਟ ਨਹੀਂ ਹੁੰਦਾ। ☐

(ii) 3 ਜੁਲਾਈ, 2014 ਨੂੰ ਦਿੱਲੀ-ਆਗਰਾ ਵਿਚਕਾਰ ਪਹਿਲੀ ਤੇਜ਼ 'ਟਰੇਨ' ਚੱਲੀ। ☐

(iii) ਤੇਜ਼ ਰਫ਼ਤਾਰ ਵਾਲੀਆਂ ਗੱਡੀਆਂ ਬਿਜਲੀ ਨਾਲ ਨਹੀਂ ਚੱਲ ਸਕਦੀਆਂ। ☐

(iv) ਬੁਲੇਟ ਟਰੇਨ ਦੇ ਪਹੀਏ ਆਮ ਗੱਡੀ ਵਰਗੇ ਨਹੀਂ ਹੁੰਦੇ। ☐

(v) ਸੁਰੱਖਿਆ ਵਧਾਉਣ ਲਈ ਕੈਬ ਸਿਗਨਲ ਪ੍ਰਬੰਧ ਦੀ ਵਰਤੋਂ ਹੁੰਦੀ ਹੈ। ☐

### ਸ. ਖਾਲੀ ਥਾਵਾਂ ਭਰੋ :

| ਵੱਖਰਾ | ਊਰਜਾ |
|---|---|
| ਪ੍ਰਬੰਧ | |
| ਰਫ਼ਤਾਰ | ਚੁੰਬਕੀ |

(i) ਸਾਧਾਰਨ ਰੇਲਗੱਡੀ ਵਿੱਚ ਬਰੇਕ ਲਾਉਣ ਸਮੇਂ ... ਗਰਮੀ ਵਜੋਂ ਖ਼ਤਮ ਹੁੰਦੀ ਹੈ।

(ii) ਬੁਲੇਟ ਟਰੇਨ ਦਾ ਪ੍ਰਬੰਧ ਆਮ ਗੱਡੀ ਨਾਲੋਂ ... ਹੁੰਦਾ ਹੈ।

(iii) ਤੇਜ਼ ਤਰਾਰ ਰੇਲਗੱਡੀਆਂ ਵਿੱਚ ਰੀਜਨਰੇਟਿਵ ਬਰੇਕ ਦਾ ... ਹੁੰਦਾ ਹੈ।

(iv) 2003 ਵਿੱਚ 581 ਕਿਲੋਮੀਟਰ ਤੱਕ ਦੀ ਹੈਰਾਨੀਜਨਕ ... ਦਾ ਤਜ਼ਰਬਾ ਕੀਤਾ ਗਿਆ।

(v) ਬੁਲੇਟ ਟਰੇਨ ਦੇ ਪਹੀਏ ... ਚਾਲਣ ਪ੍ਰਬੰਧ ਨਾਲ ਚਲਦੇ ਹਨ।

### ਹ. ਵਾਕ ਬਣਾਉ :

(i) ਰਫ਼ਤਾਰ ... ... ... ...

(ii) ਟਰੈਕ ... ... ... ...

(iii) ਮੁਰੰਮਤ ... ... ... ...

(iv) ਸਟੇਸ਼ਨ ... ... ... ...